ਤਬਦੀਲੀ ਪਸੰਦ ਨੌਜਵਾਨਾਂ ਦੀ ਲਲਕਾਰ

ਸਾਲ-1 ਅੰਕ-3 • ਮਾਸਿਕ • ਅਪ੍ਰੈਲ 2012

₹ 10





ਫਾਸੀਵਾਦ ਸਰਗਰਮ ਹੈ !!

ਗੁਜਰਾਤ ਦੰਗੇ
ਦਸ ਸਾਲ ਬੀਤ ਜਾਣ 'ਤੇ ਵੀ
ਇਨਸਾਫ਼ ਦਾ ਕੋਈ ਨਿਸ਼ਾਨ ਨਹੀਂ



ਲੈਨਿਨ ਦੇ ਜਨਮਦਿਨ 22 ਅਪ੍ਰੈਲ ਦੇ ਮੌਕੇ 'ਤੇ ਵਿਸ਼ੇਸ਼

ਪੈਰਾਂ ਹੇਠ ਕੁਚਲੇ ਗਏ ਅਜ਼ਾਦੀ ਦੇ ਫੁੱਲ
ਅੱਜ ਨਸ਼ਟ ਹੋ ਗਏ ਹਨ
ਹਨੇਰੇ ਦੇ ਸਵਾਮੀ ਰੌਸ਼ਨੀ ਦੀ ਦੁਨੀਆਂ ਦਾ ਖੌਫ਼ ਦੇਖ
ਖੁਸ਼ ਹਨ
ਪਰ ਉਸ ਫੁੱਲ ਦੇ ਫ਼ਲ ਨੇ
ਪਨਾਹ ਲਈ ਹੈ ਜਨਮ ਦੇਣ ਵਾਲ਼ੀ ਮਿੱਟੀ ਵਿੱਚ,
ਮਾਂ ਦੇ ਗਰਭ 'ਚ,
ਅੱਖੋਂ ਓਹਲੇ ਡੂੰਘੇ ਰਹੱਸ ਵਿੱਚ,
ਵਚਿੱਤਰ ਉਸ ਕਣ ਨੇ ਖੁਦ ਨੂੰ ਜਿਉਂਦਾ ਰੱਖਿਆ ਹੈ
ਮਿੱਟੀ ਉਸ ਨੂੰ ਤਾਕਤ ਦੇਵੇਗੀ, ਮਿੱਟੀ ਉਸ ਨੂੰ ਗਰਮੀ ਦੇਵੇਗੀ,
ਉੱਗੇਗਾ ਉਹ ਇੱਕ ਨਵਾਂ ਜਨਮ ਲੈ ਕੇ
ਨਵੀਂ ਅਜ਼ਾਦੀ ਦਾ ਬੀਜ ਉਹ ਲਿਆਵੇਗਾ
ਪਾੜ ਦੇਵੇਗਾ ਬਰਫ਼ ਦੀ ਚਾਦਰ ਉਹ ਵਿਸ਼ਾਲ ਰੁੱਖ
ਲਾਲ ਪੱਤਿਆਂ ਨੂੰ ਫੈਲਾਕੇ ਉਹ ਉੱਠੇਗਾ
ਦੁਨੀਆਂ ਨੂੰ ਰੌਸ਼ਨ ਕਰੇਗਾ
ਸਾਰੀ ਦੁਨੀਆਂ ਨੂੰ, ਲੋਕਾਂ ਨੂੰ
ਆਪਣੀ ਛਾਵੇਂ ਇਕੱਠਾ ਕਰੇਗਾ

— ਲੈਨਿਨ

'ਲਲਕਾਰ' ਬਾਰੇ ਕੁੱਝ ਮਹੱਤਵਪੂਰਨ ਨੁਕਤੇ

➢ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ 'ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜਿਉਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। "ਲਲਕਾਰ" ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। "ਲਲਕਾਰ" ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➢ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੂੰਖ 'ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿੱਚ ਅੱਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੰਢਾ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ 'ਲਲਕਾਰ' ਦਾ ਬੇਖੌਫ਼ ਐਲਾਨ ਹੈ।

ਇਸ ਅੰਕ 'ਚ

ਤਬਦੀਲੀ ਪਸੰਦ ਨੌਜਵਾਨਾਂ ਦੀ ਲਲਕਾਰ

ਸਾਲ 1, ਅੰਕ 3
ਅਪ੍ਰੈਲ 2012

ਸੰਪਾਦਕ
ਲਖਵਿੰਦਰ ਸਿੰਘ

ਇੱਕ ਕਾਪੀ ਦਾ ਮੁੱਲ
ਦਸ ਰੁਪਏ
ਸਾਲਾਨਾ ਚੰਦਾ
120 ਰੁਪਏ
(ਡਾਕ ਰਾਹੀਂ 150 ਰੁਪਏ)

ਸੰਪਾਦਕੀ ਦਫ਼ਤਰ : ਮੁਹੱਲਾ ਜੱਸੜਾਂ, ਨੇੜੇ ਬੀ.ਐੱਸ.ਐੱਨ.ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜ਼ਿਲ੍ਹਾ - ਫਤਿਹਗੜ੍ਹ ਸਾਹਿਬ-140406, ਪੰਜਾਬ।
ਫੋਨ ਨੰ. - 9646150249 **ਈਮੇਲ:** lalkaar08@rediffmail.com

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਅਤੇ ਸੰਪਾਦਕ ਲਖਵਿੰਦਰ ਸਿੰਘ ਦੁਆਰਾ ਸੈਂਟੋ ਪ੍ਰਿੰਟਰਜ਼, ਜੋਸ਼ੀ ਐਸਟੇਟ, ਨੇੜੇ ਟਾਂਡਾ ਰੇਲਵੇ ਫਾਟਕ, ਜਲੰਧਰ, ਪੰਜਾਬ ਤੋਂ ਛਪਵਾ ਕੇ ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜ਼ਿਲ੍ਹਾ - ਫਤਿਹਗੜ੍ਹ ਸਾਹਿਬ-140406, ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

आपणी गॱल

ਆਪਣੀ ਗੱਲ

ਕੇਂਦਰ ਸਰਕਾਰ ਦਾ ਬਜਟ 2012-13

ਅਮੀਰਾਂ ਨੂੰ ਗੱਫੇ, ਗਰੀਬਾਂ ਨੂੰ ਧੱਫੇ

ਕਾਂਗਰਸ ਦੀ ਅਗਵਾਈ ਵਾਲ਼ੀ ਸੰਯੁਕਤ ਪ੍ਰਗਤੀਸ਼ੀਲ ਗੱਠਜੋੜ ਦੀ ਸਰਕਾਰ ਨੇ 16 ਮਾਰਚ 2012 ਨੂੰ ਆਪਣੇ ਦੂਸਰੇ ਕਾਰਜਕਾਲ ਦਾ ਤੀਸਰਾ ਬਜਟ ਪੇਸ਼ ਕੀਤਾ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਬਜਟ ਵਿੱਚ ਦੇਸੀ-ਵਿਦੇਸ਼ੀ ਸਰਮਾਏਦਾਰਾਂ ਨੂੰ ਵੱਡੀਆਂ ਰਾਹਤਾਂ ਦਿੱਤੀਆਂ ਗਈਆਂ ਅਤੇ ਗਰੀਬੀ, ਬੇਰੁਜ਼ਗਾਰੀ ਅਤੇ ਮਹਿੰਗਾਈ ਦੀ ਚੱਕੀ ਵਿੱਚ ਪਿਸ ਰਹੇ ਇਸ ਦੇਸ਼ ਦੇ ਕਿਰਤੀ ਲੋਕਾਂ ਉੱਪਰ ਮਣਾਂ ਮੂੰਹੀਂ ਬੋਝ ਲੱਦ ਦਿੱਤਾ ਗਿਆ ਹੈ। ਇਸ ਬਜਟ ਜ਼ਰੀਏ ਸਰਕਾਰ ਨੇ ਸਰਮਾਏਦਾਰ ਜਮਾਤ ਦੀ ਮੈਨੇਜਿੰਗ ਕਮੇਟੀ ਦੀ ਭੂਮਿਕਾ ਬਾਖੂਬੀ ਨਿਭਾਉਣ ਦੀ ਕੋਸ਼ਿਸ਼ ਕੀਤੀ ਹੈ। ਸਰਕਾਰ ਦੇ ਹਰ ਬਜਟ ਦਾ ਇੱਕੋ ਇੱਕ ਉਦੇਸ਼ ਹੁੰਦਾ ਹੈ ਸਰਮਾਏਦਾਰ ਜਮਾਤ ਦੇ ਹਿੱਤਾਂ ਦੀ ਹਿਫ਼ਾਜਤ ਕਰਨਾ ਅਤੇ ਉਨ੍ਹਾਂ ਨੂੰ ਅੱਗੇ ਵਧਾਉਣਾ, ਇਸ ਵਾਰ ਵੀ ਇਹੋ ਹੋਇਆ ਹੈ।

ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ 1991 ਤੋਂ ਸ਼ੁਰੂ ਹੋਏ ਆਰਥਿਕ ਸੁਧਾਰਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਇੱਕ ਵਾਰ ਫੇਰ ਦੁਹਰਾਇਆ ਹੈ। ਇਸ ਵਚਨਬੱਧਤਾ ਨੂੰ ਨਿਭਾਉਣ ਲਈ ਸਰਕਾਰ ਸਾਹਮਣੇ ਦੂਹਰਾ ਕਾਰਜ ਦਰਪੇਸ਼ ਹੈ। **ਇੱਕ** ਹੈ ਭਾਰਤੀ ਅਰਥਚਾਰੇ ਦਾ ਤੇਜ਼ ਰਫ਼ਤਾਰ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਕਰਨ ਦਾ। ਉਦਾਰੀਕਰਨ ਤੋਂ ਭਾਵ ਹੈ ਭਾਰਤੀ ਅਰਥਚਾਰੇ ਦੇ ਬੂਹੇ ਵੱਧ ਤੋਂ ਵੱਧ ਵਿਦੇਸ਼ੀ ਪੂੰਜੀ ਲਈ ਖੋਲ੍ਹਦੇ ਜਾਣਾ ਅਤੇ ਕਿਰਤ ਕਨੂੰਨਾਂ 'ਚ ਸਰਮਾਏਦਾਰ ਜਮਾਤ ਪੱਖੀ ਬਦਲਾਅ ਕਰਨਾ, ਨਿੱਜੀਕਰਨ ਦਾ ਭਾਵ ਹੈ ਪਬਲਿਕ ਸੈਕਟਰ ਦੀਆਂ ਸਨਅਤਾਂ ਅਤੇ ਹੋਰ ਅਦਾਰੇ ਕੌਡੀਆਂ ਦੇ ਭਾਅ ਦੇਸੀ-ਵਿਦੇਸ਼ੀ ਸਰਮਾਏਦਾਰਾਂ ਨੂੰ ਸੌਂਪਣਾ, ਸੰਸਾਰੀਕਰਨ ਦਾ ਭਾਵ ਹੈ ਭਾਰਤੀ ਅਰਥਚਾਰੇ ਨੂੰ ਵੱਧ ਤੋਂ ਵੱਧ ਸੰਸਾਰ ਸਰਮਾਏਦਾਰੀ ਪ੍ਰਬੰਧ ਨਾਲ਼ ਨੱਥੀ ਕਰਨਾ। ਸਰਕਾਰ ਸਾਹਵੇਂ **ਦੂਸਰਾ** ਕਾਰਜ ਹੈ ਬਜਟ ਘਾਟਾ ਘੱਟ ਕਰਨਾ। ਕੇਂਦਰ ਸਰਕਾਰ ਦਾ ਮੌਜੂਦਾ ਬਜਟ ਆਪਸ ਵਿੱਚ ਜੁੜਵੇਂ ਇਨ੍ਹਾਂ ਦੋਹਾਂ ਕਾਰਜਾਂ ਨੂੰ ਸੰਬੋਧਤ ਸੀ। ਸਰਕਾਰ ਦੀਆਂ ਇਨ੍ਹਾਂ ਨੀਤੀਆਂ ਨਾਲ਼ ਜਿੱਥੇ ਦੇਸੀ-ਵਿਦੇਸ਼ੀ ਸਰਮਾਏਦਾਰ ਮਾਲਾ-ਮਾਲ ਹੋਣਗੇ ਉੱਥੇ ਇਸ ਦੇਸ਼ ਦੇ ਕਿਰਤੀਆਂ-ਮਜ਼ਦੂਰਾਂ, ਗਰੀਬ ਅਤੇ ਨਿਮਨ ਮੱਧਵਰਗ ਦਾ ਜੀਣਾ ਹੋਰ ਵੀ ਦੁੱਭਰ ਹੋਵੇਗਾ। ਆਓ ਹੁਣ ਇਸ ਬਜਟ ਦੀਆਂ ਮੁੱਖ ਤਜ਼ਵੀਜ਼ਾਂ 'ਤੇ ਵਿਚਾਰ ਕਰਦੇ ਹਾਂ:

ਇਸ ਵਾਰ ਦੇ ਬਜਟ ਵਿੱਚ ਭਾਵੇਂ ਇਸ ਦੇਸ਼ ਦੇ ਵੱਡੇ ਸਰਮਾਏਦਾਰਾਂ ਨੂੰ ਕੋਈ ਵੱਡੀ ਟੈਕਸ ਰਾਹਤ ਨਹੀਂ ਦਿੱਤੀ ਗਈ (ਜਿਵੇਂ ਕਿ ਉਨ੍ਹਾਂ ਨੂੰ ਉਮੀਦ ਸੀ) ਪਰ ਉਨ੍ਹਾਂ ਉੱਪਰ ਕੋਈ ਨਵੇਂ ਟੈਕਸ ਵੀ ਨਹੀਂ ਲਾਏ ਗਏ ਅਤੇ ਪਹਿਲਾਂ ਤੋਂ ਉਨ੍ਹਾਂ ਨੂੰ ਮਿਲ਼ ਰਹੀਆਂ ਟੈਕਸ ਛੋਟਾਂ ਬਰਕਰਾਰ ਰੱਖੀਆਂ ਗਈਆਂ ਹਨ। ਇਸ ਵਾਰ ਹੋਰ ਟੈਕਸ ਛੋਟ ਨਾ ਮਿਲ਼ਣ 'ਤੇ ਇਸ ਦੇਸ਼ ਦੇ ਸਰਮਾਏਦਾਰ ਪ੍ਰਣਬ ਮੁਖਰਜੀ 'ਤੇ ਨਾਰਾਜ਼ ਵੀ ਹਨ। ਅਜਿਹਾ ਵੀ ਨਹੀਂ ਹੈ ਕਿ ਸਰਕਾਰ ਨੇ ਇਸ ਵਾਰ ਦੇ ਬਜਟ 'ਚ ਸਰਮਾਏਦਾਰਾਂ ਨੂੰ ਕੁਝ ਵੀ ਨਹੀਂ ਦਿੱਤਾ। ਸਰਕਾਰ ਨੇ ਵਿੱਤੀ ਪੂੰਜੀ ਖਾਸ ਕਰਕੇ ਵਿਦੇਸ਼ੀ ਵਿੱਤੀ ਪੂੰਜੀ ਨੂੰ ਫਾਇਦਾ ਪਹੁੰਚਾਉਣ ਲਈ ਸਟਾਕ ਬਜ਼ਾਰਾਂ ਵਿੱਚ ਹੋਣ ਵਾਲ਼ੇ ਲੈਣ ਦੇਣ 'ਤੇ ਲਗਾਏ ਜਾਣ ਵਾਲ਼ੇ ਟੈਕਸ ਉੱਪਰ 20% ਦੀ ਕਟੌਤੀ ਕਰ ਦਿੱਤੀ ਹੈ। ਇਹ ਟੈਕਸ ਪਹਿਲਾਂ ਹੀ ਬਹੁਤ ਮਾਮੂਲੀ (1.25 ਫੀਸਦੀ) ਸੀ ਜੋ ਕਿ ਹੁਣ 0.1ਫੀਸਦੀ ਰਹਿ ਜਾਵੇਗਾ। ਸਰਕਾਰ ਵੱਲੋਂ ਲਗਾਏ ਜਾਣ ਵਾਲ਼ੇ ਇਸ ਟੈਕਸ ਦਾ ਮਕਸਦ ਸਿਰਫ਼ ਧਨ ਇਕੱਠਾ ਕਰਨਾ ਹੀ ਨਹੀਂ ਸੀ, ਸਗੋਂ ਵਾਰ ਵਾਰ ਖਰੀਦ ਵੇਚ ਜ਼ਰੀਏ ਹੋਣ ਵਾਲ਼ੀ ਸੱਟੇਬਾਜ਼ੀ ਨੂੰ ਰੋਕਣਾ ਵੀ ਸੀ। ਇਹ ਟੈਕਸ ਘਟਾਏ ਜਾਣ 'ਤੇ ਸੱਟੇਬਾਜ਼ੀ ਨੂੰ ਹੁਲਾਰਾ ਮਿਲੇਗਾ। ਦੂਸਰਾ ਸਰਕਾਰ ਨੇ 10 ਲੱਖ ਸਲਾਨਾ ਤੋਂ ਘੱਟ ਆਮਦਨ ਵਾਲ਼ੇ ਮੱਧ ਵਰਗੀਆਂ ਨੂੰ ਸਟਾਕ ਬਜ਼ਾਰ ਵਿੱਚ ਨਿਵੇਸ਼ ਕਰਨ ਲਈ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਵਿੱਚ ਜੋ ਸਟਾਕ ਬਜ਼ਾਰ ਵਿੱਚ 50,000 ਰੁਪੈ ਤੱਕ ਨਿਵੇਸ਼ ਕਰੇਗਾ ਉਹ ਨਿਵੇਸ਼ਤ ਸਰਮਾਏ ਉੱਪਰ ਆਮਦਨ ਕਰ 'ਚ 50 ਫੀਸਦੀ ਛੋਟ

ਹਾਸਲ ਕਰਨ ਦੇ ਯੋਗ ਹੋਵੇਗਾ। ਇਸ ਤਰ੍ਹਾਂ ਸਟਾਕ ਬਜ਼ਾਰ 'ਚ ਨਿਵੇਸ਼ ਕਰਨ ਵਾਲ਼ੇ ਮੱਧ ਵਰਗੀ ਵੱਡੇ ਸਰਮਾਏ ਦੀ ਹੀ ਸੇਵਾ ਕਰਨਗੇ, ਕਿਉਂਕਿ ਇਸ ਤਰ੍ਹਾਂ ਵੱਡੇ ਸਰਮਾਏ ਨੂੰ ਸਟਾਕ ਬਜ਼ਾਰ 'ਚੋਂ ਸਰਮਾਇਆ ਇਕੱਤਰ ਕਰਨਾ ਅਸਾਨ ਹੋਵੇਗਾ।

2011-12 ਦੇ ਵਿੱਤੀ ਵਰ੍ਹੇ ਲਈ ਕੇਂਦਰ ਸਰਕਾਰ ਦਾ ਬਜਟ ਘਾਟਾ ਕੁੱਲ ਘਰੇਲੂ ਪੈਦਾਵਾਰ ਦਾ 5.9 ਫੀਸਦੀ ਸੀ ਜਦ ਕਿ ਸਰਕਾਰ ਦਾ ਟੀਚਾ ਇਸ ਨੂੰ 4.9 ਫੀਸਦੀ ਤੱਕ ਲਿਆਉਣ ਦਾ ਸੀ। 2012-13 ਦੇ ਵਿੱਤੀ ਵਰ੍ਹੇ ਲਈ ਸਾਰੇ ਬੰਨ੍ਹ ਸੁੱਭ ਦੇ ਬਾਵਜੂਦ ਇਹ ਘਾਟਾ 5.1 ਫੀਸਦੀ ਰਹਿਣ ਦਾ ਸਰਕਾਰੀ ਅਨੁਮਾਨ ਹੈ। ਸਰਕਾਰ ਇਸ ਘਾਟੇ ਨੂੰ ਵੱਧ ਤੋਂ ਵੱਧ ਘਟਾਉਣਾ ਚਾਹੁੰਦੀ ਹੈ। ਇਸ ਲਈ ਇਸ ਵਾਸਤੇ ਸਰਕਾਰ ਹਮੇਸ਼ਾ ਦੇਸੀ-ਵਿਦੇਸ਼ੀ ਸਰਮਾਏ ਦੇ ਦਬਾਅ ਹੇਠ ਰਹਿੰਦੀ ਹੈ। ਮੌਜੂਦਾ ਬਜਟ ਵਿੱਚ ਸਰਕਾਰ ਨੇ ਬਜਟ ਘਾਟੇ ਨੂੰ ਘੱਟ ਕਰਨ ਲਈ ਜੋ ਕਦਮ ਉਠਾਏ ਹਨ ਉਹ ਇਸ ਦੇਸ਼ ਦੇ ਕਿਰਤੀ ਲੋਕਾਂ ਨੂੰ ਬੁਰੀ ਤਰ੍ਹਾਂ ਨਪੀੜਨ ਵਾਲ਼ੇ ਹਨ।

ਸਰਕਾਰ ਨੇ ਜੋ ਸਭ ਤੋਂ ਪਹਿਲਾ ਕੁਕਰਮ ਕੀਤਾ ਹੈ ਉਹ ਹੈ ਐਕਸਾਈਜ਼ ਡਿਊਟੀ ਵਿੱਚ 2 ਫੀਸਦੀ ਵਾਧਾ। ਇਸ ਨੂੰ 12 ਫੀਸਦੀ ਤੋਂ 14 ਫੀਸਦੀ ਕਰ ਦਿੱਤਾ ਗਿਆ ਹੈ। ਨਤੀਜੇ ਵਜੋਂ ਕੇਂਦਰੀ ਐਕਸਾਈਜ਼ ਕਰਾਂ ਤੋਂ ਸਰਕਾਰੀ ਆਮਦਨ 150,075 ਕਰੋੜ ਤੋਂ ਵਧਕੇ 197,729 ਕਰੋੜ ਹੋਣ ਦਾ ਅਨੁਮਾਨ ਹੈ ਭਾਵ ਇੱਕ ਸਾਲ ਵਿੱਚ ਲਗਭਗ 30 ਫੀਸਦੀ ਤੱਕ ਇਜ਼ਾਫਾ। ਦੂਜੇ ਹੱਥ ਸਰਕਾਰ ਨੇ ਖਾਦਾਂ ਅਤੇ ਪੈਟਰੋਲੀਅਮ ਪਦਾਰਥਾਂ ਉੱਪਰ ਸਬਸਿਡੀ ਘਟਾਉਣ ਦਾ ਫੈਸਲਾ ਕੀਤਾ ਹੈ। 2011-12 ਲਈ ਸੋਧੇ ਹੋਏ ਅਨੁਮਾਨਾਂ ਮੁਤਾਬਕ ਖਾਦਾਂ ਉੱਪਰ ਸਰਕਾਰ 67,199 ਕਰੋੜ ਰੁਪੈ ਸਬਸਿਡੀ ਦਿੰਦੀ ਹੈ, ਜੋ ਕਿ 2012-13 'ਚ ਘਟ ਕੇ 60,974 ਕਰੋੜ ਰੁਪੈ ਰਹਿ ਜਾਵੇਗੀ। ਇਸ ਤਰ੍ਹਾਂ ਪੈਟਰੋਲੀਅਮ ਪਦਾਰਥਾਂ ਉੱਪਰ 2011-12 'ਚ 68,481 ਕਰੋੜ ਰੁਪੈ ਸਬਸਿਡੀ ਦਿੱਤੀ ਜਾਂਦੀ ਸੀ ਜੋ ਕਿ 2012-13 'ਚ ਘਟ ਕੇ 43,580 ਕਰੋੜ ਰੁਪੈ ਰਹਿ ਜਾਵੇਗੀ। ਬਜਟ ਘਾਟਾ ਘਟਾਉਣ ਅਤੇ ਵਾਧੂ ਧਨ ਇਕੱਤਰ ਕਰਨ ਲਈ ਸਰਕਾਰ ਨੇ ਇੱਕ ਹੋਰ ਫੈਸਲਾ ਵੀ ਲਿਆ ਹੈ। ਇਹ ਹੈ ਪਹਿਲਾਂ ਤੋਂ ਹੀ ਜਾਰੀ ਪਬਲਿਕ ਸੈਕਟਰ 'ਚੋਂ ਪੂੰਜੀ ਦੇ ਅਪਨਿਵੇਸ਼ ਦੇ ਪ੍ਰੋਗਰਾਮ ਨੂੰ ਜਾਰੀ ਰੱਖਣ ਅਤੇ ਤੇਜ਼ ਕਰਨ ਦਾ ਫੈਸਲਾ। 2011-12 ਦੇ ਬਜਟ ਵਿੱਚ ਸਰਕਾਰ ਨੇ ਅਪਨਿਵੇਸ਼ ਤੋਂ 40,000 ਕਰੋੜ ਰੁਪੈ ਇਕੱਤਰ ਕਰਨ ਦਾ ਟੀਚਾ ਮਿੱਥਿਆ ਸੀ ਪਰ 14,000 ਕਰੋੜ ਰੁਪੈ ਹੀ ਇਕੱਤਰ ਕਰ ਸਕੀ ਸੀ। ਇਸ ਬਜਟ ਵਿੱਚ ਸਰਕਾਰ ਨੇ ਅਪਨਿਵੇਸ਼ ਤੋਂ 30,000 ਕਰੋੜ ਰੁਪੈ ਇਕੱਤਰ ਕਰਨ ਦਾ ਟੀਚਾ ਮਿੱਥਿਆ ਹੈ।

ਇਸ ਨਾਲ਼ ਪਬਲਿਕ ਸੈਕਟਰ ਦੇ ਨਿੱਜੀਕਰਨ ਦੀ ਰਫ਼ਤਾਰ ਤੇਜ਼ ਕੀਤੀ ਜਾਵੇਗੀ। ਪਬਲਿਕ ਸੈਕਟਰ 'ਚੋਂ ਪੱਕੇ ਮੁਲਾਜ਼ਮਾਂ ਦੀ ਛਾਟੀਆਂ ਦਾ ਸਿਲਸਿਲਾ ਤੇਜ਼ ਹੋਵੇਗਾ, ਨਵੀਂ ਭਰਤੀ ਰੁਕੇਗੀ। ਪੱਕੇ ਸੁਰੱਖਿਅਤ ਰੁਜ਼ਗਾਰ ਦੇ ਮੌਕੇ ਸੁੰਗੜਨਗੇ।

ਇਹ ਹਨ ਉਹ ਤਰੀਕੇ ਜਿਨ੍ਹਾਂ ਜ਼ਰੀਏ ਸਰਕਾਰ ਬਜਟ ਘਾਟਾ ਘੱਟ ਕਰਨਾ ਚਾਹੁੰਦੀ ਹੈ। ਇਸ ਵਿੱਚ ਕਿਧਰੇ ਵੀ ਆਪਣੇ ਮਾਲਕਾਂ ਅਰਬ-ਖਰਬਾਂਪਤੀਆਂ, ਦੇਸੀ ਵਿਦੇਸ਼ੀ ਸਰਮਾਏਦਾਰਾਂ ਦੇ ਅਥਾਹ ਮੁਨਾਫਿਆਂ ਉੱਪਰ ਟੈਕਸ ਲਗਾਕੇ ਧਨ ਇਕੱਤਰ ਕਰਨਾ ਅਤੇ ਇਸ ਨੂੰ ਗਰੀਬਾਂ-ਕਿਰਤੀਆਂ ਦੇ ਹਿੱਤ ਵਿੱਚ ਵਰਤਣਾ ਸ਼ਾਮਲ ਨਹੀਂ ਹੈ ਅਤੇ ਦੇਸ਼ ਦੇ ਹਾਕਮਾਂ ਤੋਂ ਅਜੇਹੀ ਉਮੀਦ ਕਰਨਾ ਵੀ ਹੱਦ ਦਰਜ਼ੇ ਦਾ ਭੋਲਾਪਣ ਹੋਵੇਗਾ।

ਸਰਕਾਰ ਜੋ ਟੈਕਸਾਂ ਤੋਂ ਧਨ ਇਕੱਤਰ ਕਰਦੀ ਹੈ ਉਸ ਦਾ ਵੱਡਾ ਹਿੱਸਾ ਅਪ੍ਰਤੱਖ ਕਰ ਹਨ ਜਿਸ ਦਾ ਵੱਡਾ ਹਿੱਸਾ ਇਸ ਦੇਸ਼ ਦੇ ਕਿਰਤੀ ਅਦਾ ਕਰਦੇ ਹਨ। ਪ੍ਰਤੱਖ ਕਰ ਯਾਣੀ ਆਮਦਨ ਕਰ ਜੋ ਕਿ ਆਮ ਤੌਰ 'ਤੇ ਅਮੀਰਾਂ ਉੱਪਰ ਲਗਦਾ ਹੈ, ਸਰਕਾਰੀ ਆਮਦਨ ਵਿੱਚ ਉਸ ਦਾ ਹਿੱਸਾ ਬਹੁਤ ਘੱਟ ਹੈ। 2010-11 ਵਿੱਚ ਸਰਕਾਰ ਨੂੰ ਕਰਾਂ ਤੋਂ ਹੋਣ ਵਾਲ਼ੀ ਕੁੱਲ ਆਮਦਨ ਵਿੱਚ ਪ੍ਰਤੱਖ ਕਰਾਂ ਦਾ ਹਿੱਸਾ 38 ਫੀਸਦੀ ਸੀ ਜੋ ਕਿ ਹੁਣ ਘਟ ਕੇ ਅੰਦਾਜਨ 35 ਫੀਸਦੀ ਰਹਿ ਜਾਵੇਗਾ। ਸਪੱਸ਼ਟ ਹੈ ਕਿ ਆਮ ਕਿਰਤੀਆਂ ਉੱਪਰ ਟੈਕਸਾਂ ਦਾ ਬੋਝ ਲਗਾਤਾਰ ਵਧਦਾ ਜਾ ਰਿਹਾ ਹੈ। ਸਰਕਾਰ ਨੇ ਇਸ ਬਜਟ ਵਿੱਚ ਕੁਝ 'ਲੋਕ ਭਲਾਈ' ਸਕੀਮਾਂ ਉੱਪਰ ਖਰਚਾ ਵਧਾਇਆ ਹੈ। ਸਿੱਖਿਆ ਉੱਪਰ ਖਰਚੇ ਵਿੱਚ ਸਰਕਾਰ ਨੇ 17 ਫੀਸਦੀ ਵਾਧਾ ਕੀਤਾ ਹੈ। ਪਰ ਇਸ ਦਾ ਵੱਡਾ ਹਿੱਸਾ ਪ੍ਰਾਇਮਰੀ ਸਿੱਖਿਆ ਉੱਪਰ ਖਰਚੇ ਵਾਸਤੇ ਹੈ। ਸਿਹਤ ਅਤੇ ਪਰਿਵਾਰ ਭਲਾਈ ਪ੍ਰੋਗਰਾਮਾਂ ਉੱਪਰ ਖਰਚੇ ਵਿੱਚ 22 ਫੀਸਦੀ ਵਾਧਾ ਕੀਤਾ ਗਿਆ ਹੈ। ਪਰ ਇਹ ਕੁੱਲ 30,702 ਕਰੋੜ ਰੁਪੈ ਦਾ ਖਰਚਾ ਇਸ ਲੋਕ ਜੀਵਨ ਦੇ ਇਸ ਅਤਿ ਮਹੱਤਵਪੂਰਨ ਖੇਤਰ ਲਈ ਬੇਹੱਦ ਮਾਮੂਲੀ ਹੈ। ਇਹ ਕੁੱਲ ਘਰੇਲੂ ਪੈਦਾਵਾਰ ਦਾ ਸਿਰਫ਼ 0.3 ਫੀਸਦੀ ਹੈ।

ਯੂ. ਪੀ. ਏ. ਸਰਕਾਰ ਦੇ ਬਹੁ-ਪ੍ਰਚਾਰਿਤ ਕਨੂੰਨ 'ਅੰਨ ਸੁਰੱਖਿਆ ਕਨੂੰਨ' ਤੇ ਅਮਲ ਉੱਪਰ 2011-12 'ਚ 73,000 ਕਰੋੜ ਰੁਪੈ ਖਰਚੇ ਗਏ ਸਨ ਜਦ ਕਿ 2012-13 ਲਈ ਇਸ ਵਿੱਚ ਸਿਰਫ਼ 2 ਹਜ਼ਾਰ ਕਰੋੜ ਰੁਪੈ ਦਾ ਹੀ ਵਾਧਾ ਕੀਤਾ ਗਿਆ ਹੈ। ਜਦ ਕਿ ਇਸ ਸਮੇਂ ਦੌਰਾਨ ਖਾਣ-ਪੀਣ ਦੀਆਂ ਸਭ ਵਸਤਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਇਸ ਕਨੂੰਨ ਦੇ ਘੇਰੇ 'ਚ ਵੀ ਅਬਾਦੀ ਦੇ ਇੱਕ ਬਹੁਤ ਛੋਟੇ ਹਿੱਸੇ ਨੂੰ ਹੀ ਲਿਆ ਜਾ ਰਿਹਾ ਹੈ। ਜਿਸ ਦੇਸ਼ ਵਿੱਚ 80 ਫੀਸਦੀ ਅਬਾਦੀ ਅੱਧ-ਭੁੱਖਮਰੀ ਦਾ ਜੀਵਨ ਬਤੀਤ ਕਰਦੀ ਹੋਵੇ, ਉੱਥੇ ਅੰਨ ਸੁਰੱਖਿਆ ਜਿਹੀਆਂ ਸਕੀਮਾਂ ਉੱਪਰ ਇਹ ਮਾਮੂਲੀ ਜਿਹਾ ਖਰਚਾ ਲੋਕਾਂ ਨਾਲ਼ ਇੱਕ ਕੋਝਾ ਮਜਾਕ ਹੈ। ਸਿਰਫ਼ ਇੱਕ ਵੋਟ ਸਟੰਟ ਹੈ।

ਮਹਾਤਮਾ ਗਾਂਧੀ ਕੌਮੀ ਪੇਂਡੂ ਰੁਜ਼ਗਾਰ ਕਨੂੰਨ ਤਹਿਤ ਪੇਂਡੂ ਗਰੀਬਾਂ ਨੂੰ ਰੁਜ਼ਗਾਰ ਦੇਣ ਉੱਪਰ ਕੀਤੇ ਜਾਣ ਵਾਲ਼ੇ ਖਰਚੇ ਦਾ ਵੀ ਇਹੋ ਹਾਲ ਹੈ। ਚਾਲੂ ਸਾਲ ਵਿੱਚ ਇਸ ਸਕੀਮ ਉੱਪਰ 31,000 ਕਰੋੜ ਰੁਪੈ ਖਰਚੇ ਗਏ ਜੋ ਕਿ ਇਸ ਸਕੀਮ ਵਾਸਤੇ ਰੱਖੇ ਕੁੱਲ ਫੰਡ ਦਾ 75 ਫੀਸਦੀ ਸੀ। ਆਉਣ ਵਾਲ਼ੇ ਸਾਲ ਲਈ ਸਰਕਾਰ ਨੇ ਇਸ ਸਕੀਮ ਉੱਪਰ ਹੋਣ ਵਾਲ਼ਾ ਖਰਚਾ ਘਟਾ ਕੇ 33,000 ਕਰੋੜ ਰੁਪੈ ਕਰ ਦਿੱਤਾ ਹੈ। ਉਂਝ ਵੀ ਇਹ ਸਕੀਮ ਦੇਸ਼ ਵਿੱਚ ਅੱਧ ਪਚੱਧੀ ਹੀ ਲਾਗੂ ਹੋ ਰਹੀ ਹੈ। ਕਨੂੰਨ ਮੁਤਾਬਕ ਪੇਂਡੂ ਮਜ਼ਦੂਰਾਂ ਨੂੰ ਇਸ ਤਹਿਤ ਸਲਾਨਾ 100 ਦਿਨ ਦਾ ਰੁਜ਼ਗਾਰ ਦਿੱਤਾ ਜਾਵੇਗਾ।

ਪਰ ਲਗਭਗ ਪੂਰੇ ਦੇਸ਼ ਵਿੱਚ ਹੀ ਪੇਂਡੂ ਗਰੀਬਾਂ ਨੂੰ ਇਸ ਸਕੀਮ ਤਹਿਤ 50 ਦਿਨ ਵੀ ਰੁਜ਼ਗਾਰ ਨਹੀਂ ਮਿਲ਼ਦਾ। ਇਹ ਇੱਕ ਸਰਵ ਗਿਆਤ ਤੱਥ ਹੈ ਕਿ ਇਹ ਸਕੀਮ ਵੱਡੀ ਪੱਧਰ 'ਤੇ ਸਰਕਾਰੀ ਅਮਲੇ ਅੰਦਰ ਫੈਲੇ ਅਤੇ ਪੇਂਡੂ ਘੜੰਮ ਚੌਧਰੀਆਂ ਦੇ ਭ੍ਰਿਸ਼ਟਾਚਾਰ ਦੀ ਸ਼ਿਕਾਰ ਹੈ। ਹੋਰਾਂ ਸਭ ਸਰਕਾਰੀ ਪ੍ਰੋਗਰਾਮਾਂ ਵਾਂਗ ਹੀ ਇਸ ਤਹਿਤ ਗਰੀਬਾਂ ਲਈ ਜਾਰੀ ਹੋਣ ਵਾਲ਼ਾ ਸਰਕਾਰੀ ਧਨ ਰਾਹ ਵਿੱਚ ਹੀ ਰਹਿ ਜਾਂਦਾ ਹੈ। ਇਹ ਸਰਕਾਰੀ ਅਫ਼ਸਰਸ਼ਾਹੀ ਅਤੇ ਪੇਂਡੂ ਚੌਧਰੀਆਂ ਦੀ ਗੋਗੜਾਂ ਹੀ ਵਧਾਉਂਦਾ ਹੈ। ਇਸ ਦੇ ਅਸਲ ਹੱਕਦਾਰਾਂ ਤੱਕ ਤਾਂ ਕੁਝ ਟੁਕੜੇ ਹੀ ਪਹੁੰਚ ਪਾਉਂਦੇ ਹਨ। ਹੁਣ ਤਾਂ ਇਸ ਸਕੀਮ ਦੇ ਜਾਰੀ ਰਹਿ ਸਕਣ 'ਤੇ ਵੀ ਸਵਾਲ ਉੱਠ ਰਹੇ ਹਨ। ਸਰਕਾਰ ਦੀ 'ਅੰਨ ਸੁਰੱਖਿਆ' ਸਕੀਮ ਦਾ ਵੀ ਇਹੋ ਹਸ਼ਰ ਹੋਣਾ ਤੈਅ ਹੈ।

ਉਂਝ ਤਾਂ ਮਹਿੰਗਾਈ ਦਾ ਦੈਂਤ ਤਾਂ ਹਮੇਸ਼ਾ ਹੀ ਇਸ ਦੇਸ਼ ਦੇ ਕਿਰਤੀਆਂ ਨੂੰ ਦਰੜਦਾ ਰਿਹਾ ਹੈ, ਪਰ ਪਿਛਲੇ ਦੋ-ਢਾਈ ਸਾਲਾਂ ਤੋਂ ਮਹਿੰਗਾਈ ਛੜੱਪੇ ਮਾਰ ਕੇ ਵਧੀ ਹੈ। ਪ੍ਰਣਬ ਬਾਬੂ ਦਾ ਇਹ ਬਜਟ ਮਹਿੰਗਾਈ ਵਿੱਚ ਹੋਰ ਵੀ ਤਿੱਖਾ ਵਾਧਾ ਕਰਨ ਜਾ ਰਿਹਾ ਹੈ। ਪਹਿਲਾਂ ਤੋਂ ਹੀ ਮਹਿੰਗਾਈ ਨਾਲ ਇਸ ਦੇਸ਼ ਦੇ ਗਰੀਬ ਦੇ ਝੁਕੇ ਹੋਏ ਲੱਕ 'ਤੇ ਪ੍ਰਣਬ ਮੁਖਰਜੀ ਨੇ ਹੋਰ ਭਾਰ ਲੱਦ ਦਿੱਤਾ ਹੈ। ਐਕਸਾਈਜ਼ ਡਿਊਟੀ 'ਚ ਵਾਧਾ ਸਿੱਧਾ ਮਹਿੰਗਾਈ 'ਚ ਵਾਧਾ ਹੈ। ਪੈਟਰੋਲੀਅਮ ਪਦਾਰਥਾਂ ਉੱਪਰ ਸਬਸਿਡੀ ਦੇ ਖਾਤਮੇ ਨਾਲ਼ ਆਮ ਲੋਕਾਂ ਦੀ ਲੋੜ ਦੀਆਂ ਸਭ ਵਸਤਾਂ ਦੀਆਂ ਕੀਮਤਾਂ ਵਧਣਗੀਆਂ। ਆਵਾਜਾਈ ਵੀ ਮਹਿੰਗੀ ਹੋਵੇਗੀ। ਰੇਲਵੇ ਬਜਟ ਵਿੱਚ ਕੇਂਦਰ ਸਰਕਾਰ ਰੇਲ ਭਾੜੇ ਵਿੱਚ ਪਹਿਲਾਂ ਹੀ ਵਾਧਾ ਕਰ ਚੁੱਕੀ ਹੈ।

ਖਾਦਾਂ ਉੱਪਰ ਸਬਸਿਡੀ ਦਾ ਨਤੀਜਾ ਵੀ ਮਹਿੰਗਾਈ ਵਿੱਚ ਹੀ ਨਿੱਕਲੇਗਾ। ਖਾਦਾਂ ਦਾ ਵੱਡੀ ਪੱਧਰ ਉੱਪਰ ਇਸਤੇਮਾਲ ਤਾਂ ਪੇਂਡੂ ਸਰਮਾਏਦਾਰ ਹੀ ਕਰਦੇ ਹਨ, ਇਸ ਲਈ ਖਾਦਾਂ ਉੱਪਰ ਸਬਸਿਡੀ ਦਾ ਫਾਇਦਾ ਵੀ ਇਸੇ ਜਮਾਤ ਨੂੰ ਹੁੰਦਾ ਹੈ। ਹੁਣ ਖਾਦਾਂ ਉੱਪਰ ਸਬਸਿਡੀ ਦੇ ਘਟਣ ਦਾ ਅਸਰ ਇਸ ਜਮਾਤ ਦੇ ਮੁਨਾਫ਼ੇ ਘਟਣ ਵਿੱਚ ਨਹੀਂ ਨਿੱਕਲੇਗਾ। ਇਹ ਜਮਾਤ ਤਾਂ ਖੇਤੀ ਜਿਣਸਾਂ ਦੀਆਂ ਕੀਮਤਾਂ ਦੇ ਵਾਧੇ ਦੇ ਰੂਪ 'ਚ ਆਪਣਾ ਮੁਨਾਫ਼ਾ ਪਹਿਲਾਂ ਦੀ ਹੀ ਤਰ੍ਹਾਂ ਬਰਕਰਾਰ ਰੱਖੇਗੀ ਜਦ ਕਿ ਇਸ ਦਾ ਸਾਰਾ ਬੋਝ ਵੀ ਇਸ ਦੇਸ਼ ਦੀ ਕਿਰਤੀ ਅਬਾਦੀ ਉੱਪਰ ਹੀ ਪਵੇਗਾ।

ਕੁੱਲ ਮਿਲ਼ਾ ਕੇ ਇਸ ਬਜਟ 'ਚ ਜਿੱਥੇ ਅਮੀਰਾਂ ਲਈ ਗੱਫ਼ੇ ਹਨ ਉੱਥੇ ਗਰੀਬਾਂ ਲਈ ਸਿਰਫ਼ ਧੱਫ਼ੇ ਹਨ। ਇਹ ਅਮੀਰਾਂ ਨੂੰ ਹੋਰ ਅਮੀਰ ਬਣਾਉਣ ਵਾਲ਼ਾ ਅਤੇ ਗਰੀਬਾਂ ਨੂੰ ਹੋਰ ਵਧੇਰੇ ਨਿਚੋੜਨ ਵਾਲ਼ਾ ਬਜਟ ਹੈ। ਸਰਕਾਰ ਦੀਆਂ ਅਜਿਹੀਆਂ ਨੀਤੀਆਂ ਸਮਾਜ ਅੰਦਰ ਜਮਾਤੀ ਧਰੁਵੀਕਰਨ ਨੂੰ ਲਗਾਤਾਰ ਤਿੱਖਾ ਕਰ ਰਹੀਆਂ ਹਨ। ਜਿਸ ਦੇ ਨਤੀਜੇ ਵਜੋਂ ਸਮਾਜਿਕ ਹਾਲਾਤ ਲਗਾਤਾਰ ਵਿਸਫੋਟਕ ਹੁੰਦੇ ਜਾ ਰਹੇ ਹਨ। ਦਿਨੋ ਦਿਨ ਵਧਦੀ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਅਨਿਆਂ, ਅਪਮਾਨ-ਜ਼ਿੱਲਤ ਵਿਰੁੱਧ ਇਸ ਦੇਸ਼ ਦੇ ਕਿਰਤੀਆਂ ਦੇ ਗੁੱਸੇ ਦਾ ਲਾਵਾ ਕਦੇ ਵੀ ਫੁੱਟ ਸਕਦਾ ਹੈ। ਇਸ ਤੋਂ ਵੀ ਦੇਸ਼ ਦੇ ਹਾਕਮ ਚੇਤੰਨ ਹਨ। ਅਜਿਹੀ ਹਰ ਸਥਿਤੀ ਨਾਲ਼ ਨਿੱਬੜਨ ਲਈ ਉਹ ਅਗਾਉਂ ਹੀ ਤਿਆਰੀ ਵੀ ਕਰ ਰਹੇ ਹਨ। ਇਹੋ ਮੁੱਖ ਕਾਰਨ ਹੈ ਕਿ ਇਸ ਬਜਟ ਵਿੱਚ ਰੱਖਿਆ ਖਰਚ ਵਿੱਚ ਭਾਰੀ ਵਾਧਾ ਕੀਤਾ ਗਿਆ ਹੈ ਅਤੇ ਭਵਿੱਖ ਵਿੱਚ ਹੋਰ ਵੀ ਵੱਡਾ ਵਾਧਾ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। 2012-13 ਦੇ ਰੱਖਿਆ ਬਜਟ ਲਈ 1.93 ਲੱਖ ਕਰੋੜ ਦੀ ਰਕਮ ਰਾਖਵੀਂ ਰੱਖੀ ਗਈ ਹੈ ਜੋ ਕਿ ਕੁੱਲ ਘਰੇਲੂ ਪੈਦਾਵਾਰ ਦੇ 1.9 ਫੀਸਦੀ ਦੇ ਕਰੀਬ ਹੈ। ਨੇੜ ਭਵਿੱਖ ਵਿੱਚ ਸਰਕਾਰ ਦੀ ਯੋਜਨਾ ਇਸ ਨੂੰ ਵਧਾ ਕੇ ਢਾਈ ਲੱਖ ਕਰੋੜ ਕਰਨ ਦੀ ਹੈ। ਰੱਖਿਆ ਬਜਟ ਵਿੱਚ ਇਸ ਵੱਡੇ ਵਾਧੇ ਲਈ ਚੀਨ ਤੋਂ ਖ਼ਤਰੇ ਦਾ ਬਹਾਨਾ ਬਣਾਇਆ ਗਿਆ ਹੈ। ਪਰ ਇਸ ਦੇਸ਼ ਦੇ ਲੁਟੇਰੇ ਹਾਕਮਾਂ ਨੂੰ ਅਸਲ ਖ਼ਤਰਾ ਬਾਹਰੋਂ ਨਹੀਂ ਸਗੋਂ ਪਿਛਲੇ ਛੇ ਦਹਾਕਿਆਂ ਤੋਂ ਲੁੱਟ ਜਬਰ ਦੀ ਮਾਰ ਸਹਿੰਦੇ ਇਸ ਦੇਸ਼ ਦੇ ਕਿਰਤੀਆਂ ਤੋਂ ਹੈ, ਜਿਨ੍ਹਾਂ ਦੇ ਸਬਰ ਦਾ ਪਿਆਲਾ ਲਗਾਤਾਰ ਭਰਦਾ ਜਾ ਰਿਹਾ ਹੈ। ਅਤੇ ਇਸ ਦੇਸ਼ ਦੇ ਹਾਕਮਾਂ ਨੂੰ ਦਿਨ ਰਾਤ ਦੇਸ਼ ਦੇ ਕਰੋੜਾਂ ਕਿਰਤੀਆਂ ਦੇ ਇਸ ਜ਼ਾਬਰ-ਅਨਿਆਈਂ ਢਾਂਚੇ ਵਿਰੁੱਧ ਉੱਠ ਖੜ੍ਹੇ ਹੋਣ ਦਾ ਡਰ ਸਤਾਉਂਦਾ ਰਹਿੰਦਾ ਹੈ। ਉਨ੍ਹਾਂ ਦਾ ਇਹ ਸੰਭਾਵੀ ਡਰ ਕਦੋਂ ਇੱਕ ਹਕੀਕਤ ਬਣੇਗਾ ਇਸ ਸਵਾਲ ਦਾ ਜਵਾਬ ਆਉਣ ਵਾਲ਼ਾ ਸਮਾਂ ਹੀ ਦੇਵੇਗਾ।●

■ ■

(ਪੰਨਾ 12 **ਦਾ ਬਾਕੀ ਹਿੱਸਾ**)

ਕਿਉਂਕਿ ਮੈਂ ਕਮਿਊਨਿਸਟ ਨਹੀਂ ਸਾਂ
ਫਿਰ ਉਹ ਮੇਰੇ ਲਈ ਆਏ
ਅਤੇ ਉਦੋਂ ਤੱਕ ਕੋਈ ਨਹੀਂ ਸੀ ਬਚਿਆ
ਜੋ ਮੇਰੇ ਲਈ ਬੋਲਦਾ....

ਉਹ ਫਿਰ ਆ ਰਹੇ ਹਨ। ਫਾਸੀਵਾਦੀ ਸਰਗਰਮ ਹਨ। ਤੇ ਤੁਸੀਂ ?

* **ਫਾਸੀਵਾਦ** – ਇੱਕ ਰਾਜਨੀਤਕ ਰੁਝਾਨ ਜੋ **ਸਰਮਾਏਦਾਰੀ ਦੇ ਵਿਆਪਕ ਸੰਕਟ** ਦੇ ਸਮੇਂ ਵਿੱਚ ਸਰਮਾਏਦਾਰਾਂ ਦੇਸ਼ਾਂ ਵਿੱਚ ਉਭਰਿਆ ਅਤੇ ਜੀਹਨੇ ਸਾਮਰਾਜਵਾਦੀ **ਬੁਰਜੂਆਜ਼ੀ** ਦੀਆਂ ਸਭ ਤੋਂ ਪਿਛੇਖਿਚੂ ਅਤੇ ਹਮਲਾਵਰ ਸ਼ਕਤੀਆਂ ਦੇ ਹਿੱਤ ਪ੍ਰਗਟ ਕੀਤੇ। ਸੱਤਾ ਵਿੱਚ ਆਇਆ ਫਾਸੀਵਾਦ ਇਨ੍ਹਾਂ ਤਾਕਤਾਂ ਦੀ ਇੱਕ ਖੁੱਲ੍ਹਮ-ਖੁਲ੍ਹੀ ਦਹਿਸ਼ਤਵਾਦੀ ਡਿਕਟੇਟਰੀ ਹੁੰਦਾ ਹੈ। ਫਾਸੀਵਾਦ ਦੀ ਵਿਸ਼ੇਸ਼ਤਾ ਸਿਰੇ ਦਾ **ਸ਼ਾਵਨਵਾਦ**, **ਨਸਲਵਾਦ** ਅਤੇ **ਕਮਿਊਨਿਜ਼ਮ-ਵਿਰੋਧ** ਹੁੰਦਾ ਹੈ। ਜਮਹੂਰੀ ਅਜ਼ਾਦੀਆਂ ਦੀ ਤਬਾਹੀ, ਸਮਾਜਕ ਦੰਭ ਦਾ ਵਿਸ਼ਾਲ ਪੈਮਾਨੇ ਉੱਤੇ ਸਹਾਰਾ ਅਤੇ ਨਾਗਰਿਕਾਂ ਦੇ ਜਨਤਕ ਤੇ ਨਿੱਜੀ ਜੀਵਨ ਉੱਤੇ ਅਤਿਅੰਤ ਸਖ਼ਤ ਕੰਟਰੋਲ ਹੁੰਦਾ ਹੈ। ਫਾਸੀਵਾਦ ਦੀ ਵਿਦੇਸ਼ ਨੀਤੀ ਸਾਮਰਾਜਵਾਦੀ ਜਿੱਤਾਂ ਦੀ ਅਤੇ ਹਮਲਾਵਰੀ ਦੀਆਂ ਜੰਗਾਂ ਦੀ ਨੀਤੀ ਹੁੰਦੀ ਹੈ। ਪਹਿਲੀ ਫਾਸੀਵਾਦੀ ਹਕੂਮਤ 1922 ਵਿੱਚ ਇਟਲੀ ਵਿੱਚ ਸਥਾਪਤ ਕੀਤੀ ਗਈ ਸੀ। ਫਾਸੀਵਾਦੀ 1933 ਵਿੱਚ ਜਰਮਨੀ ਵਿੱਚ ਅਤੇ 1939 ਵਿੱਚ ਸਪੇਨ ਵਿੱਚ ਸੱਤਾ ਵਿੱਚ ਆਏ। ਸਾਡੇ ਦੇਸ਼ 'ਚ ਰਾਸ਼ਟਰੀ ਸਵੈ ਸਵੇਕ ਸੰਘ ਇਸ ਰੁਝਾਨ ਦਾ ਪ੍ਰਤੀਨਿਧ ਹੈ।●

ਫਾਸੀਵਾਦ* ਸਰਗਰਮ ਹੈ ! !

• ਡਾ. ਅੰਮ੍ਰਿਤ

ਅਕਸਰ ਬਹੁਤ ਸਾਰੇ ਲੋਕ, ਬੁੱਧੀਜੀਵੀ ਅਤੇ ਲੋਕ-ਪੱਖੀ ਸਿਆਸੀ ਕਾਰਕੁੰਨ ਇਹ ਭੁਲੇਖਾ ਪਾਲ਼ੀ ਰੱਖਦੇ ਹਨ ਕਿ ਭਾਰਤ 'ਚ ਫਾਸੀਵਾਦ ਦਾ ਮਤਲਬ ਸੱਤਾ ਵਿੱਚ, ਖਾਸ ਤੌਰ 'ਤੇ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਹੋਣ ਜਾਂ ਨਾ ਹੋਣ ਦਾ ਸਵਾਲ ਹੈ। ਸੰਸਦੀ ਲਾਲ-ਚੁੰਝਾਂ ਵਾਲੇ 'ਕਮਿਊਨਿਸਟਾਂ' ਨੇ ਇਹ ਧਾਰਨਾ ਨੂੰ ਹੋਰ ਪੱਕਿਆਂ ਕੀਤਾ ਹੈ ਜੋ ਅਕਸਰ ਫਿਰਕਾਪ੍ਰਸਤ ਤਾਕਤਾਂ ਨੂੰ ਸੱਤਾ 'ਚੋਂ ਬਾਹਰ ਰੱਖਣ ਦੇ ਨਾਂ 'ਤੇ ਕਾਂਗਰਸ ਦੇ ਵਿਹੜੇ 'ਚ ਝਾੜੂ-ਪੋਚਾ ਲਾਉਂਦੇ ਰਹਿੰਦੇ ਹਨ। ਪਰ ਹਕੀਕਤ ਇਹੋ-ਜਿਹੀ ਬਿਲਕੁਲ ਵੀ ਨਹੀਂ ਹੈ। ਭਾਜਪਾ ਭਾਰਤੀ ਫਾਸੀਵਾਦੀ ਧਾਰਾ ਆਰ.ਐੱਸ.ਐੱਸ ਜਿਹਨੂੰ ਆਮ ਤੌਰ 'ਤੇ ਸੰਖੇਪ 'ਚ ਸੰਘ ਕਿਹਾ ਜਾਂਦਾ ਹੈ, ਦੀ ਸਿਰਫ ਇੱਕ ਜਥੇਬੰਦੀ ਹੈ ਜਿਸਦੀ ਵਰਤੋਂ ਸੰਘ ਪਾਰਲੀਮਾਨੀ ਸਪੇਸ ਦੀ ਵੱਧ ਤੋਂ ਵੱਧ ਵਰਤੋਂ ਕਰਨ ਲਈ ਕਰਦਾ ਹੈ। ਭਾਜਪਾ ਤੋਂ ਇਲਾਵਾ ਸੰਘ ਦੀਆਂ 30 ਤੋਂ ਵੱਧ ਹੋਰ ਜਥੇਬੰਦੀਆਂ ਵੀ ਹਨ। ਇਸ ਲਈ ਜੇ ਭਾਜਪਾ ਸੱਤਾ 'ਚ ਨਹੀਂ ਤਾਂ ਇਸਦਾ ਮਤਲਬ ਇਹ ਨਹੀਂ ਕਿ ਫਾਸੀਵਾਦ ਦਾ ਖਤਰਾ ਟਲ਼ਿਆ ਹੋਇਆ ਹੈ ਅਤੇ ਫਾਸੀਵਾਦ ਗੈਰ-ਸਰਗਰਮ ਹੈ, ਉਲਟਾ ਅਜਿਹੇ ਸਮਿਆਂ 'ਚ ਫਾਸੀਵਾਦ ਆਪਣਾ ਕੰਮ ਚੁੱਪ-ਚਾਪ ਪਰ ਉਨੇ ਹੀ ਸੰਘਣੇ ਤੇ ਜ਼ੋਰਦਾਰ ਤਰੀਕੇ ਨਾਲ ਅਤੇ ਤੇਜ਼ੀ ਨਾਲ ਕਰ ਰਿਹਾ ਹੁੰਦਾ ਹੈ ਜਿਸ ਨਾਲ ਉਹ ਪਾਰਲੀਮੈਂਟ ਦੀਆਂ ਸੀਟਾਂ ਮੱਲਣ ਦੌਰਾਨ ਕਰਦਾ ਹੈ। ਸੰਘ ਦੀਆਂ ਸਰਗਰਮੀਆਂ ਅਤੇ ਪਿਛਲੇ ਇੱਕ ਦਹਾਕੇ ਦੌਰਾਨ ਜਦੋਂ ਇਸਦਾ ਪਾਰਲੀਮਾਨੀ ਵਿੰਗ ਭਾਜਪਾ ਕੇਂਦਰੀ ਸਰਕਾਰ ਤੋਂ ਬਾਹਰ ਹੈ, ਇਸ ਦੁਆਰਾ ਅੰਜ਼ਾਮ ਦਿੱਤੇ ਗਏ ਕਾਰਨਾਮਿਆਂ ਨੂੰ ਦੇਖਕੇ ਇਸ ਗੱਲ ਦਾ ਅੰਦਾਜ਼ਾ ਭਲੀ-ਭਾਂਤ ਹੋ ਜਾਂਦਾ ਹੈ।

ਇੱਥੇ ਅਸੀਂ ਇਹ ਸਪੱਸਟ ਕਰ ਦਈਏ ਕਿ ਸੰਘੀ ਫਿਰਕਾਪ੍ਰਸਤੀ ਤੇ ਫਾਸੀਵਾਦ ਨੂੰ ਬੇਨਕਾਬ ਕਰਨ ਤੇ ਇਸਦਾ ਵਿਰੋਧ ਕਰਨ ਦਾ ਮਤਲਬ ਇਹ ਬਿਲਕੁਲ ਨਹੀਂ ਕਿ ਅਸੀਂ ਦੂਸਰੇ ਧਰਮਾਂ ਦੀਆਂ ਫਿਰਕਾਪ੍ਰਸਤ ਧਾਰਾਵਾਂ ਤੇ ਫਾਸੀਵਾਦੀ ਰੰਗਤਾਂ ਨੂੰ ਕਿਸੇ ਵੀ ਤਰ੍ਹਾਂ ਛੋਟ ਦਿੰਦੇ ਹਾਂ, ਜਾਂ ਕਿਸੇ ਨੂੰ ਇਹਨਾਂ ਦੀ ਕੋਈ ਨੁਕਤਾਚੀਨੀ ਤੇ ਵਿਰੋਧ ਨਹੀਂ ਕਰਨਾ ਚਾਹੀਦਾ ਹੈ। ਇਹਨਾਂ ਦੂਜੀ ਕਿਸਮ ਦੀਆਂ ਫਿਰਕਾਪ੍ਰਸਤ ਧਾਰਾਵਾਂ ਤੇ ਫਾਸੀਵਾਦੀ ਰੰਗਤਾਂ ਨੂੰ ਲੋਕਾਂ ਅੱਗੇ ਅਤੇ ਖਾਸ ਕਰਕੇ ਉਹਨਾਂ ਧਰਮਾਂ, ਇਲਾਕਿਆਂ ਦੇ ਲੋਕਾਂ 'ਚ ਬੇਨਕਾਬ ਕਰਨਾ ਉਨਾ ਹੀ ਜ਼ਰੂਰੀ ਹੈ ਜਿੰਨਾ ਸੰਘ ਦੇ ਹਿੰਦੂ ਫਾਸੀਵਾਦ ਨੂੰ ਨੰਗਾ ਕਰਨਾ ਜ਼ਰੂਰੀ ਹੈ। ਪਰ ਸਾਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਭਾਰਤ ਵਿੱਚ ਖੁੱਲ੍ਹੇਆਮ ਫਾਸੀਵਾਦੀ ਸੱਤਾ ਕਾਇਮ ਕਰਨ, ਦੂਸਰੇ ਧਰਮਾਂ ਜਾਂ ਜਾਤ, ਇਲਾਕਾ ਅਧਾਰਤ ਘੱਟਗਿਣਤੀ ਲੋਕਾਂ ਨੂੰ ਦਬਾਉਣ, ਕਤਲੇਆਮ ਕਰਨ ਅਤੇ ਭਾਰਤੀ ਵੱਡੀ ਸਰਮਾਏਦਾਰੀ ਲਈ ਸੰਕਟ ਦੇ ਦੌਰ 'ਚ ਡੰਡੇ ਦਾ ਰਾਜ ਕਾਇਮ ਕਰਨ, ਹਰ ਤਰ੍ਹਾਂ ਦੇ ਲੋਕ-ਵਿਰੋਧ ਨੂੰ ਕੁਚਲਣ ਦੀ ਸਮਰਥਾ ਤੇ ਸੰਭਾਵਨਾ ਸਿਰਫ ਸੰਘੀ ਫਾਸੀਵਾਦ ਵਿੱਚ ਹੀ ਹੈ। ਭਾਰਤੀ ਸਰਮਾਏਦਾਰੀ ਵੀ "ਔਖੇ ਵੇਲਿਆਂ" 'ਚ ਆਪਣਾ ਗੁਣੀਆ ਸੰਘੀ ਫਾਸੀਵਾਦ ਉੱਪਰ ਹੀ ਸੁੱਟੇਗੀ ਜਿਸ ਦੇ ਸੰਕੇਤ ਮਿਲਣੇ ਸ਼ੁਰੂ ਹੋ ਚੁੱਕੇ ਹਨ। ਭਾਰਤੀ ਸਰਮਾਏਦਾਰਾਂ ਜਿਵੇਂ ਟਾਟਾ, ਅੰਬਾਨੀ ਆਦਿ ਦੁਆਰਾ ਗੁਜਰਾਤ ਦੇ "ਵਿਕਾਸ ਪੁਰਸ਼" ਨਰਿੰਦਰ ਮੋਦੀ ਸਮੇਂ-ਸਮੇਂ ਹੋ ਰਹੀ ਖੁੱਲ੍ਹੇ ਦਿਲ ਨਾਲ ਤਾਰੀਫ ਅਤੇ ਭਾਜਪਾ ਦੁਆਰਾ ਮੋਦੀ ਨੂੰ 2014 ਦੀਆਂ ਚੋਣਾਂ 'ਚ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਐਲਾਨਣ ਦੀ ਸੰਭਾਵਨਾ ਬਾਰੇ ਕਹਿਣਾ ਸ਼ੁਰੂ ਕਰਨਾ ਆਉਣ ਵਾਲੇ ਸਮੇਂ ਦਾ ਝਲਕਾਰਾ ਪੇਸ਼ ਕਰ ਰਿਹਾ ਹੈ। ਕੌਮਾਂਤਰੀ ਸਰਮਾਏਦਾਰੀ ਦੇ ਭੌਂਪੂ 'ਟਾਈਮ' ਨਾਂ ਦੇ ਰਸਾਲੇ ਨੇ ਵੀ ਇਸ ਵਾਰ ਮੋਦੀ ਦੀ ਫੋਟੋ ਲਾਕੇ ਉਸ ਦੁਆਰਾ ਗੁਜਰਾਤ ਦੇ ਕੀਤੇ "ਵਿਕਾਸ" ਦੇ ਸੋਹਲੇ ਗਾਏ ਹਨ ਅਤੇ ਭਾਰਤ ਦੇ ਭਵਿੱਖ ਦੇ ਲੀਡਰ ਵਜੋਂ ਪੇਸ਼ ਕੀਤਾ ਹੈ। ਦੂਜੇ ਪਾਸੇ, ਘੱਟਗਿਣਤੀਆਂ ਦੀਆਂ ਫਿਰਕਾਪ੍ਰਸਤ ਧਾਰਾਵਾਂ ਜਾਂ ਫਾਸੀਵਾਦੀ ਰੰਗਤਾਂ ਦੀ ਅਜਿਹੀ ਸੰਭਾਵਨਾ ਜਾਂ ਸਮਰਥਾ ਭਾਰਤ ਵਿੱਚ ਬਿਲਕੁਲ ਵੀ ਨਹੀਂ ਹੈ ਪਰੰਤੂ ਕਿਉਂਕਿ ਇਹ ਧਰਾਵਾਂ ਤੇ ਰੰਗਤਾਂ ਲੋਕ-ਪੱਖੀ ਤਾਕਤਾਂ ਤੇ ਫਾਸੀਵਾਦੀ ਵਿਰੋਧੀ ਕੈਂਪ ਦੀ ਏਕਤਾ ਨੂੰ ਤੋੜਨ, ਖਿੰਡਾਉਣ ਅਤੇ ਸੰਘੀ ਫਾਸੀਵਾਦ ਲਈ ਪ੍ਰਾਪੇਗੰਡੇ ਲਈ ਮਸਾਲਾ ਉਪਲਬਧ ਕਰਵਾਉਣ ਤੋਂ ਸਵਾਏ ਕੁਝ ਨਹੀਂ ਕਰਦੀਆਂ, ਇਸ ਲਈ ਇਹਨਾਂ ਦਾ ਪਰਦਾਫਾਸ਼ ਵੀ ਜ਼ਰੂਰੀ ਹੈ। ਪਰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਹਨਾਂ 'ਚੋਂ ਬਹੁਤੀਆਂ ਆਪਣੀ ਖਾਦ-ਖੁਰਾਕ ਸੰਘੀ-ਮਾਰਕਾ ਹਿੰਦੂ ਫਾਸੀਵਾਦ ਦੇ ਵਿਰੋਧ ਤੇ ਡਰ 'ਚੋਂ ਉਪਜੀ ਬੇਚੈਨੀ, ਗੁੱਸੇ ਤੇ ਅਸੁਰੱਖਿਆ ਦੀ ਭਾਵਨਾ 'ਚੋਂ ਪ੍ਰਾਪਤ ਕਰਦੀਆਂ ਹਨ।

ਸੰਘ ਦੇ ਫਾਸੀਵਾਦੀ ਗਿਰੋਹ ਅੱਜਕੱਲ੍ਹ ਕਿਸ ਤਰ੍ਹਾਂ ਆਪਣਾ ਅਧਾਰ ਫੈਲਾਉਣ ਤੇ ਡੂੰਘਾ ਕਰਨ 'ਚ ਲੱਗੇ ਹੋਏ ਹਨ, ਇਸ ਬਾਰੇ ਚਰਚਾ ਕਰਨ ਤੋਂ ਪਹਿਲਾਂ ਅਸੀਂ ਸੰਘੀ ਜਥੇਬੰਦੀਆਂ (ਜਿਹਨਾਂ ਨੂੰ 'ਸੰਘ ਪਰਿਵਾਰ' ਕਿਹਾ ਜਾਂਦਾ ਹੈ) ਵੱਲੋਂ ਪਿਛਲੇ ਇੱਕ ਦਹਾਕੇ 'ਚ ਕੀਤੇ ਗਏ ਕਾਰਨਾਮਿਆਂ 'ਤੇ ਇੱਕ ਨਜ਼ਰ ਪਾ ਲਈਏ

ਜਿਹਨਾਂ 'ਚ ਮੁਸਲਮਾਨ ਤੇ ਈਸਾਈਆਂ ਵਿਰੁੱਧ ਹਿੰਸਾ, ਫਾਸੀਵਾਦੀ-ਵਿਰੋਧੀ ਤੇ ਲੋਕ-ਪੱਖੀ ਲੇਖਕਾਂ, ਕਲਾਕਾਰਾਂ, ਬੁੱਧੀਜੀਵੀਆਂ ਉੱਪਰ ਹਮਲੇ, ਫਾਸੀਵਾਦੀ ਵਿਰੋਧੀ ਤੇ ਇਨਕਲਾਬੀ ਪ੍ਰਚਾਰ ਸਰਗਰਮੀਆਂ 'ਤੇ ਹਮਲੇ ਅਤੇ ਅੱਤਵਾਦੀ ਕਾਰਵਾਈਆਂ ਜਿਵੇਂ ਬੰਬ-ਧਮਾਕੇ ਸ਼ਾਮਿਲ ਹਨ।

ਫਾਸੀਵਾਦ ਦੀਆਂ ਕਰਤੂਤਾਂ ਉੱਪਰ ਇੱਕ ਝਾਤ

ਸੰਘ ਵੱਲੋਂ ਫੈਲਾਇਆ ਫਿਰਕੂ ਜ਼ਹਿਰ ਕਿੰਨਾ ਸੰਘਣਾ ਤੇ ਵਿਆਪਕ ਰੂਪ ਧਾਰ ਚੁੱਕਾ ਹੈ, ਇਹਦਾ ਪਤਾ ਗੁਜਰਾਤ ਤੇ ਮਹਾਂਰਾਸ਼ਟਰ ਸੂਬਿਆਂ 'ਚ ਹੋਈਆਂ ਫਿਰਕੂ ਘਟਨਾਵਾਂ ਤੇ ਦੰਗਿਆਂ ਦੀ ਗਿਣਤੀ ਤੋਂ ਲੱਗਦਾ ਹੈ। ਭਾਵੇਂ ਦੂਜੀਆਂ ਪਾਰਟੀਆਂ ਜਿਵੇਂ ਕੁਝ ਮਾਮਲਿਆਂ 'ਚ ਕਾਂਗਰਸ (ਜਿਸ ਦੀ ਚੁਰਾਸੀ ਦੇ ਸਿੱਖ ਵਿਰੋਧੀ ਦੰਗਿਆਂ 'ਚ ਸ਼ਮੂਲੀਅਤ ਜੱਗ-ਜ਼ਾਹਿਰ ਹੈ), ਮਹਾਂਰਾਸਟਰ 'ਚ ਐਨ.ਸੀ.ਪੀ. ਆਦਿ ਵੀ ਫਿਰਕੂ ਹਿੰਸਾ ਭੜਕਾਉਣ ਤੇ ਇਸਦਾ ਫਾਇਦਾ ਲੈਣ ਅਤੇ ਅਕਸਰ ਇਸਨੂੰ ਸ਼ਹਿ ਦੇਣ 'ਚ ਸ਼ਾਮਿਲ ਹਨ ਪਰ ਫਿਰ ਵੀ ਫਿਰਕੂ ਜ਼ਹਿਰ ਘੋਲਣ ਦਾ ਫਾਸੀਵਾਦੀ ਪ੍ਰੋਗਰਾਮ ਸੰਘ ਕੋਲ ਹੀ ਹੈ, ਇਹ ਇਸਦੀ ਬਾਕਾਇਦਾ ਯੁੱਧਨੀਤੀ ਹੈ। ਇੱਕਲੇ ਮਹਾਂਰਾਸ਼ਟਰ 'ਚ 1998-2008 ਦੇ ਗਿਆਰਾਂ ਸਾਲਾਂ ਦੌਰਾਨ 1123 ਫਿਰਕੂ ਝੜਪਾਂ ਜਾਂ ਦੰਗਿਆਂ ਦੀਆਂ ਘਟਨਾਵਾਂ ਹੋਈਆਂ ਜਿਹਨਾਂ 'ਚ ਲਗਭਗ 200 ਲੋਕਾਂ ਦੀ ਜਾਨ ਗਈ, ਅਲੱਗ-ਅਲੱਗ ਸਾਲਾਂ ਅਨੁਸਾਰ ਲਈਏ ਤਾਂ ਇਹ ਪੂਰੇ ਦੇਸ਼ 'ਚ ਹੋਣ ਵਾਲੀਆਂ ਅਜਿਹੀਆਂ ਘਟਨਾਵਾਂ ਦਾ 10-23% ਫੀਸਦੀ ਬਣਦਾ ਹੈ। ਇਹ ਗਿਣਤੀ ਗੁਜਰਾਤ ਨਾਲੋਂ, ਜਿਸ ਨੇ 2002 ਦੇ ਦੰਗਿਆਂ ਕਾਰਨ ਆਸਾਧਰਣ ਨਾਮਣਾ ਖੱਟਿਆ ਹੈ, ਵੀ ਵੱਧ ਹੈ। ਮਹਾਂਰਾਸ਼ਟਰ ਦੀ ਰਾਜਧਾਨੀ ਮੁੰਬਈ 'ਚ ਦੇਸ਼ ਦੇ ਬਾਕੀ ਸਭ ਸ਼ਹਿਰਾਂ ਨਾਲੋਂ ਵੱਧ ਫਿਰਕੂ ਦੰਗੇ ਜਾਂ ਝੜਪਾਂ ਹੋਈਆਂ ਹਨ। ਜਲਗਾਉਂ, ਧੁਲੇ, ਥਾਣੇ, ਪਰਭਣੀ, ਨਾਂਦੇੜ, ਸ਼ੋਲਾਪੁਰ ਆਦਿ, ਸ਼ਾਇਦ ਹੀ ਕੋਈ ਸ਼ਹਿਰ ਹੋਵੇ ਇਸ ਸੂਬੇ ਅੰਦਰ ਜਿੱਥੇ ਫਿਰਕੂ ਦੰਗੇ ਨਹੀਂ ਹੋਏ, ਹਾਲ ਇਹ ਹੋ ਚੁੱਕਾ ਹੈ ਕਿ ਮਹਾਂਰਾਸ਼ਟਰ 'ਚ ਹੁਣ ਔਸਤਨ ਹਰ 20 ਦਿਨਾਂ ਬਾਅਦ ਫਿਰਕੂ ਦੰਗਿਆਂ ਜਿਹੀ ਵਾਰਦਾਤ ਹੁੰਦੀ ਹੈ। ਗੁਜਰਾਤ 'ਚ ਇਸੇ ਸਮੇਂ ਦੌਰਾਨ 823 ਫਿਰਕੂ ਦੰਗਿਆਂ ਦੀਆਂ ਘਟਨਾਵਾਂ ਹੋਈਆਂ ਜਿਹਨਾਂ 'ਚ 1114 ਮੌਤਾਂ (ਸਰਕਾਰੀ ਰਿਪੋਰਟਾਂ 'ਤੇ ਆਧਾਰਤ) ਹੋਈਆਂ ਹਨ ਭਾਵੇਂ ਹੋਰ ਰਿਪੋਰਟਾਂ ਅਨੁਸਾਰ ਇਕੱਲੇ 2002 ਦੇ ਗੁਜਰਾਤ ਦੰਗਿਆਂ 'ਚ ਹੀ 2000 ਮੌਤਾਂ ਦਾ ਅੰਦਾਜ਼ਾ ਹੈ। ਉੱਤਰ ਪ੍ਰਦੇਸ਼ ਵੀ ਪਿੱਛੇ ਨਹੀਂ ਹੈ, ਇੱਥੇ ਵੀ 2001-11 ਦੇ ਅਰਸੇ 'ਚ 1112 ਫਿਰਕੂ ਝੜਪਾਂ ਜਾਂ ਦੰਗੇ ਹੋਏ ਜਿਹਨਾਂ 'ਚ 384 ਮੌਤਾਂ ਹੋਈਆਂ। ਇਸ ਤੋਂ ਬਾਅਦ ਨੰਬਰ ਆਉਂਦਾ ਹੈ, ਮੱਧ ਪ੍ਰਦੇਸ਼ ਦਾ ਜਿੱਥੇ 2000-08 ਦੇ ਅਰਸੇ 'ਚ 801 ਫਿਰਕੂ ਵਾਰਦਾਤਾਂ ਹੋਈਆਂ ਤੇ 115 ਮੌਤਾਂ। ਇਸ ਸੂਬੇ ਨੇ ਤਾਂ ਤਰੱਕੀ ਵੀ ਕੀਤੀ ਹੈ, ਜੇ 2005-2009 ਦਾ ਅਰਸਾ ਲਈਏ ਤਾਂ ਇਹ ਦੂਜੇ ਥਾਂ ਆ ਜਾਂਦਾ ਹੈ ਜਦੋਂ ਇੱਥੇ 648 ਘਟਨਾਵਾਂ ਹੋਈਆਂ। ਇੱਕ ਹੋਰ ਗੱਲ, ਅਕਸਰ ਦੰਗਿਆਂ ਨੂੰ ਹਿੰਦੂ-ਮੁਸਲਿਮ ਦੰਗੇ ਜਾਂ ਫਿਰਕੂ ਝੜਪਾਂ ਦਾ ਨਾਂ ਦਿੱਤਾ ਜਾਂਦਾ ਹੈ, ਪਰ ਮਰਨ ਵਾਲਿਆਂ ਦੀ ਬਹੁਗਿਣਤੀ ਮੁਸਲਮਾਨਾਂ ਦੀ ਹੈ। ਗੁਜਰਾਤ ਦੰਗਿਆਂ 'ਚ ਮਰਨ ਵਾਲ਼ੇ ਵੀ ਸਰਕਾਰੀ ਰਿਪੋਰਟਾਂ ਅਨੁਸਾਰ 75% ਤੋਂ ਵੱਧ ਮੁਸਲਿਮ ਸਨ, ਜਦਕਿ ਗੈਰ-ਸਰਕਾਰੀ ਰਿਪੋਰਟਾਂ ਅਨੁਸਾਰ ਇਹੀ ਅੰਕੜਾ 90% ਤੋਂ ਵੱਧ ਦਾ ਹੈ। ਹੋਰ ਸਾਰੀਆਂ ਅਜਿਹੀਆਂ ਘਟਨਾਵਾਂ ਦਾ ਕੁਲ ਫੀਸਦੀ ਵੀ ਇਹੋ ਦਰਸਾਉਂਦਾ ਹੈ। ਤੱਥ ਇਹ ਸਪੱਸ਼ਟ ਦੱਸਦੇ ਹਨ ਕਿ ਆਮ ਤੌਰ 'ਤੇ ਇਹ ਹਿੰਦੂ-ਮੁਸਲਿਮ ਦੰਗੇ ਜਾਂ ਝੜਪਾਂ ਹੁੰਦੀਆਂ ਹਨ ਜਾਂ ਮੁਸਲਮਾਨਾਂ 'ਤੇ ਯੋਜਨਾਬੱਧ ਹਮਲੇ ਤੇ ਕਤਲੇਆਮ।

ਇਸ ਤੋਂ ਇਲਾਵਾ, ਉੜੀਸਾ ਰਾਜ 'ਚ 2007-08 'ਚ ਈਸਾਈ-ਵਿਰੋਧੀ ਦੰਗੇ ਹੋਏ ਜਿਹਨਾਂ 'ਚ ਸੰਘ ਪਰਿਵਾਰ ਦੀ ਜਥੇਬੰਦੀ ਵਿਸ਼ਵ ਹਿੰਦੂ ਪਰਿਸ਼ਦ ਨੇ ਭੂਮਿਕਾ ਨਿਭਾਈ। ਸਭ ਤੋਂ ਭਿਅੰਕਰ ਦੰਗੇ ਕੰਧਮਾਲ ਜ਼ਿਲ੍ਹੇ 'ਚ ਹੋਏ ਜਿੱਥੇ ਹਿੰਸਾ ਦੇ ਨੰਗੇ ਨਾਚ ਵਿੱਚ 310 ਪਿੰਡਾਂ ਦੇ 4600 ਘਰ ਜਲਾ ਦਿੱਤੇ ਗਏ, 40 ਮੌਤਾਂ ਹੋਈਆਂ, 18,000 ਲੋਕ ਜ਼ਖਮੀ ਹੋਏ, 50,000 ਨੂੰ ਆਪਣੀ ਜਗ੍ਹਾ ਤੋਂ ਉੱਜੜਨਾ ਪਿਆ ਅਤੇ 252 ਚਰਚ ਤੇ 13 ਵਿੱਦਿਅਕ ਸੰਸਥਾਵਾਂ ਅੱਗ ਹਵਾਲੇ ਕਰ ਦਿੱਤੀਆਂ ਗਈਆਂ, ਬਲਾਤਕਾਰ ਅਤੇ ਯਤੀਮਖਾਨੇ ਜਲਾਉਣ ਦੀਆਂ ਘਟਨਾਵਾਂ ਹੋਈਆਂ। ਜ਼ਿਕਰਯੋਗ ਹੈ ਕਿ ਇਹਨਾਂ ਦੰਗਿਆਂ ਸਮੇਂ ਭਾਜਪਾ ਬੀਜੂ ਜਨਤਾ ਦਲ ਨਾਲ ਸੂਬੇ ਦੀ ਗੱਠਜੋੜ ਸਰਕਾਰ ਦਾ ਹਿੱਸਾ ਸੀ, ਭਾਜਪਾ ਦਾ ਇੱਕ ਵਿਧਾਇਕ ਸਿੱਧੇ ਇਹਨਾਂ ਦੰਗਿਆਂ ਨੂੰ ਭੜਕਾਉਣ 'ਚ ਸ਼ਾਮਿਲ ਸੀ ਅਤੇ ਮੁੱਖ-ਮੰਤਰੀ ਨਵੀਨ ਪਟਨਾਇਕ ਨੇ ਭਾਜਪਾ ਤੇ ਸੰਘ ਦੇ ਦੂਜੇ ਫਾਸੀਵਾਦੀ ਸੰਗਠਨਾਂ ਦੀ ਇਹਨਾਂ ਦੰਗਿਆਂ 'ਚ ਸ਼ਮੂਲੀਅਤ ਲਈ ਆਲੋਚਨਾ ਜਾਂ ਵਿਰੋਧ ਦਾ ਇੱਕ ਸ਼ਬਦ ਮੂੰਹੋਂ ਨਹੀਂ ਫੁੱਟਿਆ, ਜਦੋਂ ਚੋਣਾਂ ਨੇੜੇ ਆਈਆਂ ਤਾਂ ਉਸਨੇ ਭਾਜਪਾ ਨਾਲੋਂ ਸਮਝੌਤਾ ਤੋੜ ਕੇ ਦੰਗਿਆਂ ਕਾਰਨ 'ਸੂਬੇ ਦੀ ਹੋਈ ਕੌਮਾਂਤਰੀ ਸ਼ਰਮਸ਼ਾਰੀ' ਤੇ 'ਸੰਘ ਦੀ ਘਟੀਆ ਭੂਮਿਕਾ' ਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ।

ਇਸੇ ਤਰ੍ਹਾਂ ਕਰਨਾਟਕ ਰਾਜ 'ਚ ਘੱਟਗਿਣਤੀਆਂ ਖਿਲਾਫ ਹਿੰਸਾ ਦੀਆਂ ਵਾਰਦਾਤਾਂ ਲਗਾਤਾਰ ਹੋ ਰਹੀਆਂ ਹਨ ਜਿਹਨਾਂ ਪਿੱਛੇ ਸੰਘ ਤੇ ਇਸ ਨਾਲ ਜੁੜੀਆਂ ਜਥੇਬੰਦੀਆਂ ਦਾ ਹੀ ਹੱਥ ਰਿਹਾ ਹੈ। ਪਿਛਲੇ ਦਹਾਕੇ ਦੌਰਾਨ ਇਸ ਸੂਬੇ ਨੇ 2009 ਦੀਆਂ ਮੈਸੂਰ 'ਚ ਹੋਈਆਂ ਮੁਸਲਿਮ ਵਿਰੋਧੀ ਵਾਰਦਾਤਾਂ, ਅਤੇ 2008 ਵਿੱਚ ਮੰਗਲੋਰ, ਉਡਪੀ, ਸ਼ਿਮੋਗਾ ਆਦਿ ਸ਼ਹਿਰਾਂ 'ਚ ਚਰਚਾਂ ਤੇ ਪਾਦਰੀਆਂ 'ਤੇ ਲਗਾਤਾਰ ਹੋਏ ਹਮਲੇ ਤੱਕੇ ਹਨ। ਇਸ ਸੂਬੇ 'ਚ ਵੀ ਸੰਘ ਪਿਛਲੇ ਚਾਲੀ ਸਾਲਾਂ ਤੋਂ ਲਗਾਤਾਰ ਆਪਣਾ ਪ੍ਰਾਪੇਗੰਡਾ ਕਰ ਰਿਹਾ ਹੈ ਭਾਵੇਂ ਇਸ ਦਾ ਨਤੀਜਾ ਹਾਲੇ ਬੰਬਈ 1992 ਜਾਂ ਗੁਜਰਾਤ 2002 ਜਿਹਾ ਦਿਖਾਈ ਨਹੀਂ ਦਿੱਤਾ ਪਰ ਇਸਦੀ ਪੂਰੀ ਸੰਭਾਵਨਾ ਹੈ ਜਿਸ ਲਈ ਪੂਰੀ ਕੋਸ਼ਿਸ਼ ਸੰਘ ਜਾਂ ਇਹਦੇ ਨਾਲ ਜੁੜੇ ਹੋਰ ਫਾਸੀਵਾਦੀ ਗਿਰੋਹ ਲਗਾਤਾਰ ਕਰ ਰਹੇ ਹਨ ਜਿਹਨਾਂ ਨੇ ਇਸ ਸੂਬੇ 'ਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਖਾਸ ਜ਼ੋਰ ਫੜ ਲਿਆ ਹੈ। ਅਜਿਹੀ ਹੀ ਕੋਸ਼ਿਸ਼ ਸ੍ਰੀਰਾਮ ਸੇਨੇ ਨਾਂ ਦੇ ਹਿੰਦੂ ਫਾਸੀਵਾਦੀ ਗਿਰੋਹ ਨੇ 1 ਜਨਵਰੀ, 2012 ਨੂੰ ਸ਼ਿੰਧਾਗੀ ਨਾਂ ਦੇ ਕਸਬੇ 'ਚ ਕੀਤੀ। ਸ੍ਰੀਰਾਮ ਸੇਨੇ ਦੇ ਕਾਰਕੁੰਨਾਂ ਨੇ ਤਹਿਸੀਲਦਾਰ ਦਫਤਰ 'ਤੇ ਅੱਧੀ ਰਾਤ ਨੂੰ ਪਾਕਿਸਤਾਨ ਦਾ ਝੰਡਾ ਚੜ੍ਹਾ ਦਿੱਤਾ ਅਤੇ ਇਸਦਾ ਇਲਜ਼ਾਮ ਸਥਾਨਕ ਮੁਸਲਮਾਨ ਆਬਾਦੀ ਸਿਰ ਧਰ

ਦਿੱਤਾ ਅਤੇ ਇਲਾਕੇ 'ਚ ਮੁਸਲਿਮ ਵਿਰੋਧੀ ਪ੍ਰਚਾਰ ਆਰੰਭ ਕੇ ਮਾਹੌਲ ਨੂੰ ਫਿਰਕੂ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ। ਛੇ ਦਿਨਾਂ ਬਾਅਦ ਜਦੋਂ ਇਸ ਗਿਰੋਹ ਦੇ ਝੰਡਾ ਚੜਾਉਣ ਵਾਲੇ ਛੇ ਬੰਦੇ ਦਬੋਚੇ ਗਏ ਤਾਂ ਸਾਰੀਆਂ ਹਿੰਦੂ ਫਾਸੀਵਾਦੀ ਧਿਰਾਂ ਨੇ ਇਹਨਾਂ ਦੇ ਬਚਾਉ ਲਈ ਰੌਲ਼ਾ ਪਾਇਆ। ਇਹ ਵੀ ਸਾਹਮਣੇ ਆਇਆ ਕਿ ਇਹਨਾਂ ਹੀ ਛੇ ਬੰਦਿਆਂ ਨੇ ਘਟਨਾ ਤੋਂ ਦੂਜੇ ਦਿਨ ਪੁਲਿਸ ਦੁਆਰਾ 'ਦੋਸ਼ੀਆਂ' ਨੂੰ ਫੜਨ 'ਚ ਦੇਰੀ ਕਰਨ ਕਾਰਨ ਰੋਸ-ਵਿਖਾਵੇ ਆਯੋਜਿਤ ਕੀਤੇ ਸਨ।

ਸੰਘ ਦੇ ਆਪਣੇ ਰਵਾਇਤੀ ਗੜ੍ਹਾਂ ਤੋਂ ਬਾਹਰ ਫੈਲਣ ਦੇ ਸੰਕੇਤ ਵੀ ਆਉਣੇ ਸ਼ੁਰੂ ਹੋ ਗਏ ਹਨ। ਰਾਜਸਥਾਨ 'ਚ ਸੰਘ ਨੇ ਪੈਰ ਪਸਾਰੇ ਹਨ। ਇੱਥੇ ਉਦੈਪੁਰ, ਜੋਧਪੁਰ ਦੇ ਲਾਗੇ ਪਿੰਡ ਬਾਲੇਸਰ 'ਚ ਫਿਰਕੂ ਵਾਰਦਾਤਾਂ ਹੋ ਚੁੱਕੀਆਂ ਹਨ ਅਤੇ ਕੁਝ ਮਹੀਨੇ ਪਹਿਲਾਂ ਹੀ ਭਰਤਪੁਰ ਜ਼ਿਲ੍ਹੇ 'ਚ ਹੋਏ ਗੋਪਾਲਗੰਜ ਹੱਤਿਆਕਾਂਡ ਨੇ ਸੰਘ ਦੇ ਇਸ ਰਾਜ 'ਚ ਬੁਣੇ ਹੋਏ ਤਾਣੇਬਾਣੇ ਨੂੰ ਸਾਹਮਣੇ ਲਿਆਂਦਾ ਹੈ। ਪਹਿਲਾਂ ਤਾਂ ਸੂਬੇ ਦੀ ਕਾਂਗਰਸੀ ਸਰਕਾਰ ਨੇ ਇਸ ਘਟਨਾ 'ਤੇ ਪਰਦੇ ਪਾਉਣ ਦੀ ਕੋਸ਼ਿਸ਼ ਕੀਤੀ ਪਰ ਬਾਅਦ 'ਚ ਜਦੋਂ ਜਾਂਚ ਰਿਪੋਰਟਾਂ ਨੇ ਇਸ ਹੱਤਿਆਕਾਂਡ 'ਚ ਸੰਘ ਦੇ ਸਥਾਨਕ ਗੁੱਜਰ ਭੂਮੀਪਤੀਆਂ ਅਤੇ ਸਰਕਾਰੀ ਢਾਂਚੇ ਤੇ ਪੁਲਿਸ ਨਾਲ਼ ਇਸਦੇ ਸੰਬੰਧਾਂ ਨੂੰ ਨੰਗਾ ਕਰ ਦਿੱਤਾ ਤਾਂ ਦਿਖਾਵੇ ਲਈ ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਬਦਲੀ ਆਦਿ ਕੀਤੀ ਜਾਣ ਲੱਗੀ। ਗੋਪਾਲਗੰਜ ਇਲਾਕੇ 'ਚ ਇੱਕ ਕਬਰਿਸਤਾਨ ਦੀ ਜ਼ਮੀਨ ਦਾ ਝਗੜਾ ਹੈ ਜਿਸ ਬਾਰੇ ਕਈ ਵਾਰ ਅਦਾਲਤੀ ਫੈਸਲਾ ਮੁਸਲਿਮ ਸਮੁਦਾਇ ਦੇ ਹੱਕ 'ਚ ਹੋ ਚੁੱਕਾ ਹੈ ਪਰ ਗੁੱਜਰ ਭੂਮੀਪਤੀ ਇਸ ਨੂੰ ਮੰਨਣ ਤੋਂ ਇਨਕਾਰੀ ਹਨ। 14 ਸਤੰਬਰ, 2011 ਦੇ ਦਿਨ ਜਦੋਂ ਇਸ ਬਾਰੇ ਦੋਵਾਂ ਧਿਰਾਂ 'ਚ ਗੱਲਬਾਤ ਚੱਲ ਰਹੀ ਸੀ ਤਾਂ ਕਈ ਦਿਨਾਂ ਤੋਂ ਲਾਮਬੰਦ ਕੀਤੇ ਹੋਏ ਸੰਘ, ਵਿਹਿਪ, ਬਜਰੰਗ ਦਲ ਤੇ ਗੁੱਜਰ ਭੂਮੀਪਤੀਆਂ ਦੇ ਗੁੰਡਿਆਂ ਨੇ ਮੁਸਲਿਮ ਮੁਹੱਲਿਆਂ 'ਚ ਲੁੱਟ-ਖੋਹ ਤੇ ਅਗਜ਼ਨੀ ਸ਼ੁਰੂ ਕਰ ਦਿੱਤੀ। ਦੁਪਹਿਰ ਵੇਲੇ ਜਦੋਂ ਇਲਾਕੇ ਦੇ ਮੁਸਲਿਮ ਲੋਕ ਮਸਜਿਦ 'ਚ ਨਮਾਜ ਲਈ ਇਕੱਠੇ ਹੋਏ ਤਾਂ ਇਹਨਾਂ ਨੇ ਪੁਲਿਸ ਨਾਲ ਮਿਲ਼ਕੇ ਮਸਜਿਦ 'ਚੋਂ ਬਾਹਰ ਨਿਕਲਣ ਦੇ ਰਸਤਿਆਂ 'ਚ ਪੁਲਿਸ ਦੇ ਵਾਹਨ ਖੜ੍ਹਾ ਕੇ ਹਮਲਾ ਬੋਲ ਦਿੱਤਾ। ਡਾਂਗਾਂ ਅਤੇ ਗੋਲੀਆਂ ਨਾਲ਼ ਹੋਏ ਇਸ ਹਮਲੇ 'ਚ 20 ਦੇ ਲੱਗਭੱਗ ਲੋਕ ਮਾਰੇ ਗਏ। ਗੋਲ਼ੀਆਂ ਦੇ ਨਿਸ਼ਾਨ ਮਿਟਾਉਣ ਲਈ ਲੱਤਾਂ-ਬਾਹਾਂ ਕੱਟੀਆਂ ਗਈਆਂ ਅਤੇ ਮਰੇ-ਅਧਮਰੇ ਲੋਕਾਂ ਨੂੰ ਜਲਾ ਦਿੱਤਾ ਗਿਆ। ਇੱਕ ਹੋਰ ਸੂਬੇ ਉੱਤਰਾਖੰਡ 'ਚ ਵੀ ਤਰਾਈ ਦਾ ਇਲਾਕਾ ਜਿਹੜਾ ਬਹੁਤ ਬੁਰੇ ਸਮਿਆਂ ਦੌਰਾਨ ਜਿਵੇਂ ਬਾਬਰੀ ਮਸਜਿਦ ਨੂੰ ਢਾਹੇ ਜਾਣ ਤੋਂ ਬਾਅਦ, ਵੀ ਸ਼ਾਂਤ ਰਿਹਾ ਸੀ, ਹੁਣ ਫਿਰਕੂ ਦੰਗਿਆਂ ਦੇ ਲਪੇਟ 'ਚ ਆ ਗਿਆ ਹੈ। 2001 'ਚ ਸ਼ਹੀਦ ਅਸ਼ਫਾਕ ਦਾ ਬੁੱਤ ਤੋੜਨ ਤੇ 2003 'ਚ ਇੱਕ ਮਸਜਿਦ ਦੀ ਉਸਾਰੀ 'ਤੇ ਰੌਲਾ ਪਾ ਕੇ ਸ਼ੁਰੂ ਕੀਤੀ ਮੁਹਿੰਮ ਨੇ ਅਕਤੂਬਰ, 2011 ਸਿੱਟੇ ਵਿਖਾਏ ਅਤੇ ਰੁਦਰਪੁਰ ਸ਼ਹਿਰ 'ਚ ਦੰਗੇ ਭੜਕ ਉੱਠੇ।

ਦੰਗਿਆਂ ਲਈ ਮਾਹੌਲ ਬਣਾਉਣਾ ਅਤੇ ਫਿਰ ਇਸਨੂੰ ਅੰਜ਼ਾਮ ਦੇਣਾ, ਸਿਰਫ ਇਹੀ ਨਹੀਂ ਜੋ ਸੰਘੀ ਫਾਸੀਵਾਦ ਕਰਦਾ ਹੈ। ਦੁਨੀਆਂ ਦੇ ਹਰ ਫਾਸੀਵਾਦੀ ਦੀ ਤਰ੍ਹਾਂ, ਇਹ ਵੀ ਆਪਣੇ ਵਿਰੁੱਧ ਬੋਲਣ ਵਾਲੇ ਕਲਾਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਖਿਲਾਫ ਹਮਲੇ, ਧਮਕੀਆਂ ਤੇ ਇੱਥੋਂ ਤੱਕ ਕਿ ਕਤਲ ਦੀਆਂ ਵਾਰਦਾਤਾਂ ਵੀ ਕਰਦਾ ਹੈ। ਮੱਧ ਪ੍ਰਦੇਸ਼ ਦੇ ਉੱਜੈਨ ਸ਼ਹਿਰ 'ਚ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ ਦੇ ਗੁੰਡਿਆਂ ਦੁਆਰਾ ਪ੍ਰੋ. ਸੱਭਰਵਾਲ ਦਾ ਕਤਲ, ਉੱਘੇ ਚਿਤਰਕਾਰ ਐਮ. ਐਫ. ਹੁਸੈਨ 'ਤੇ ਲਗਾਤਾਰ ਹਮਲੇ, ਕਸ਼ਮੀਰ ਮਸਲੇ 'ਤੇ ਹੋਣ ਵਾਲੇ ਸੈਮੀਨਾਰਾਂ ਆਦਿ 'ਚ ਲਗਾਤਾਰ ਗੁੰਡਾਗਰਦੀ ਅਤੇ ਇਸ ਮਸਲੇ 'ਤੇ ਸੰਘ ਦੇ ਉਲ਼ਟ ਬੋਲਣ ਵਾਲਿਆਂ 'ਤੇ ਹਮਲੇ ਜਿਸ ਵਿੱਚ ਹੁਣੇ-ਹੁਣੇ ਵਕੀਲ ਸ਼ਾਂਤੀ ਭੂਸ਼ਣ ਉੱਤੇ ਹੋਇਆ ਹਮਲਾ ਕੁਝ ਉਦਾਹਰਣਾਂ ਹਨ। ਵਿੱਦਿਅਕ ਸੰਸਥਾਵਾਂ ਦਾ ਭਗਵਾਂਕਰਨ ਅਤੇ ਸੰਘ ਦੇ ਉਲਟ ਵਿਚਾਰਾਂ ਜਾਂ ਭਾਰਤ ਦੇ ਇਤਿਹਾਸ ਤੇ ਸੱਭਿਆਚਾਰ ਦੀ 'ਸੰਘੀ ਕਹਾਣੀ' ਦੇ ਖਿਲਾਫ ਜਾਣ ਵਾਲੀਆਂ ਕਿਤਾਬਾਂ ਨੂੰ ਸਿਲੇਬਸਾਂ 'ਚੋਂ ਬਾਹਰ ਕਢਾਉਣ, ਜਲਾਉਣ ਦੀਆਂ ਘਟਨਾਵਾਂ ਅਕਸਰ ਹੁੰਦੀਆਂ ਹਨ, ਇਹ ਚਾਹੇ ਰੋਹਿੰਟਨ ਮਿਸਤਰੀ ਦੇ ਨਾਵਲ ਨੂੰ ਮੁੰਬਈ ਯੂਨੀਵਰਸਿਟੀ ਦੇ ਸਿਲੇਬਸ 'ਚੋਂ ਅਤੇ ਰਾਮਾਨੁਜਨ ਦੇ ਰਮਾਇਣ ਬਾਰੇ ਲੇਖ ਨੂੰ ਦਿੱਲੀ ਯੂਨੀਵਰਸਿਟੀ ਦੇ ਸਿਲੇਬਸ 'ਚੋਂ ਕੱਢਣ ਦਾ ਮਾਮਲਾ ਹੋਵੇ। ਇਸੇ ਤਰ੍ਹਾਂ ਸੰਘੀ ਦਬਾਅ ਕਾਰਨ ਜਨਤਾ ਪਾਰਟੀ ਸਰਕਾਰ ਨੇ ਇਤਿਹਾਸਕਾਰ ਰਾਮ ਸ਼ਰਨ ਸ਼ਰਮਾ ਦੀ ਕਿਤਾਬ "ਐਨਸ਼ਿਅੰਟ ਇੰਡੀਆ" ਨੂੰ ਸਿਲੇਬਸ 'ਚੋਂ ਬਾਹਰ ਕੱਢ ਦਿੱਤਾ ਸੀ।

ਆਪਣੀਆਂ ਇਹਨਾਂ ਰਵਾਇਤੀ ਸਰਗਰਮੀਆਂ ਤੋਂ ਇਲਾਵਾ ਪਿਛਲੇ ਦਹਾਕੇ ਦੌਰਾਨ ਸੰਘ ਦੀਆਂ ਅੱਤਵਾਦੀ ਕਾਰਵਾਈਆਂ ਨੂੰ ਵੀ ਲੰਘੇ ਦਹਾਕੇ ਦੌਰਾਨ ਦਿਨ ਦਾ ਚਾਨਣਾ ਨਸੀਬ ਹੋਇਆ। ਮਹਾਤਮਾ ਗਾਂਧੀ ਦੇ ਕਤਲ ਤੋਂ ਬਿਨਾਂ ਅਜ਼ਾਦੀ ਤੋਂ ਬਾਅਦ ਸੰਘ ਨੇ ਇਸ ਖੇਤਰ 'ਚ ਬਹੁਤਾ ਕੁਝ ਨਹੀਂ ਕੀਤਾ ਸੀ। ਪਰ ਲੰਘੇ ਦਹਾਕੇ 'ਚ ਕਈ 'ਰਹੱਸਮਈ' ਬੰਬ ਧਮਾਕਿਆਂ ਦੇ ਪੇਚ ਜਦੋਂ ਖੁੱਲ੍ਹਣ ਲੱਗੇ ਤਾਂ ਸੰਘ ਦੇ ਅੱਤਵਾਦੀ ਨੈੱਟਵਰਕ ਤੇ ਹਥਿਆਰਬੰਦ ਤਿਆਰੀਆਂ ਦਾ ਤਾਣਾਬਾਣਾ ਸਾਹਮਣੇ ਆਇਆ। 2003 ਅਤੇ 2004 ਦੇ ਸਾਲਾਂ 'ਚ ਮਹਾਂਰਾਸ਼ਟਰ ਦੇ ਮਰਾਠਵਾੜਾ ਇਲਾਕੇ ਦੇ ਤਿੰਨ ਸ਼ਹਿਰਾਂ ਜਾਲਨਾ, ਪੂਰਨਾ ਤੇ ਪਰਭਣੀ ਦੀਆਂ ਮਸਜਿਦਾਂ 'ਚ ਬੰਬ ਧਮਾਕੇ ਹੋਏ ਅਤੇ ਪਰਭਣੀ ਦੀ ਇੱਕ ਮਸਜਿਦ ਦੇ ਬਾਹਰ ਮੋਟਰਸਾਈਕਲ ਸਵਾਰ ਵਿਅਕਤੀਆਂ ਨੇ ਨਮਾਜ ਲਈ ਆਏ ਲੋਕਾਂ 'ਤੇ ਅੰਨ੍ਹੇਵਾਹ ਫਾਇਰਿੰਗ ਕੀਤੀ। ਪਰਭਣੀ 'ਚ ਹੋਈ ਇਸ ਘਟਨਾ ਤੋਂ ਬਾਅਦ ਤਾਂ ਪੂਰੇ ਮਰਾਠਵਾੜਾ ਹਿੱਸੇ 'ਚ ਹਿੰਸਾ ਫੈਲ ਗਈ ਸੀ। ਇਹ ਧਮਾਕੇ ਰਹੱਸਮਈ ਬਣੇ ਰਹੇ। ਫਿਰ ਸਾਲ 2006 'ਚ ਨਾਂਦੇੜ ਦੇ ਇੱਕ ਘਰ 'ਚ ਧਮਾਕਾ ਹੋਇਆ ਅਤੇ ਅਗਲੇ ਸਾਲ ਇਸੇ ਸ਼ਹਿਰ ਦੀ ਇੱਕ ਬੇਕਰੀ 'ਚ ਬੰਬ ਧਮਾਕਾ ਹੋਇਆ। ਇਸ ਤੋਂ ਬਾਅਦ 18 ਫਰਵਰੀ, 2007 ਨੂੰ ਸਮਝੌਤਾ ਐਕਸਪ੍ਰੈਸ 'ਚ ਬੰਬ ਧਮਾਕਾ ਜਿਸ 'ਚ 68 ਲੋਕਾਂ ਦੀ ਮੌਤ ਹੋ ਗਈ ਅਤੇ 2008 'ਚ ਮਹਾਂਰਾਸ਼ਟਰ ਦੇ ਸ਼ਹਿਰ ਮਾਲੇਗਾਉਂ 'ਚ ਮਸਜਿਦ ਅੱਗੇ ਬੰਬ ਧਮਾਕਾ ਹੋਇਆ। ਜਦੋਂ ਨਾਂਦੇੜ ਵਾਲੇ ਧਮਾਕੇ ਦੀ ਤਫਤੀਸ਼ ਸ਼ੁਰੂ ਹੋਈ ਤਾਂ ਪਤਾ ਲੱਗਾ ਕਿ ਧਮਾਕੇ ਵਾਲਾ ਘਰ ਸੰਘ ਨਾਲ ਜੁੜੇ ਇੱਕ ਵਿਅਕਤੀ ਦਾ ਹੈ ਅਤੇ ਮਾਰੇ ਗਏ ਦੋ ਵਿਅਕਤੀ

ਬਜਰੰਗ ਦਲ ਕਾਰਕੁੰਨ ਸਨ। ਜ਼ਖਮੀ ਹੋਏ ਚਾਰ ਆਦਮੀ ਵੀ ਸੰਘ ਦੇ ਹੀ ਮੈਂਬਰ ਸਨ। ਬੇਕਰੀ ਧਮਾਕੇ 'ਚ ਮਾਰੇ ਗਏ ਦੋ ਵਿਅਕਤੀ ਵੀ ਬਜਰੰਗ ਦਲ ਦੇ ਮੈਂਬਰ ਨਿਕਲੇ। ਅਸਲ ਵਿੱਚ ਇਹਨਾਂ ਦੋਵਾਂ ਥਾਂਵਾਂ 'ਤੇ ਸੰਘੀ ਟੋਲੇ ਬੰਬ ਬਣਾ ਰਹੇ ਸਨ ਜਿਹਨਾਂ ਦੀ ਵਰਤੋਂ ਨਾਂਦੇੜ ਸ਼ਹਿਰ 'ਚ ਮੁਸਲਮਾਨਾਂ 'ਤੇ ਹਮਲੇ ਲਈ ਤੇ ਦੰਗੇ ਭੜਕਾਉਣ ਲਈ ਹੋਣੀ ਸੀ। ਇਸੇ ਟੋਲੀ ਨੇ ਜਾਲਨਾ, ਪੂਰਣਾ ਤੇ ਪਰਭਣੀ 'ਚ ਧਮਾਕੇ ਕੀਤੇ ਸਨ। ਇਸ ਤਰ੍ਹਾਂ ਜਦੋਂ ਤਾਣੀ ਉਧੜਨ ਲੱਗੀ ਤਾਂ ਮਾਲੇਗਾਉਂ ਧਮਾਕੇ ਅਤੇ ਸਮਝੌਤਾ ਐਕਸਪ੍ਰੈਸ 'ਚ ਧਮਾਕੇ ਪਿੱਛੇ ਵੀ ਸੰਘੀ ਫਾਸੀਵਾਦ ਦਾ ਹੱਥ ਹੋਣਾ ਸਾਹਮਣੇ ਆਇਆ। ਸੰਤ ਅਸੀਮਾਨੰਦ, ਸਾਧਣੀ ਪ੍ਰਗਿਆ ਠਾਕੁਰ ਅਤੇ ਫੌਜ ਦੇ ਲੈਫਟੀਨੈਂਟ ਕਰਨਲ ਪੁਰੋਹਿਤ ਤੱਕ ਤਾਰਾਂ ਜਾ ਪਹੁੰਚੀਆਂ। ਸਭ ਕੁਝ ਸਾਹਮਣੇ ਆਉਣ 'ਤੇ ਸੰਘ, ਇਸਦੇ ਹੋਰ ਫਾਸੀਵਾਦੀ ਗਿਰੋਹਾਂ ਅਤੇ ਪਾਰਲੀਮਾਨੀ ਮਖੌਟੇ ਭਾਜਪਾ ਨੇ ਖੂਬ ਰੌਲ਼ਾ ਪਾਇਆ, ਮੁਕਰਨ ਦੀ ਕੋਸ਼ਿਸ਼ ਵੀ ਕੀਤੀ ਅਤੇ ਫੜੇ ਗਏ ਸੰਘੀ ਕਾਰਕੁੰਨਾਂ ਦੇ ਬੇਕਸੂਰ ਤੇ ਦੇਸ਼ਭਗਤ ਹੋਣ ਦਾ ਨਾਟਕ ਕੀਤਾ। ਪਰ ਇੰਨਾ ਹੀ ਨਹੀਂ ਕਿ ਇਸ ਨਾਲ ਸੰਘ ਦੇ ਅੱਤਵਾਦੀ ਸਰਗਰਮੀਆਂ 'ਚ ਲਿੱਬੜੇ ਹੋਣ ਦਾ ਹੀ ਪਰਦਾਫਾਸ਼ ਹੋਇਆ, ਇਸ ਨਾਲ ਸੰਘ ਦੀਆਂ ਲੰਮੇ ਦਾਅ ਦੀਆਂ ਹਥਿਆਰਬੰਦ ਤਿਆਰੀਆਂ ਵੀ ਬਾਹਰ ਆ ਗਈਆਂ ਜਿਸ ਬਾਰੇ ਅਸੀਂ ਲੇਖ ਦੇ ਅਗਲੇ ਹਿੱਸੇ 'ਚ ਚਰਚਾ ਕਰਾਂਗੇ।

ਆਮ ਲੋਕਾਂ ਖਿਲਾਫ ਫਾਸੀਵਾਦੀ ਜੰਗ ਜਾਰੀ ਰਹਿੰਦੀ ਹੈ, ਸਿਰਫ ਤਰੀਕੇ ਬਦਲਦੇ ਹਨ

ਭਾਜਪਾ ਅਤੇ ਸੰਘ ਦੇ ਤਿੰਨ ਕੇਂਦਰੀ ਮੁੱਦਿਆਂ ਰਾਮ ਮੰਦਰ, ਧਾਰਾ 370 ਨੂੰ ਖਤਮ ਕਾਰਨ ਅਤੇ ਇਕਸਾਰ ਸਿਵਲ ਕੋਡ ਲਾਗੂ ਕਰਨ ਦੇ ਪਿਛਲੀਆਂ ਦੋ ਲੋਕ-ਸਭਾ ਚੋਣਾਂ ਦੌਰਾਨ ਚੋਣ-ਅਖਾੜੇ 'ਚ ਮਿਸ-ਪਟਾਕੇ ਸਾਬਿਤ ਹੋਣ ਕਾਰਨ ਸੰਘ ਨੇ ਇਹਨਾਂ ਨੂੰ ਅੱਜਕਲ ਪਿੱਠਭੂਮੀ 'ਚ ਧੱਕਿਆ ਹੈ ਅਤੇ ਲਾਮਬੰਦੀ ਦੇ ਹੋਰ ਸਮਾਜਿਕ ਤੇ ਸੱਭਿਆਚਾਰਕ ਰੰਗਤ ਵਾਲੇ ਢੰਗ-ਤਰੀਕੇ ਅਜ਼ਮਾਉਣੇ ਸ਼ੁਰੂ ਕੀਤੇ ਹਨ। ਇਹਨਾਂ 'ਚ ਪਹਿਲਾ ਕੰਮ ਜੋ ਸੰਘ ਕਰ ਰਿਹਾ ਹੈ ਉਹ ਹੈ ਗਊ-ਰੱਖਿਆ ਲਈ ਕਾਨੂੰਨ ਬਣਾਉਣ ਦੀ ਮੁਹਿੰਮ ਅਤੇ ਇਸ ਮਸਲੇ 'ਤੇ ਹਿੰਦੂ ਅਤੇ ਮੁਸਲਮਾਨਾਂ ਤੇ ਹੋਰ ਧਰਮਾਂ ਨੂੰ ਮੰਨਣ ਵਾਲਿਆਂ ਦੇ ਧਰੁਵੀਕਰਨ ਨੂੰ ਤਿੱਖਾ ਕਰਨਾ। ਦੂਸਰਾ ਖੇਤਰ ਜਿੱਥੇ ਸੰਘ ਪੂਰੇ ਜ਼ੋਰ ਨਾਲ ਕੰਮ ਕਰ ਰਿਹਾ ਹੈ ਉਹ ਹੈ ਸਿੱਖਿਆ ਨੂੰ ਫਿਰਕਾਪ੍ਰਸਤੀ ਤੇ ਫਾਸੀਵਾਦ ਦੀ ਰੰਗਤ ਚਾੜ੍ਹਨਾ, ਜਿਹੜੇ ਸੂਬਿਆਂ 'ਚ ਭਾਜਪਾ ਦੀ ਸਰਕਾਰ ਹੈ ਉੱਥੇ ਤਾਂ ਇਹ ਕੰਮ ਸਰਕਾਰਾਂ ਹੀ ਕਰ ਰਹੀਆਂ ਹਨ, ਬਾਕੀ ਥਾਂਵਾਂ 'ਤੇ ਆਪਣਾ ਅਜੰਡਾ ਕਿਵੇਂ ਲਾਗੂ ਕਰਵਾਉਣਾ ਹੈ, ਇਹ ਵੀ ਸੰਘ ਨੂੰ ਚੰਗੀ ਤਰ੍ਹਾਂ ਆਉਂਦਾ ਹੈ ਅਤੇ ਵੈਸੇ ਵੀ ਦੂਜੀਆਂ ਪਾਰਟੀਆਂ ਨੂੰ ਵੀ ਇਸ ਨਾਲ ਕੋਈ ਬਹੁਤੀ ਸਮੱਸਿਆ ਨਹੀਂ। ਤੀਜਾ ਕੰਮ, ਲੋਕਾਂ ਨੂੰ ਦਰਪੇਸ਼ ਮੁੱਦਿਆਂ ਨੂੰ ਢਾਲ਼ ਬਣਾਕੇ ਲੋਕਾਂ 'ਚ ਆਪਣਾ ਆਧਾਰ ਬਣਾਉਣਾ, ਭ੍ਰਿਸ਼ਟਾਚਾਰ ਵਿਰੋਧੀ 'ਅੰਨਾ ਮੁਹਿੰਮ' ਨੂੰ ਆਪਣੀ ਪੂਰੀ ਹਮਾਇਤ ਦੇਣੀ ਅਤੇ ਜਨਾਬ ਅਡਵਾਨੀ ਦੀ ਭ੍ਰਿਸ਼ਟਾਚਾਰ ਖਿਲਾਫ 'ਰੱਥ ਯਾਤਰਾ' ਇਸੇ ਪਲੈਨ ਦਾ ਹਿੱਸਾ ਸਨ।

1925 'ਚ ਆਪਣੀ ਸਥਾਪਨਾ ਤੋਂ ਹੀ, ਸੰਘ ਨੇ 'ਗਊ ਰਖਸ਼ਾ ਸਮਿਤੀਆਂ' ਦਾ ਇੱਕ ਵਿਆਪਕ ਨੈੱਟਵਰਕ ਖੜ੍ਹਾ ਕੀਤਾ ਹੈ ਖਾਸ ਕਰਕੇ ਉੱਤਰੀ ਭਾਰਤ ਵਿੱਚ, ਇਹਨਾਂ ਦਾ ਕੰਮ ਕਹਿਣ ਨੂੰ ਗਊਸ਼ਾਲਾਵਾਂ ਚਲਾਉਣ ਦਾ ਹੈ। ਪਰ ਆਪਣੇ ਜਨਮ ਤੋਂ ਹੀ ਇਹ ਸਮਿਤੀਆਂ ਦੰਗੇ ਭੜਕਾਉਣ ਤੇ ਫਿਰਕੂ ਤਣਾਅ ਖੜ੍ਹਾ ਕਰਨ 'ਚ ਸ਼ਾਮਿਲ ਰਹੀਆਂ ਹਨ। "ਗਊ ਹਿੰਦੂਆਂ ਲਈ ਪਵਿੱਤਰ ਹੈ। ਮੁਸਲਮਾਨ ਹਿੰਦੂਆਂ ਦੀ ਹੇਠੀ ਕਰਨ ਲਈ ਹੀ ਗਊ ਦਾ ਮਾਸ ਖਾਂਦੇ ਹਨ।" ਇਸ ਬੇਸਿਰਪੈਰ ਤੇ ਬੇਬੁਨਿਆਦ ਅਤੇ ਇਤਿਹਾਸਕ ਤੇ ਵਿਗਿਆਨਕ ਪੱਖੋਂ ਪੂਰੀ ਤਰ੍ਹਾਂ ਝੂਠ ਵਾਕ ਨੂੰ ਵਾਰ-ਵਾਰ ਦੁਹਰਾਣਾ ਇਹਨਾਂ ਸਮਿਤੀਆਂ ਦਾ ਕੇਂਦਰੀ ਨੁਕਤਾ ਰਿਹਾ ਹੈ। ਮੱਧ ਪ੍ਰਦੇਸ਼ 'ਚ ਹੁਣ ਇਸਨੂੰ ਹੀ 'ਪਵਿੱਤਰ ਗਊ' ਤੇ ਭੋਪਾਲ ਦੀਆਂ ਮਸਜਿਦਾਂ ਤਾਜ-ਉਲ-ਮਸਜਿਦ ਤੇ ਜਾਮਾ ਮਸਜਿਦ ਵਿਚਕਾਰ ਮੁਕਾਬਲੇ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਸਿਆਸੀ ਧਰਾਤਲ 'ਤੇ 1950ਵਿਆਂ ਤੋਂ ਹੀ ਗਊ ਰੱਖਿਆ ਦਾ ਮੁੱਦਾ ਭਾਜਪਾ ਦੇ ਅਜੰਡੇ 'ਤੇ ਰਿਹਾ ਹੈ ਉਦੋਂ ਜਦੋਂ ਇਹ ਜਨਸੰਘ ਦੇ ਨਾਮ ਹੇਠ ਕੰਮ ਕਰਦੀ ਸੀ। ਭਾਵੇਂ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਅੱਜਕੱਲ੍ਹ ਕੱਟੜ ਹਿੰਦੂਵਾਦੀ ਮਖੌਟੇ ਨੂੰ ਉਤਾਰ ਨਰਮ ਹਿੰਦੂਵਾਦੀ ਮਖੌਟਾ ਪਾਇਆ ਹੋਇਆ ਹੈ ਪਰ ਸੂਬਾਈ ਪੱਧਰ 'ਤੇ ਹਿੰਦੂ ਫਾਸੀਵਾਦੀ ਮਖੌਟਾ ਪੂਰੀ ਕੁਸ਼ਲਤਾ ਨਾਲ ਆਪਣਾ ਕੰਮ ਕਰੀ ਜਾ ਰਿਹਾ ਹੈ। ਇਸੇ ਨੂੰ ਧਿਆਨ 'ਚ ਰੱਖਦੇ ਹੋਏ ਮੱਧ ਪ੍ਰਦੇਸ਼ ਸਰਕਾਰ ਨੇ ਗਊ-ਰੱਖਿਆ ਲਈ ਕਾਨੂੰਨ ਨੂੰ ਹੋਰ ਸਖਤ ਬਣਾਉਣ ਲਈ ਬਿਲ ਪਾਸ ਕੀਤਾ ਹੈ ਜਿਸ ਤਹਿਤ ਹੁਣ ਗਊ ਨੂੰ ਮਾਰਨ ਲਈ ਸੱਤ ਸਾਲ ਕੈਦ ਦੀ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਹੈ। ਨਾ ਸਿਰਫ ਏਨਾ ਹੀ, ਗਊ-ਮਾਸ ਖਾਣਾ ਵੀ ਪੂਰੀ ਤਰ੍ਹਾਂ ਪਾਬੰਦੀਸ਼ੁਦਾ ਬਣਾ ਦਿੱਤਾ ਗਿਆ ਹੈ। ਗ੍ਰਿਫਤਾਰੀ ਦੇ ਅਧਿਕਾਰ ਹੈੱਡ ਕਾਂਸਟੇਬਲ ਰੈਂਕ ਦੇ ਪੁਲਿਸ ਕਰਮੀ ਨੂੰ ਦੇ ਦਿੱਤੇ ਗਏ ਹਨ, ਇੱਥੋਂ ਤੱਕ ਗਊ-ਮਾਸ ਖਾਂਦੇ ਹੋਣ ਦੇ ਸ਼ੱਕ ਦੇ ਅਧਾਰ 'ਤੇ ਵੀ ਕਿਸੇ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਇਸ ਕਾਨੂੰਨ ਨੂੰ ਪਾਸ ਕਰਨ ਤੋਂ ਪਹਿਲਾਂ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਪੂਰੇ ਮੱਧ ਪ੍ਰਦੇਸ਼ ਵਿੱਚ ਹਸਤਾਖਰ ਮੁਹਿੰਮ ਚਲਾਈ। ਸੂਬੇ ਦੀ ਸ਼ਿਵਰਾਜ ਚੌਹਾਨ ਸਰਕਾਰ ਨੇ ਵੱਡੀਆਂ ਰਕਮਾਂ ਸਰਕਾਰੀ ਤੌਰ 'ਤੇ ਗਊਸ਼ਾਲਾਵਾਂ ਬਣਾਉਣ ਲਈ ਜਾਰੀ ਕਰਨੀਆਂ ਹਨ। ਯਾਦ ਰਹੇ, ਮੱਧ ਪ੍ਰਦੇਸ਼ ਭਾਰਤ ਅਤੇ ਪੂਰੀ ਦੁਨੀਆਂ 'ਚ ਭਿਅੰਕਰ ਗਰੀਬੀ ਤੇ ਭੁੱਖਮਰੀ ਤੋਂ ਸਭ ਤੋਂ ਵੱਧ ਪ੍ਰਭਾਵਿਤ ਖਿੱਤਿਆਂ 'ਚ ਆਉਂਦਾ ਹੈ। ਭਾਜਪਾ ਦੀ ਹਕੂਮਤ ਵਾਲੇ ਹੋਰਨਾਂ ਸੂਬਿਆਂ, ਗੁਜਰਾਤ, ਕਰਨਾਟਕ, ਉੱਤਰਾਖੰਡ ਤੇ ਛੱਤੀਸਗੜ੍ਹ ਵਿੱਚ ਇਹੋ-ਜਿਹੇ ਕਾਨੂੰਨ ਬਣਾਏ ਗਏ ਹਨ।

ਸਿਖਿਆ ਦਾ ਭਗਵਾਂਕਰਨ ਵੀ ਵੱਡੇ ਪੱਧਰ 'ਤੇ ਜਾਰੀ ਹੈ। ਜਿੱਥੇ ਵੀ ਤੇ ਜਦੋਂ ਵੀ ਭਾਜਪਾ ਸੱਤਾ 'ਚ ਆਈ, ਉੱਥੇ ਪਾਠ ਪੁਸਤਕਾਂ ਨੂੰ 'ਸੋਧਣ' ਦਾ ਕੰਮ ਹੋਣਾ ਸ਼ੁਰੂ ਹੋ ਗਿਆ। ਕੇਂਦਰ 'ਚ ਸਰਕਾਰ ਰਹਿਣ ਸਮੇਂ ਵੀ ਭਾਜਪਾ ਮੰਤਰੀ ਮੁਰਲੀ ਮਨੋਹਰ ਜੋਸ਼ੀ ਨੇ 'ਪ੍ਰਾਇਮਰੀ, ਸੈਕੰਡਰੀ ਤੇ ਉੱਚੇ ਸਤਰ 'ਤੇ ਸਿਲੇਬਸ ਨੂੰ ਜ਼ਿਆਦਾ ਭਾਰਤੀ, ਜ਼ਿਆਦਾ ਕੌਮੀ ਅਤੇ ਜ਼ਿਆਦਾ ਅਧਿਆਤਮਕ' ਬਣਾਉਣ ਲਈ ਕੋਸ਼ਿਸ਼ਾਂ ਕੀਤੀਆਂ ਪਰ ਬੂਰ ਨਾ ਪਿਆ। ਪਰ ਭਾਜਪਾ ਦੀਆਂ ਸੂਬਾਈ ਸਰਕਾਰਾਂ ਇਸ ਵਿੱਚ ਕੋਈ ਢਿੱਲ ਨਹੀਂ ਵਰਤ ਰਹੀਆਂ।

ਗੁਜਰਾਤ ਵਿੱਚ ਨੌਂਵੀਂ ਜਮਾਤ ਨੂੰ ਪੜ੍ਹਾਇਆ ਜਾਂਦਾ ਹੈ ਕਿ "ਦੇਸ਼ ਨੂੰ ਦਰਪੇਸ਼ ਸਭ ਤੋਂ ਵੱਡੀ ਸਮੱਸਿਆ ਘੱਟਗਿਣਤੀਆਂ ਹਨ।" ਇਸ ਤੋਂ ਬਾਅਦ ਵਾਲੀਆਂ ਸਮੱਸਿਆਵਾਂ ਹਨ "ਅਨੁਸੂਚਿਤ ਜਾਤੀਆਂ ਤੇ ਕਬੀਲੇ, ਸਮੱਗਲਿੰਗ, ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ।" ਇਸੇ ਪਾਠ ਅਨੁਸਾਰ ਪਾਰਸੀ ਤੇ ਮੁਸਲਮਾਨ ਵਿਦੇਸ਼ੀ ਹਨ। ਸੈਕੰਡਰੀ ਪੱਧਰ 'ਤੇ ਸ਼੍ਰੀ ਨਰਿੰਦਰ ਮੋਦੀ ਦੀ ਜੀਵਨ ਕਹਾਣੀ ਪੜ੍ਹਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਮੱਧ ਪ੍ਰਦੇਸ਼ ਤੇ ਕਰਨਾਟਕ ਦੀਆਂ ਭਾਜਪਾਈ ਸਰਕਾਰਾਂ ਨੇ ਸਕੂਲਾਂ 'ਚ ਗੀਤਾ ਦੀ ਪੜਾਈ ਲਾਜ਼ਮੀ ਕਰਨ ਦੀ ਕੋਸ਼ਿਸ਼ ਕੀਤੀ, ਜੋ ਫਿਲਹਾਲ ਵਿਰੋਧ ਕਾਰਨ ਖੱਟੇ 'ਚ ਪੈ ਗਈ ਹੈ। ਉੱਤਰਾਖੰਡ ਦੀ ਭਾਜਪਾ ਸਰਕਾਰ ਨੇ ਨਵਾਂ ਖੇਤਰ ਲਭਿਆ ਹੈ – ਇੱਥੇ ਅੱਜਕੱਲ੍ਹ ਸੰਸਕ੍ਰਿਤ ਨੂੰ ਉਚੇਚਾ ਮਹੱਤਵ ਦੇਣ ਲਈ ਕੰਮ ਜਾਰੀ ਹੈ।

ਸਰਕਾਰਾਂ ਨੂੰ ਸਿੱਖਿਆ ਢਾਂਚੇ ਦਾ ਭਗਵਾਂਕਰਨ ਕਰਨ ਲਈ ਵਰਤਣ ਤੋਂ ਇਲਾਵਾ, ਸਿੱਖਿਆ ਫੈਲਾਉਣ ਲਈ ਸੰਘ ਦੀ 'ਵਿੱਦਿਆ ਭਾਰਤੀ' ਦੇ ਨਾਂ ਹੇਠ ਕੰਮ ਕਰਨ ਵਾਲੀ ਵੱਡੀ ਮਸ਼ੀਨਰੀ ਹੈ। ਵਿੱਦਿਆ ਭਾਰਤੀ ਸੰਸਥਾਨ ਦੀ ਸਥਾਪਨਾ 1977 'ਚ ਕੀਤੀ ਗਈ ਜੋ ਹੁਣ ਪੂਰੇ ਭਾਰਤ 'ਚ 28,000 ਸਕੂਲ ਚਲਾਉਂਦਾ ਹੈ ਜਿਹਨਾਂ ਵਿੱਚ 32,50,000 ਵਿਦਿਆਰਥੀ ਪੜ੍ਹਦੇ ਹਨ। ਇਹਨਾਂ ਸਕੂਲਾਂ ਲਈ ਪਾਠ ਪੁਸਤਕਾਂ 'ਵਿੱਦਿਆ ਭਾਰਤੀ ਸੰਸਥਾਨ' ਛਪਾਉਂਦਾ ਹੈ ਜਿਹਨਾਂ ਨੂੰ 1996 'ਚ ਹੀ ਵਿੱਦਿਅਕ ਖੋਜ ਤੇ ਟਰੇਨਿੰਗ ਦੀ ਕੌਮੀ ਕੌਂਸਿਲ (ਐਨ.ਸੀ.ਆਰ.ਟੀ.) 'ਧਾਰਮਿਕ ਕੱਟੜਪੰਥੀ ਤੇ ਤੰਗਨਜ਼ਰੀ' ਨੂੰ ਉਤਸ਼ਾਹਿਤ ਕਰਨ ਵਾਲ਼ੀਆਂ ਕਿਤਾਬਾਂ ਕਹਿ ਚੁੱਕੀ ਹੈ। ਭਾਰਤ ਦੇ ਇਤਿਹਾਸ ਸੰਬੰਧੀ ਤਰ੍ਹਾਂ ਤਰ੍ਹਾਂ ਦੇ ਮਨਘੜਤ ਝੂਠ ਵਿਦਿਆਰਥੀਆਂ ਨੂੰ ਪੜ੍ਹਾਏ ਜਾਂਦੇ ਹਨ ਜਿਵੇਂ 1528-1914 ਈਸਵੀ ਦੇ ਅਰਸੇ ਦੌਰਾਨ ਰਾਮ ਜਨਮ ਭੂਮੀ 'ਤੇ 77 ਹਮਲੇ ਹੋਏ ਜਿਹੜੇ 3.5 ਲੱਖ ਸ਼ਰਧਾਲੂਆਂ ਨੇ ਪਵਿੱਤਰ ਸਥਾਨ ਦੀ ਰੱਖਿਆ ਲਈ ਜਾਨ ਦੇ ਦਿੱਤੀ; 2 ਨਵੰਬਰ, 1990 ਦਾ ਦਿਨ ਭਾਰਤ ਦੇ ਇਤਿਹਾਸ ਦਾ 'ਕਾਲਾ ਦਿਨ' ਹੈ ਕਿਉਂਕਿ ਉਸ ਦਿਨ ਹਿੰਦੂਆਂ ਨੂੰ ਬਾਬਰੀ ਮਸਜਿਦ ਢਾਉਣ ਤੋਂ ਰੋਕ ਦਿੱਤਾ ਗਿਆ ਸੀ ਆਦਿ। ਇਸ ਤੋਂ ਇਲਾਵਾ ਸੰਘ ਅਨਪੜ੍ਹਤਾ ਖਤਮ ਕਰਨ ਦੇ ਨਾਮ ਹੇਠ 'ਏਕਲ ਵਿਦਿਆਲਿਆ' ਭਾਵ ਇੱਕ ਅਧਿਆਪਕ ਵਾਲੇ ਸਕੂਲ ਚਲਾਉਂਦਾ ਹੈ ਜਿੱਥੇ ਸੰਘੀ ਫਾਸੀਵਾਦੀ ਵਿਚਾਰਧਾਰਾ ਦਾ ਪ੍ਰਚਾਰ ਹੋਰ ਵੀ ਖੁੱਲ੍ਹੇਆਮ ਕੀਤਾ ਜਾਂਦਾ ਹੈ। ਸੰਘ ਦੇ ਵਿੱਦਿਅਕ ਢਾਂਚੇ ਨੂੰ ਫੰਡ ਮੁਹੱਈਆ ਕਰਵਾਉਣ ਲਈ ਪੱਛਮੀ ਦੇਸ਼ਾਂ 'ਚ ਸੰਘ ਦੀਆਂ ਜਥੇਬੰਦੀਆਂ ਦੀਆਂ ਇਕਾਈਆਂ ਹਨ ਜੋ ਸਿੱਧੇ ਆਪਣੇ ਨਾਂ ਹੇਠ ਜਾਂ 'ਇੰਡੀਆ ਡਿਵੈਲਪਮੈਂਟ ਐਂਡ ਰਿਲੀਫ ਫੰਡ' ਜਿਹੇ ਦਾਨੀ ਗਰੁੱਪਾਂ ਦੇ ਨਾਮ ਹੇਠ ਲੱਖਾਂ ਡਾਲਰ ਜੁਟਾਉਂਦੀਆਂ ਹਨ। ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਝਾਰਖੰਡ ਆਦਿ ਸੂਬਿਆਂ 'ਚ 'ਏਕਲ ਵਿਦਿਆਲਿਆਂ' ਨੂੰ ਸਰਕਾਰ ਗਰਾਂਟ ਦਿੰਦੀ ਹੈ ਜਦੋਂਕਿ ਕੰਟਰੋਲ ਸੰਘ ਦੇ ਹੱਥ 'ਚ ਹੈ।

ਵਿਸ਼ਵ ਹਿੰਦੂ ਪ੍ਰੀਸ਼ਦ ਪੂਰੇ ਭਾਰਤ 'ਚ 'ਸ਼ੁੱਧੀ ਮੇਲੇ' ਆਯੋਜਿਤ ਕਰਦੀ ਹੈ ਜਿੱਥੇ ਲੋਕਾਂ ਨੂੰ ਹਿੰਦੂ ਧਰਮ ਧਾਰਨ ਕਰਾਇਆ ਜਾਂਦਾ ਹੈ ਜਾਂ ਦੂਜਾ ਧਰਮ ਧਾਰ ਚੁੱਕੇ ਲੋਕਾਂ ਨੂੰ 'ਵਾਪਸ' ਬੁਲਾਇਆ ਜਾਂਦਾ ਹੈ। ਤਰ੍ਹਾਂ ਤਰ੍ਹਾਂ ਦੇ "ਧਾਰਮਿਕ ਅਜ਼ਾਦੀ' ਦੇ ਕਾਨੂੰਨ ਭਾਜਪਾ ਸਰਕਾਰਾਂ ਵਾਲੇ ਸੂਬਿਆਂ 'ਚ ਲਿਆਂਦੇ ਜਾ ਰਹੇ ਹਨ ਜੋ ਭਾਰਤ 'ਚ ਨਾਗਰਿਕਾਂ ਦੇ ਕਿਸੇ ਵੀ ਧਰਮ ਨੂੰ ਮੰਨਣ ਤੇ ਪ੍ਰਚਾਰਨ ਦੇ ਬੁਨਿਆਦੀ ਸੰਵਿਧਾਨਕ ਹੱਕ ਦੇ ਹੀ ਖਿਲਾਫ ਹਨ। ਤਰ੍ਹਾਂ ਤਰ੍ਹਾਂ ਦੇ ਤਰੀਕਿਆਂ ਨਾਲ ਅਲੱਗ ਅਲੱਗ ਧਰਮਾਂ ਤੇ ਜਾਤਾਂ ਦੇ ਲੋਕਾਂ ਨੂੰ ਅਲੱਗ-ਅਲੱਗ ਇਲਾਕਿਆਂ 'ਚ ਰਹਿਣ ਲਈ ਮਜਬੂਰ ਕੀਤਾ ਜਾਂਦਾ ਹੈ। ਜਿਵੇਂ ਅਹਿਮਦਾਬਾਦ ਵਿੱਚ, ਮੁਸਲਮਾਨ ਸ਼ਹਿਰ ਦੇ ਕੁਝ ਖਾਸ ਇਲਾਕਿਆਂ 'ਚ ਕੇਂਦਰਤ ਹੋ ਗਏ ਜੋ ਨਾਜ਼ੀ ਜਰਮਨੀ 'ਚ ਯਹੂਦੀਆਂ ਦੇ ਇਲਾਕੇ 'ਘੇਟੋ' ਦੀ ਯਾਦ ਤਾਜ਼ਾ ਕਰ ਦਿੰਦੇ ਹਨ। ਹਰ ਸ਼ਹਿਰ ਜਿੱਥੇ ਦੰਗੇ ਭੜਕਦੇ ਹਨ, ਇਹ ਪ੍ਰਕਿਰਿਆ ਹੋਰ ਜ਼ੋਰ ਫੜ ਲੈਂਦੀ ਹੈ। ਦੂਜੇ ਪਾਸੇ, ਸਮਾਜ ਸੇਵਾ ਕਰਨ ਲਈ 'ਸੇਵਾ ਭਾਰਤੀ' ਜਿਹੇ ਸੰਘੀ ਸੰਸਥਾਨ ਹਨ ਜਿਹੜੇ 'ਸਮਾਜ ਕਲਿਆਣ' ਦੇ ਮਖੌਟੇ ਹੇਠ ਸੰਘੀ ਫਾਸੀਵਾਦੀ ਪ੍ਰਾਪੇਗੰਡੇ ਨੂੰ ਅੱਗੇ ਵਧਾਉਂਦੇ ਹਨ। ਅਜਿਹੀ ਹੀ ਇੱਕ ਹੋਰ ਜਥੇਬੰਦੀ 'ਵਨਵਾਸੀ ਕਲਿਆਣ ਆਸ਼ਰਮ' ਹੈ ਜੋ ਆਦਿਵਾਸੀਆਂ 'ਚ 'ਸਮਾਜ ਕਲਿਆਣ' ਦਾ ਕੰਮ ਕਰਦੀ ਹੈ। ਕੁਲ ਮਿਲਾ ਕੇ ਇਸਦੇ 30 ਤੋਂ ਵੱਧ ਵੱਖ-ਵੱਖ ਵਿੰਗ ਹਨ ਜੋ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਵੱਖ-ਵੱਖ ਫਿਰਕਿਆਂ, ਧਰਮਾਂ ਦੇ ਲੋਕਾਂ 'ਚ ਕੰਮ ਕਰਦੇ ਹਨ।

ਇਹਨਾਂ ਸੰਸਥਾਵਾਂ ਤੇ ਵਿੰਗਾਂ ਤੋਂ ਇਲਾਵਾ ਸੰਘ ਨਾਗਪੁਰ 'ਚ 'ਭੋਂਸਲਾ ਮਿਲਟਰੀ ਸਕੂਲ' ਚਲਾਉਂਦਾ ਹੈ ਜੋ ਸੰਘੀ ਫਾਸੀਵਾਦ ਦੇ ਕਈ ਬੰਬ ਧਮਾਕਿਆਂ 'ਚ ਹੱਥ ਹੋਣ ਬਾਰੇ ਸਪੱਸਟ ਹੋਣ ਤੋਂ ਬਾਅਦ ਸੁਰਖੀਆਂ 'ਚ ਆਇਆ। ਇਸ ਸਾਲ ਫਰਵਰੀ ਮਹੀਨੇ 'ਚ ਸੰਘ ਨੇ ਇਸ ਸਕੂਲ ਦੇ 75 ਸਾਲ ਪੂਰੇ ਹੋਣ ਦੇ ਜਸ਼ਨ ਮਨਾਏ ਹਨ ਜਿਸ ਦੇ ਪ੍ਰਧਾਨਗੀ ਭਾਸ਼ਣ ਦੌਰਾਨ ਸੰਘ ਦੇ ਮੁਖੀ ਮੋਹਨ ਭਗਵਤ ਨੇ ਅੰਗਰੇਜ਼ੀ ਰਾਜ ਦੇ ਹੁਣ ਦੇ ਭਾਰਤ ਨਾਲੋਂ ਚੰਗਾ ਹੋਣ ਬਾਰੇ ਬਿਆਨ ਦੇਕੇ ਸੰਘ ਦੀ ਬ੍ਰਿਟਿਸ਼ ਭਗਤੀ ਦਾ ਸਬੂਤ ਦਿੱਤਾ ਅਤੇ ਨਾਲ ਹੀ ਕਿਹਾ ਕਿ 'ਵਿਦਿਆਰਥੀਆਂ' ਨੂੰ ਆਮ ਸਿੱਖਿਆ ਦੇ ਨਾਲ ਮਿਲਟਰੀ ਟਰੇਨਿੰਗ ਦੇਣੀ 'ਜ਼ਰੂਰੀ' ਹੈ ਕਿਉਂਕਿ 'ਦੇਸ਼ ਨੂੰ ਖਤਰਾ' ਹੈ। ਯਾਦ ਰਹੇ ਕਿ ਇਸ ਸਕੂਲ ਦੀ ਸਥਾਪਨਾ 1937 'ਚ ਸੰਘ ਦੇ ਮੈਂਬਰ ਤੇ ਹਿੰਦੂ ਮਹਾਂਸਭਾ ਦੇ ਨੇਤਾ ਡਾ. ਮੂੰਜੇ ਨੇ ਕੀਤੀ ਸੀ, ਇਸਦਾ ਨੀਂਹ ਪੱਥਰ ਉਸ ਸਮੇਂ ਦੇ ਬੰਬਈ ਸੂਬੇ ਦੇ ਅੰਗਰੇਜ਼ ਗਵਰਨਰ ਸਰ ਰੋਜ਼ਰ ਲੁਮਲੇ ਨੇ ਰੱਖਿਆ ਸੀ। ਇਸ ਸਕੂਲ ਨੂੰ ਡਾ. ਮੂੰਜੇ ਦੁਆਰਾ ਹੀ ਸਥਾਪਤ ਕੇਂਦਰੀ ਹਿੰਦੂ ਮਿਲਟਰੀ ਐਜੂਕੇਸ਼ਨ ਸੁਸਾਇਟੀ ਚਲਾਉਂਦੀ ਹੈ। 65 ਏਕੜ ਰਕਬੇ 'ਚ ਫੈਲੇ ਇਸ ਸਕੂਲ ਦੇ ਕੈਂਪਸ ਨੂੰ 'ਰਾਮਭੂਮੀ' ਕਿਹਾ ਜਾਂਦਾ ਹੈ ਅਤੇ ਇੱਥੇ ਆਮ ਸਿੱਖਿਆ ਦੇ ਨਾਲ-ਨਾਲ 'ਪਰਸਨੈਲਟੀ ਡਿਵੈਲਪਮੈਂਟ ਕੋਰਸ', ਮਿਲਟਰੀ ਡਰਿਲਾਂ, ਗੋਲੀ ਚਲਾਉਣ ਤੇ ਹਥਿਆਰਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇੱਥੋਂ ਤੱਕ ਕਿ ਤੋਪਖਾਨੇ ਦੀ ਫਾਇਰਿੰਗ ਦੀ ਨੁਮਾਇਸ਼ ਵੀ ਕੀਤੀ ਜਾਂਦੀ ਹੈ। ਇਸ ਸਕੂਲ ਦੇ ਪੜ੍ਹੇ ਹੋਏ ਕਈ 'ਵਿਦਿਆਰਥੀ' ਭਾਰਤੀ ਫੌਜ ਦੇ ਉੱਚੇ ਅਹੁਦਿਆਂ ਤੱਕ ਪਹੁੰਚੇ ਹਨ। 75-ਸਾਲਾ ਜਸ਼ਨਾਂ ਦੇ ਮੌਕੇ ਇਹ ਐਲਾਨ ਕੀਤਾ ਗਿਆ ਕਿ ਇਸ ਸਕੂਲ ਵੱਲੋਂ ਮੱਧ ਪ੍ਰਦੇਸ਼, ਗੁਜਰਾਤ ਅਤੇ ਉੱਤਰਾਖੰਡ 'ਚ ਹੋਰ ਅਜਿਹੇ ਸਕੂਲ ਖੋਲਣ ਦੀ ਯੋਜਨਾ ਹੈ।

ਨਾਂਦੇੜ ਧਮਾਕਿਆਂ ਨਾਲ ਜੁੜੀ ਤਫਤੀਸ਼ ਤੋਂ ਸਾਹਮਣੇ ਆਇਆ ਕਿ ਉਸ ਟੋਲੀ ਦਾ ਰਿੰਗ-ਲੀਡਰ ਹਿਮਾਂਸ਼ੂ ਪਾਂਸੇ ਤੇ ਉਸ ਦਾ ਸਾਥੀ ਕੇਸ਼ਵ ਵਾਘ ਇਸੇ ਮਿਲਟਰੀ ਸਕੂਲ 'ਚ 40 ਦਿਨਾਂ ਕੈਂਪ ਲਗਾ ਕੇ ਗਏ ਸਨ ਅਤੇ ਪੁਣੇ 'ਚ ਇਹਨਾਂ ਨੇ ਪਾਈਪ ਬੰਬ ਬਣਾਉਣ ਦੀ ਸਿਖਲਾਈ ਲਈ। ਪੁਣੇ ਦੇ ਇੱਕ ਰਿਟਾਇਰਡ ਨੇਵੀ ਅਫਸਰ ਐੱਸ. ਆਰ. ਭਾਟੇ ਦਾ ਨਾਂ ਵੀ ਇਸੇ ਪੜਤਾਲ ਦੌਰਾਨ ਸਾਹਮਣੇ ਆਇਆ ਜੋ ਕਿ 1996 ਤੋਂ ਸੰਘ ਨਾਲ ਜੁੜਿਆ ਹੋਇਆ ਹੈ। ਉਸਨੇ ਇਹ ਮੰਨਿਆ ਕਿ ਉਸਨੂੰ ਇੱਕ ਸਥਾਨਕ ਬਜਰੰਗ ਦਲ ਦੇ ਨੇਤਾ ਨੇ ਆਪਣੇ ਕਾਰਕੁੰਨਾਂ ਨੂੰ 'ਜੇਲਾਟਿਨ ਸਟਿੱਕ' ਦੀ ਵਰਤੋਂ ਕਰਨੀ ਸਿਖਾਉਣ ਲਈ ਕਿਹਾ ਸੀ। ਇਸ ਸਿਖਲਾਈ ਲਈ ਪਹਿਲਾਂ ਉਸਨੇ ਇੱਕ ਸਥਾਨਕ ਕੈਂਪ ਲਗਾਇਆ ਅਤੇ ਬਾਅਦ 'ਚ ਭੌਂਸਲਾ ਸਕੂਲ 'ਚ ਵੱਡਾ ਕੈਂਪ ਲਗਾਇਆ। ਮਾਲੇਗਾਉਂ ਧਮਾਕੇ ਦੀਆਂ ਤਾਰਾਂ ਵੀ ਇਸ ਸਕੂਲ ਨਾਲ ਆ ਜੁੜਦੀਆਂ ਹਨ ਅਤੇ ਅਜਿਹਾ ਹੀ ਫਾਸੀਵਾਦੀ ਜਥੇਬੰਦੀ 'ਅਭਿਨਵ ਭਾਰਤ' ਦੇ ਮਾਮਲੇ 'ਚ ਵੀ ਸਾਹਮਣੇ ਆਇਆ ਹੈ। ਲੈਫਟੀਨੈਂਟ ਕਰਨਲ ਸ਼੍ਰੀਕਾਂਤ ਪੁਰੋਹਿਤ ਦੇ ਮਾਲੇਗਾਉਂ ਧਮਾਕਿਆਂ ਦੇ 'ਮਾਸਟਰਮਾਇੰਡ' ਹੋਣ ਦੇ ਤੱਥ ਸਾਹਮਣੇ ਆਉਣ ਤੋਂ ਇਲਾਵਾ ਇਹ ਵੀ ਰਾਜ਼ ਖੁੱਲਿਆ ਕਿ ਇਸ ਸਕੂਲ ਦੇ ਪ੍ਰਿੰਸੀਪਲ ਕਰਨਲ ਐੱਸ.ਐੱਸ. ਰਾਇਕਰ ਤੇ ਇੱਕ ਕਲਰਕ ਵੀ ਇਸ ਕੇਸ ਨਾਲ ਤੇ 'ਅਭਿਨਵ ਭਾਰਤ' ਨਾਲ ਜੁੜੇ ਹੋਏ ਹਨ। ਅਖਬਾਰਾਂ 'ਚ ਇਸਦਾ ਖੁਲਾਸਾ ਹੋਣ ਤੋਂ ਬਾਅਦ ਇਹਨਾਂ ਨੇ ਬਿਨਾਂ ਕੋਈ ਕਾਰਨ ਦੱਸੇ ਅਸਤੀਫਾ ਦੇ ਦਿੱਤਾ। ਜਬਤ ਹੋਈਆਂ ਆਡਿਉ ਟੇਪਾਂ 'ਚ ਸ਼੍ਰੀਕਾਂਤ ਪੁਰੋਹਿਤ ਇਹ ਕਹਿੰਦਾ ਹੈ ਕਿ "ਸਕੂਲਾਂ ਨਾਲ਼ ਸੰਘ ਦਾ ਨਾਮ ਨਹੀਂ ਆਉਣਾ ਚਾਹੀਦਾ ਅਤੇ ਅਲੱਗ ਤੋਂ 'ਬਸਟਿਅਨ ਗਾਰਡ' ਦੇ ਨਾਮ ਹੇਠ ਕੰਮ ਕੀਤਾ ਜਾਵੇ।" ਸੱਚ ਦੇ ਪੂਰੀ ਤਰ੍ਹਾਂ ਸਾਹਮਣੇ ਆ ਜਾਣ ਦੇ ਬਾਵਜੂਦ ਨਾ ਤਾਂ ਇਹਨਾਂ ਸੱਜੀਆਂ ਫਾਸੀਵਾਦੀ ਜਥੇਬੰਦੀਆਂ ਖਿਲਾਫ ਕੋਈ ਕਾਰਵਾਈ ਹੋਈ ਹੈ ਅਤੇ ਨਾ ਹੀ ਸੰਘ ਦੇ ਮਿਲਟਰੀ ਸਕੂਲ ਖਿਲਾਫ ਭਾਵੇਂ ਦੇਸ਼ ਭਰ 'ਚ ਲੋਕ-ਪੱਖੀ ਕਾਰਕੁੰਨ ਲਗਾਤਾਰ ਮਿਲਟਰੀ ਸਿਖਲਾਈ ਦੇ ਇਹਨਾਂ ਸਕੂਲਾਂ ਨੂੰ ਬੰਦ ਕਰਵਾਉਣ ਲਈ ਆਵਾਜ਼ ਉਠਾ ਰਹੇ ਹਨ।

ਫਿਰਕਾਪ੍ਰਸਤੀ ਤੇ ਫਾਸੀਵਾਦ ਮਹਿਜ਼ ਵੋਟ ਬਟੋਰੂ ਸਿਆਸਤ ਨਹੀਂ, ਸਰਮਾਏਦਾਰੀ ਢਾਂਚੇ 'ਚ ਇਸਦਾ ਰੋਲ ਕਿਤੇ ਵੱਡਾ ਤੇ ਖਤਰਨਾਕ ਹੁੰਦਾ ਹੈ

ਅਕਸਰ ਫਿਰਕਾਪ੍ਰਸਤੀ ਅਤੇ ਫਾਸੀਵਾਦ ਨੂੰ ਇਹਨਾਂ ਅਰਥਾਂ 'ਚ ਲਿਆ ਜਾਂਦਾ ਹੈ,

ਇਸ ਸਾਲ
ਦੰਗਾ ਬਹੁਤ ਬੜਾ ਥਾ
ਖੂਬ ਹੁਈ ਖੂਨ ਕੀ ਬਾਰਿਸ਼
ਅਗਲੇ ਸਾਲ
ਅੱਛੀ ਹੋਗੀ
ਫਸਲ ਮਤਦਾਨ ਕੀ

ਇਹ ਹੈ ਤਾਂ ਸਹੀ, ਪਰ ਫਿਰਕਾਪ੍ਰਸਤੀ ਤੇ ਫਾਸੀਵਾਦ ਦੀ ਜੋੜੀ ਦੀ ਭੂਮਿਕਾ ਨੂੰ ਬਹੁਤ ਛੋਟਾ ਕਰ ਦੇਖਣਾ ਹੈ। ਇਸਦਾ ਰੋਲ਼ ਸਰਮਾਏਦਾਰੀ ਢਾਂਚੇ ਅੰਦਰ ਕਿਤੇ ਵੱਡਾ ਹੈ। ਫਾਸੀਵਾਦ ਸਰਮਾਏਦਾਰੀ ਢਾਂਚੇ ਅੰਦਰ 'ਕਿੱਲੇ ਨਾਲ ਬੰਨ੍ਹੇ ਕੁੱਤੇ' ਵਾਂਗ ਹੁੰਦਾ ਹੈ ਜਿਸਦੀ ਸੰਗਲੀ ਵੱਡੀ ਸਰਮਾਏਦਾਰੀ ਜਮਾਤ ਦੇ ਹੱਥਾਂ 'ਚ ਰਹਿੰਦੀ ਹੈ। ਸਰਮਾਏਦਾਰੀ ਢਾਂਚੇ ਅੰਦਰ ਇਸਦੀ ਹੋਂਦ ਲਗਾਤਾਰ ਬਣੀ ਰਹਿੰਦੀ ਹੈ, ਜਿਵੇਂ ਹੀ ਸਰਮਾਏਦਾਰੀ ਜਮਾਤ ਲਈ ਸੱਤਾ ਦੇ ਦੂਜੇ ਰੂਪਾਂ ਜਿਵੇਂ ਪਾਰਲੀਮਾਨੀ ਜਮਹੂਰੀਅਤ ਆਦਿ ਰਾਹੀਂ ਲੋਕਾਂ 'ਤੇ ਆਪਣਾ ਕੰਟਰੋਲ ਰੱਖਣਾ ਤੇ ਸਰਮਾਏਦਾਰਾਨਾ ਲੁੱਟ ਨੂੰ ਜਾਰੀ ਰੱਖਣਾ ਅਸੰਭਵ ਹੋ ਜਾਂਦਾ ਹੈ ਉਸੇ ਸਮੇਂ ਹੀ ਫਾਸੀਵਾਦ ਦਾ ਕਰੂਪ ਖੰਜਰ ਵਕਤ ਦੇ ਹਨ੍ਹੇਰੇ ਖੂੰਜਿਆਂ 'ਚੋਂ ਨਿਕਲ਼ ਕੇ ਸਮਾਜਕ ਰੰਗਮੰਚ 'ਤੇ ਆ ਪ੍ਰਗਟ ਹੁੰਦਾ ਹੈ ਅਤੇ ਆਪਣੇ ਆਕੇ ਵੱਡੇ ਵਿੱਤੀ ਸਰਮਾਏ ਦੀ ਸੇਵਾ 'ਚ ਹਰ ਤਰ੍ਹਾਂ ਦਾ ਅਣਮਨੁੱਖੀ ਜ਼ਬਰ ਕਰਨ ਲਈ ਜੋ ਇਸ ਧਰਤੀ 'ਤੇ ਸੰਭਵ ਹੋ ਸਕਦਾ ਹੈ, ਕਿਰਤੀ ਲੋਕਾਂ ਉੱਤੇ ਟੁੱਟ ਪੈਂਦਾ ਹੈ।

ਸਰਮਾਏਦਾਰੀ ਦੇ ਵਿਕਾਸ ਨਾਲ ਸਮਾਜਿਕ ਦੌਲਤ ਕੁਝ ਹੱਥਾਂ 'ਚ ਕੇਂਦਰਤ ਹੁੰਦੀ ਜਾਂਦੀ ਹੈ ਅਤੇ ਬਹੁਗਿਣਤੀ ਆਬਾਦੀ ਮਜ਼ਦੂਰਾਂ, ਕਿਸਾਨਾਂ ਅਤੇ ਨਿਮਨ ਮੱਧਵਰਗ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾਂਦੀ ਹੈ। ਫਿਰ ਜਿਵੇਂ ਹੀ ਸਰਮਾਏਦਾਰੀ ਦਾ 'ਬੂਮ' ਦਾ ਸਮਾਂ (ਜੋ ਹੁਣ ਸੰਸਾਰ ਸਰਮਾਏਦਾਰੀ ਢਾਂਚੇ ਲਈ ਬੀਤੇ ਦੀ ਗੱਲ ਹੋ ਗਈ ਹੈ, ਹੁਣ ਤਾਂ ਮੰਦੀ ਤੋਂ ਥੋੜੀ ਰਾਹਤ ਨੂੰ 'ਚੰਗਾ ਵਕਤ ਆ ਗਿਆ ਹੈ' ਕਹਿ ਕੇ ਬੁਰਜੂਆਜ਼ੀ ਖੁਦ ਨੂੰ ਧਰਵਾਸਾ ਦੇ ਲੈਂਦੀ ਹੈ) ਖਤਮ ਹੁੰਦਾ ਹੈ, ਇਸਦੀ ਗਤੀ ਪਹਿਲਾਂ ਨਾਲੋਂ ਬਹੁਤ ਤੇਜ਼ ਹੋ ਜਾਂਦੀ ਹੈ। ਸਿੱਟੇ ਵਜੋਂ, ਜਿੱਥੇ ਮਜ਼ਦੂਰਾਂ ਦੀ ਵੱਡੇ ਪੱਧਰ 'ਤੇ ਛਾਂਟੀ ਹੁੰਦੀ ਹੈ ਅਤੇ ਉਹਨਾਂ 'ਚ ਬੇਰੁਜ਼ਗਾਰੀ ਤੇ ਭੁੱਖਮਰੀ ਫੈਲਦੀ ਹੈ, ਉੱਥੇ ਮੱਧਵਰਗ ਜਿਸਨੂੰ ਪਹਿਲਾਂ ਥੋੜਾ-ਬਹੁਤ ਸਾਹ ਆਉਂਦਾ ਸੀ, ਨੂੰ ਹੁਣ ਆਪਣਾ ਅੰਤਲਾ ਸਮਾਂ ਨੇੜੇ ਦਿਖਣ ਲੱਗਦਾ ਹੈ। ਇਸਦੇ ਛੋਟੇ-ਮੋਟੇ ਕਾਰੋਬਾਰ ਦਾ ਠੱਪ ਹੋਣ, ਨੌਕਰੀ ਖੁੱਸਣ ਤੇ ਮਹਿੰਗਾਈ ਦੇ ਵਧਣ ਨਾਲ ਇਹਦੇ ਲਈ ਭਿਅੰਕਰ ਤਬਾਹੀ ਆਉਂਦੀ ਹੈ ਅਤੇ ਇਹ ਵਰਗ ਛਟਪਟਾਉਂਦਾ ਹੈ। ਲੋਕਾਂ ਅੰਦਰ ਵਿਦਮਾਨ ਸਮਾਜਕ ਢਾਂਚੇ ਖਿਲਾਫ ਗੁੱਸਾ, ਬੇਚੈਨੀ ਅਤੇ ਬਗਾਵਤ ਦੀ ਭਾਵਨਾ ਫੈਲਣ ਲੱਗਦੀ ਹੈ। ਅਜਿਹੇ ਸਮੇਂ ਜੇ ਲੋਕਾਂ ਨੂੰ ਸਹੀ ਅਗਵਾਈ ਮਿਲਦੀ ਹੈ ਤਾਂ ਸਰਮਾਏਦਾਰੀ ਢਾਂਚੇ ਨੂੰ ਉਲ਼ਟਾ ਕੇ ਨਵਾਂ ਢਾਂਚਾ ਖੜਾ ਕਰਨ ਲਈ ਇਨਕਲਾਬ ਦੀ ਤਿੱਖੀ ਸੰਭਾਵਨਾ ਪੈਦਾ ਹੋ ਜਾਂਦੀ ਹੈ। ਇਹੀ ਉਹ ਸਮਾਂ ਹੁੰਦਾ ਹੈ ਜਦੋਂ ਹਾਕਮ ਜਮਾਤ ਲਈ ਰਵਾਇਤੀ ਢੰਗਾਂ ਨਾਲ਼ ਲੋਕਾਂ 'ਤੇ ਰਾਜ ਕਰਨਾ ਸੰਭਵ ਨਹੀਂ ਰਹਿੰਦਾ ਅਤੇ ਉਸ ਕੋਲ ਫਾਸੀਵਾਦ ਦੇ ਚਰਨੀਂ ਪੈਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਬਚਦਾ ਕਿਉਂਕਿ ਜਿੱਥੇ ਫਾਸੀਵਾਦ ਵਿੱਤੀ ਸਰਮਾਏ ਦਾ ਪੱਕਾ ਸੇਵਕ ਹੁੰਦਾ ਹੈ ਉੱਥੇ ਇਸਦਾ ਸਮਾਜ ਦੇ ਵੱਖ-ਵੱਖ ਤਬਕਿਆਂ 'ਚ ਵਿਆਪਕ ਆਧਾਰ ਵੀ ਹੁੰਦਾ ਹੈ ਖਾਸ ਤੌਰ 'ਤੇ ਮੱਧਵਰਗ ਤੇ ਕਿਸਾਨਾਂ ਵਿੱਚ ਅਤੇ ਕੁਝ ਹੱਦ ਤੱਕ ਮਜ਼ਦੂਰਾਂ ਵਿੱਚ ਵੀ। ਫਾਸੀਵਾਦ ਇੱਕ ਲਹਿਰ ਦੀ ਤਰ੍ਹਾਂ ਅੱਗੇ ਵੱਧਦਾ ਹੈ। ਫਾਸੀਵਾਦ ਸਰਮਾਏਦਾਰੀ ਲੁੱਟ ਤੇ ਇਸਦੀ ਮੁਨਾਫੇ ਦੀ ਅੰਨ੍ਹੀ ਹਵਸ ਤੋਂ ਜਨਮੇ ਹੋਏ ਸੰਕਟ ਦੇ ਕਾਰਨ ਪੈਦਾ ਹੋਈ ਬੇਰੁਜ਼ਗਾਰੀ, ਮਹਿੰਗਾਈ ਤੇ ਭੁੱਖਮਰੀ ਲਈ ਸਮਾਜ ਦੇ

ਕਿਸੇ ਇੱਕ ਤਬਕੇ ਨੂੰ ਜੋ ਆਮ ਤੌਰ ਤੇ ਨਸਲੀ ਜਾਂ ਧਾਰਮਕ ਘੱਟਗਿਣਤੀ ਹੁੰਦਾ ਹੈ, ਨੂੰ ਸਮੱਸਿਆਵਾਂ ਦਾ ਅਸਲੀ ਕਾਰਨ ਬਣਾ ਕੇ ਪੇਸ਼ ਕਰਦਾ ਹੈ, ਲੋਕਾਂ 'ਚ ਇਹਨਾਂ ਖਿਲਾਫ ਪੂਰੀ ਤਾਕਤ ਨਾਲ ਹਮਲਾ ਵਿੱਢਣ ਲਈ ਪ੍ਰਾਪੇਗੰਡਾ ਕਰਦਾ ਹੈ ਅਤੇ ਉਦਾਹਰਣ ਪੇਸ਼ ਕਰਨ ਲਈ ਕੁਝ ਵਾਰਦਾਤਾਂ ਨੂੰ ਅੰਜਾਮ ਦਿੰਦਾ ਹੈ। ਇਹ ਲੋਕਾਂ ਨੂੰ ਸੰਕਟ ਤੋਂ ਰਾਹਤ ਲਈ ਚਮਤਕਾਰੀ ਤਰੀਕੇ ਸੁਝਾਉਂਦਾ ਹੈ ਜਿਹਨਾਂ 'ਚ ਲੋਕਾਂ ਨੂੰ ਬਹੁਤਾ ਕੁਝ ਕਰਨ ਦੀ ਲੋੜ ਨਹੀਂ ਹੁੰਦੀ ਅਤੇ ਅਜਿਹੇ ਹੀ ਤਰੀਕੇ ਮੱਧਵਰਗ ਤੇ ਕਿਸਾਨਾਂ ਨੂੰ ਸਭ ਤੋਂ ਵੱਧ ਭਾਉਂਦੇ ਹਨ। ਦੇਸ਼ ਦੇ ਪੁਰਾਣੇ ਸਮੇਂ ਦੀ ਮਹਾਨਤਾ ਦਾ, ਖਾਸ ਧਰਮ, ਨਸਲ ਜਾਂ ਜਾਤ ਦੇ ਸੰਸਾਰ 'ਚ ਸਰਵੋਤਮ ਮਨੁੱਖ ਹੋਣ ਦਾ, ਗੁਆਂਢੀ ਮੁਲਕਾਂ ਤੋਂ ਦੇਸ਼ ਦੀ ਸੁਰੱਖਿਆ ਨੂੰ ਖਤਰੇ ਦਾ, ਯੁੱਧ ਦਾ ਗੁਣਗਾਨ, ਦੇਸ਼-ਭਗਤੀ ਦਾ ਤਿੱਖਾ ਅਤੇ ਲਗਾਤਾਰ ਤੇਜ਼ ਪ੍ਰਾਪੇਗੰਡਾ ਫਾਸੀਵਾਦ ਦਾ ਮੁੱਖ ਹਥਿਆਰ ਹੁੰਦਾ ਹੈ। ਫਾਸੀਵਾਦ ਦੇ ਰਾਵਣ ਦੇ ਦਸ ਸਿਰਾਂ ਵਾਂਗ ਕਿੰਨੇ ਹੀ ਸਿਰ ਹੁੰਦੇ ਹਨ ਅਤੇ ਲੋਕਾਂ ਨੂੰ ਆਪਣੇ ਅਸਲੀ ਅਜੰਡੇ ਬਾਰੇ ਕੁਝ ਵੀ ਸਮਝ ਨਾ ਆਉਣ ਦੇਣ ਲਈ ਹਰ ਸਿਰ ਤੋਂ ਵੱਖਰੀ-ਵੱਖਰੀ ਤਰਜ਼ ਕਢਾਉਣੀ ਫਾਸੀਵਾਦ ਦਾ ਆਮ ਕੰਮ-ਢੰਗ ਹੈ। ਵਿਰੋਧੀਆਂ ਨੂੰ ਆਪਣੇ ਗੁੰਡੇ-ਗਿਰੋਹਾਂ ਦੀ ਭੀੜ ਦੁਆਰਾ ਕਤਲ ਕਰਕੇ ਠਿਕਾਣੇ ਲਾਉਣਾ ਹਰ ਫਾਸੀਵਾਦੀ ਪਾਰਟੀ ਅਤੇ ਜਥੇਬੰਦੀ ਦੇ ਮੁੱਖ ਲੱਛਣਾਂ 'ਚੋਂ ਹੈ, ਅਕਸਰ ਅਜਿਹੇ ਹਮਲੇ ਮੱਧਵਰਗੀ ਨਿਰਾਸ਼ ਬੇਰੁਜ਼ਗਾਰ ਨੌਜਵਾਨਾਂ ਨੂੰ ਬਹੁਤ ਬਹਾਦਰੀ ਭਰੇ ਕਾਰਨਾਮੇ ਦਿਖਦੇ ਹਨ ਤੇ ਉਹ ਫਾਸੀਵਾਦੀ ਗੁੰਡਾ-ਗਿਰੋਹਾਂ ਦੀ ਨਫਰੀ ਵਧਾਉਣ ਲਈ ਰੰਗਰੂਟ ਬਣਦੇ ਹਨ। ਫਾਸੀਵਾਦ ਲਗਾਤਾਰ ਇਹ ਕੂਕਦਾ ਹੈ- "ਦੇਖੋ ਕੰਮ ਤਾਂ ਅਸੀਂ ਕਰਦੇ ਹਾਂ, ਬਾਕੀ ਤਾਂ ਬਸ ਮੀਟਿੰਗਾਂ ਕਰਦੇ ਹਨ, ਬਿਆਨ ਦਿੰਦੇ ਹਨ ਤੇ ਦੇਸ਼ ਨੂੰ, ਧਰਮ ਨੂੰ ਨੁਕਸਾਨ ਪੁਚਾਉਣ ਦੀਆਂ ਸਾਜਿਸ਼ਾਂ ਘੜਦੇ ਹਨ ਅਤੇ ਦੂਜੇ ਦੇਸ਼ਾਂ ਦੇ ਇਸ਼ਾਰਿਆਂ 'ਤੇ ਨੱਚਦੇ ਹਨ।" ਗੱਲ ਕੀ, ਫਾਸੀਵਾਦ ਖੁਦ ਨੂੰ ਸੰਕਟ ਤੋਂ ਨਿਜਾਤ ਦਵਾ ਸਕਨ ਵਾਲੀ ਇੱਕੋ-ਇੱਕ ਤਾਕਤ ਬਣਾ ਕੇ ਪੇਸ਼ ਕਰਦਾ ਹੈ ਅਤੇ ਆਪਣੇ ਹੱਕ 'ਚ ਵਿਆਪਕ ਲੋਕ ਰਾਇ ਖੜੀ ਕਰ ਲੈਂਦਾ ਹੈ ਜਿਸ ਵਿੱਚ ਸਰਮਾਏਦਾਰੀ ਦੇ ਕਬਜ਼ੇ ਵਾਲਾ ਮੀਡੀਆ – ਅਖਬਾਰ, ਟੀਵੀ, ਹੁਣ ਇੰਟਰਨੈੱਟ ਵੀ, ਮਹੱਤਵਪੂਰਨ ਰੋਲ ਨਿਭਾਉਂਦੇ ਹਨ। ਅਜਿਹੇ ਸਮੇਂ ਜੇ ਕੋਈ ਲੋਕ-ਪੱਖੀ ਸਿਆਸੀ ਧਾਰਾ ਮੌਜੂਦ ਨਹੀਂ, ਕਮਜ਼ੋਰ ਹੈ ਜਾਂ ਭ੍ਰਿਸ਼ਟ ਹੋਕੇ ਰਾਹ ਤੋਂ ਭਟਕ ਚੁੱਕੀ ਹੈ ਤਾਂ ਫਾਸੀਵਾਦ ਆਸਾਨੀ ਨਾਲ ਲੋਕਾਂ ਨੂੰ ਆਪਣੀ ਵਲਗਣ 'ਚ ਲੈ ਆਉਂਦਾ ਹੈ ਅਤੇ ਫਿਰ ਸ਼ੁਰੂ ਹੁੰਦਾ ਹੈ ਜੁਲਮਾਂ ਤੇ ਮੌਤ ਦਾ ਤਾਂਡਵ। ਸੱਤਾ ਹਾਸਿਲ ਕਰਨ ਤੋਂ ਪਹਿਲਾਂ ਮੁੱਖ ਨਿਸ਼ਾਨਾ ਘੱਟਗਿਣਤੀਆਂ ਬਨਦੀਆਂ ਹਨ ਅਤੇ ਜਿਵੇਂ ਹੀ ਇਹ ਸੱਤਾ ਸੰਭਾਲਦਾ ਹੈ ਆਪਣੇ ਅਸਲੀ ਰੂਪ 'ਚ ਆ ਜਾਂਦਾ ਹੈ। ਹੁਣ ਇਸਦੇ ਨਿਸ਼ਾਨੇ 'ਤੇ ਸਮਾਜ ਦੇ ਕਿਸਾਨ ਤੇ ਮੱਧਵਰਗ ਸਣੇ ਸਮੁੱਚੇ ਦੱਬੇ-ਕੁਚਲੇ ਕਿਰਤੀ ਤਬਕੇ ਅਤੇ ਸਰਮਾਏਦਾਰਾਨਾ ਲੁੱਟ-ਜ਼ਬਰ ਦਾ ਵਿਰੋਧ ਕਰਨ ਵਾਲੇ ਟਰੇਡ-ਯੂਨੀਅਨ ਤੇ ਸਿਆਸੀ ਨੇਤਾ, ਪਾਰਟੀਆਂ, ਬੁੱਧੀਜੀਵੀ, ਲੇਖਕ ਤੇ ਕਲਾਕਾਰ ਹੁੰਦੇ ਹਨ। ਵਿੱਤੀ ਸਰਮਾਏ ਦੀ ਸੇਵਾ ਕਰਦਿਆਂ ਸਰਮਾਏਦਾਰੀ ਦਾ ਵਿਰੋਧ ਕਰਨ ਵਾਲ਼ੀ ਹਰ ਆਵਾਜ਼, ਹਰ ਸਾਹ ਦਾ ਗਲ਼ਾ ਘੁੱਟਨ ਲਈ ਫਾਸੀਵਾਦੀ ਗੁੰਡਾ ਟੋਲੀਆਂ ਅਤੇ ਸਟੇਟ ਦੀ ਫੌਜ, ਪੁਲਿਸ ਦਾ ਢਾਂਚਾ ਦੇਸ਼ ਦਾ ਕੋਨਾ-ਕੋਨਾ ਮਨੁੱਖੀ ਖ਼ੂਨ ਨਾਲ਼ ਰੰਗ ਦਿੰਦੇ ਹਨ। ਭਾਵੇਂ ਹੁਣ ਫਾਸੀਵਾਦ ਦਾ ਸਮਾਜਿਕ ਅਧਾਰ ਬਣਨ ਵਾਲੇ ਮੱਧਵਰਗ ਅਤੇ ਦੂਜੇ ਤਬਕਿਆਂ ਨੂੰ ਅਸਲੀ ਖੇਡ ਦੀ ਸਮਝ ਆ ਚੁੱਕੀ ਹੁੰਦੀ ਹੈ ਪਰ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ, ਹੁਣ ਉਹਨਾਂ ਕੋਲ ਖ਼ੁਦ ਫਾਸੀਵਾਦੀ ਸ਼ਿਕਾਰੀ ਕੁੱਤਿਆਂ ਦੀ ਖਾਦ-ਖੁਰਾਕ ਬਣਨ ਜਾਂ ਘਰਾਂ 'ਚ ਵੜਕੇ ਪੂਜਾ-ਪਾਠ ਕਰਨ ਤੇ ਦਰਵਾਜਿਆਂ-ਖਿੜਕੀਆਂ ਦੀਆਂ ਝੀਤਾਂ ਵਿਚਦੀ ਗਲੀਆਂ 'ਚ ਚੱਲਦੀ ਕਤਲੋਗਾਰਦ ਵੇਖਣ ਤੋਂ ਬਿਨਾਂ ਕੋਈ ਚਾਰਾ ਨਹੀਂ ਹੁੰਦਾ।

ਫਾਸੀਵਾਦ ਦੇ ਉਭਾਰ ਲਈ ਇਤਿਹਾਸਕ ਕਾਰਕ

ਸਰਮਾਏਦਾਰੀ ਢਾਂਚੇ ਦਾ ਸੰਕਟ ਫਾਸੀਵਾਦ ਦੇ ਉਭਾਰ ਅਤੇ ਇਹਦੇ ਸੱਤਾ 'ਚ ਆਉਣ ਲਈ ਲਾਜ਼ਮੀ ਸ਼ਰਤ ਤਾਂ ਹੈ ਹੀ, ਪਰ ਕੁਝ ਇਤਿਹਾਸਕ ਕਾਰਕ ਹਨ ਜੋ ਕਿਸੇ ਖਾਸ ਦੇਸ਼ 'ਚ ਅਜਿਹਾ ਹੋਣ 'ਚ ਅਹਿਮ ਭੂਮਿਕਾ ਅਦਾ ਕਰਦੇ ਹਨ। ਪਹਿਲਾ ਹੈ, ਸਰਮਾਏਦਾਰੀ ਦਾ ਵਿਕਾਸ ਅਤੇ ਜਗੀਰਦਾਰੀ ਦਾ ਤੋੜਿਆ ਜਾਣਾ ਕਿਸੇ ਇਨਕਲਾਬ ਦਾ ਸਿੱਟਾ ਨਾ ਹੋਕੇ ਇੱਕ ਉੱਪਰੋਂ ਠੋਸੇ ਗਏ ਕ੍ਰਮਬੱਧ ਪੜਾਵਾਂ ਦਾ ਸਿੱਟਾ ਹੁੰਦਾ ਹੈ ਜਿਸ ਕਾਰਨ ਬੁਰਜੁਆਜ਼ੀ ਨੇ ਸਮਾਜ ਅੰਦਰ ਜਮਹੂਰੀ ਕਦਰਾਂ-ਕੀਮਤਾਂ ਫੈਲਾਉਣ ਤੇ ਜਗੀਰੂ ਮਾਨਸਿਕਤਾ ਤੇ ਧਰਮ ਦਾ ਦਬਦਬਾ ਤੋੜਨ ਦਾ ਜੋ ਇਤਿਹਾਸਕ ਕਾਰਜ ਕਰਨਾ ਹੁੰਦਾ ਹੈ, ਉਹ ਨਹੀਂ ਹੋ ਪਾਉਂਦਾ। ਇਸ ਨਾਲ ਜਿੱਥੇ ਸਰਮਾਏਦਾਰੀ ਆਪਣੀਆਂ ਬੀਮਾਰੀਆਂ ਲੈ ਕੇ ਆਉਂਦੀ ਹੈ, ਉੱਥੇ ਪੁਰਾਣੀਆਂ ਜਗੀਰੂ ਬੀਮਾਰੀਆਂ ਵੀ ਸਮਾਜ 'ਚ ਬਣੀਆਂ ਰਹਿੰਦੀਆਂ ਹਨ ਜਿਸ ਕਰਕੇ ਫਾਸੀਵਾਦੀ ਪਿਛਾਖੜੀ ਵਿਚਾਰਾਂ ਦੇ ਤੇਜ਼ੀ ਨਾਲ ਜੜ੍ਹ ਫੜਨ ਲਈ ਜ਼ਮੀਨ ਤਿਆਰ ਹੁੰਦੀ ਹੈ।

ਦੂਜਾ ਹੈ, ਸਰਮਾਏਦਾਰੀ ਦਾ ਤੇਜ਼ ਵਿਕਾਸ ਜੋ ਸਮਾਜ 'ਚ ਧਰੁਵੀਕਰਨ ਦੀ ਪ੍ਰਕਿਰਿਆ ਨੂੰ ਬਹੁਤ ਤੇਜ਼ੀ ਨਾਲ ਅੰਜਾਮ ਦਿੰਦਾ ਹੈ, ਇੱਕ ਮੱਧਵਰਗ ਜੋ ਕਿਸੇ ਵੀ ਤਰ੍ਹਾਂ ਦੀ ਜਮਹੂਰੀ ਚੇਤਨਾ ਤੋਂ ਵਿਹੂਣਾ ਹੁੰਦਾ ਹੈ, ਤੇਜ਼ੀ ਨਾਲ ਹੋਂਦ 'ਚ ਆਉਂਦਾ ਹੈ ਅਤੇ ਉਸੇ ਤੇਜ਼ੀ ਨਾਲ ਉੱਜੜਦਾ ਹੈ। ਕਿਸਾਨੀ 'ਚ ਇਹੀ ਹਾਲ ਹੁੰਦਾ ਹੈ, ਛੋਟੀ ਤੇ ਮੱਧਵਰਗੀ ਕਿਸਾਨੀ ਜਮਾਤ ਕਿਸੇ ਇਨਕਲਾਬ ਰਾਹੀਂ ਨਹੀਂ, ਬੁਰਜੂਆਜ਼ੀ ਦੇ ਆਪਣੇ ਹਿੱਤ 'ਚੋਂ ਕੀਤੇ ਗਏ ਜ਼ਮੀਨੀ-ਸੁਧਾਰਾਂ ਕਾਰਨ ਕੁਝ ਜ਼ਮੀਨੀ ਟੁਕੜੇ ਹਾਸਲ ਕਰਦੀ ਹੈ ਪਰ ਸਰਮਾਏਦਾਰੀ ਦਾ ਵਿਕਾਸ ਉਸਤੋਂ ਇਹ ਟੁਕੜਾ ਖੋਹ ਲੈਂਦਾ ਹੈ ਤੇ ਉਸਨੂੰ ਸੜਕ ਤੇ ਆਉਣ ਲਈ ਜਾਂ ਮਜ਼ਦੂਰੀ ਕਰਨ ਲਈ ਮਜ਼ਬੂਰ ਕਰ ਦਿੰਦਾ ਹੈ। ਅਜਿਹੇ 'ਚ ਕਿਸਾਨ ਆਪਣੇ ਪੁਰਾਣੇ 'ਸੁਨਹਿਰੀ ਯੁੱਗ' ਦੀ ਕਲਪਨਾ ਕਰਦਾ ਹੈ ਭਾਵੇਂ ਅਜਿਹਾ ਯੁੱਗ ਕਦੇ ਨਹੀਂ ਸੀ, ਇੰਨਾ ਜ਼ਰੂਰ ਸੀ ਕਿ ਉਹ ਔਖਾ-ਸੌਖਾ ਹੋਕੇ ਆਪਣੇ ਟੱਬਰ ਦਾ ਢਿੱਡ ਭਰ ਲੈਂਦਾ ਸੀ। ਇਹਦੇ ਨਾਲ ਹੀ ਅਜਿਹੇ ਦੇਸ਼ਾਂ 'ਚ ਜਗੀਰੂ ਭੂਮੀਪਤੀਆਂ ਜਾਂ ਜਗੀਰੂ ਭੂਮੀਪਤੀਆਂ ਤੋਂ ਸਰਮਾਏਦਾਰ ਭੂਮੀਪਤੀ ਬਣੇ ਵੱਡੇ ਲੈਂਡਲਾਰਡਾਂ ਦਾ ਇੱਕ ਤਬਕਾ ਸਮਾਜ 'ਚ ਮੌਜੂਦ ਹੁੰਦਾ ਹੈ ਜੋ ਹੱਦ ਦਰਜੇ ਦਾ ਪਿਛਾਖੜੀ ਤੇ ਇਨਕਲਾਬ-ਵਿਰੋਧੀ ਹੁੰਦਾ ਹੈ। ਇਹ ਭੂਮੀਪਤੀ ਸਨਅੱਤੀ ਤੇ ਵਿੱਤੀ ਸਰਮਾਏ ਨਾਲ ਆਪਣੇ

ਵਿਰੋਧਾਂ ਦੇ ਬਾਵਜੂਦ ਫਾਸੀਵਾਦ ਨੂੰ ਵਿੱਤੀ ਮੱਦਦ ਅਤੇ ਗੁੰਡੇ ਦੀਆਂ ਟੋਲੀਆਂ ਮੁਹੱਈਆ ਕਰਵਾਉਂਦੇ ਹਨ। ਵੱਡੀ ਸਰਮਾਏਦਰ ਜਮਾਤ ਦੇ ਨਾਲ ਹੀ ਇਹ ਤਬਕੇ ਫਾਸੀਵਾਦ ਦਾ ਜਬਰਦਸਤ ਆਧਾਰ ਬਣਦੇ ਹਨ।

ਤੀਜਾ ਹੈ, ਕਿਸੇ ਵੀ ਇਨਕਲਾਬੀ ਤਾਕਤ ਦਾ ਮੌਜੂਦ ਨਾ ਹੋਣਾ ਜਾਂ ਫਿਰ ਕਮਜ਼ੋਰ ਹੋਣਾ ਜਿਹੜੀ ਅਜਿਹੇ ਸਮੇਂ 'ਚ ਪ੍ਰਚਾਰ ਕਰਕੇ ਸੰਕਟ ਦੇ ਅਸਲੀ ਕਾਰਨਾਂ ਤੇ ਹੱਲ ਨੂੰ ਲੋਕਾਂ 'ਚ ਲੈ ਕੇ ਜਾਂਦੀ, ਸਮਾਜ ਦੀਆਂ ਉਹਨਾਂ ਜਮਾਤਾਂ ਨੂੰ ਜਿਹੜੀਆਂ ਇਨਕਲਾਬ ਦੀਆਂ ਤਾਕਤਾਂ ਹੁੰਦੀਆਂ ਹਨ ਨੂੰ ਲਾਮਬੰਦ ਤੇ ਜਥੇਬੰਦ ਕਰਦੀ ਅਤੇ ਡਾਵਾਂਡੋਲ ਤਬਕਿਆਂ ਨੂੰ ਨਿੱਸਲ ਕਰਦੀ ਅਤੇ ਸਰਮਾਏਦਾਰੀ ਨੂੰ ਉਲਟਾਉਣ ਲਈ ਇਨਕਲਾਬ ਵੱਲ ਵੱਧਦੀ। ਚੌਥਾ ਹੈ, ਸੋਧਵਾਦੀ ਪਾਰਟੀਆਂ ਦੀ ਲੋਕਾਂ ਨਾਲ ਗੱਦਾਰੀ ਅਤੇ ਲੋਕਾਂ ਨੂੰ ਇਨਕਲਾਬ ਲਈ ਤਿਆਰ ਕਰਨ ਦੀ ਥਾਂ ਤਨਖਾਹਾਂ-ਉਜਰਤਾਂ 'ਚ ਚਵਾਨੀਆਂ-ਠਿਆਨੀਆਂ ਦਾ ਵਾਧਾ ਕਰਵਾਉਣ ਲਈ ਲੱਤਾਂ ਤੁੜਾਉਂਦੇ ਤੋਰੀ ਫਿਰਨਾ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਦੁਨੀਆਂ ਦੇ ਜਿਸ ਦੇਸ਼ 'ਚ ਫਾਸੀਵਾਦ ਦਾ ਉਭਾਰ ਆਇਆ ਅਤੇ ਇਹ ਸੱਤਾ 'ਤੇ ਕਾਬਜ ਹੋਇਆ ਉੱਥੇ ਦੇ ਸੋਧਵਾਦੀਆਂ ਦੀਆਂ ਅਜਿਹੀਆਂ ਹੀ ਨੀਤੀਆਂ ਦਾ ਫਾਸੀਵਾਦੀਆਂ ਨੇ ਫਾਇਦਾ ਚੁੱਕਿਆ ਅਤੇ ਉਹਨਾਂ ਨੂੰ ਆਮ ਲੋਕਾਂ ਤੋਂ ਨਿਖੇੜ ਦਿੱਤਾ, ਇੱਥੋਂ ਤੱਕ ਉਹਨਾਂ ਨੂੰ ਆਮ ਲੋਕਾਂ ਦੀਆਂ ਨਜਰਾਂ 'ਚ ਉਹਨਾਂ ਦੇ ਤੇ ਦੇਸ਼ ਦੇ ਦੁਸ਼ਮਣ ਤੱਕ ਸਾਬਿਤ ਕਰ ਦਿੱਤਾ। ਬਿਲਕੁਲ ਇਹੀ ਕੁਝ ਭਾਰਤ 'ਚ ਵੀ ਹੋ ਰਿਹਾ ਹੈ। ਭਾਰਤ ਦੇ ਭਾਕਪਾ, ਮਾਕਪਾ ਤੇ ਲਿਬਰੇਸ਼ਨ ਬਰਾਂਡ ਦੇ 'ਕਮਿਊਨਿਸਟ' ਇਹੀ ਕੁਝ ਕਰ ਰਹੇ ਹਨ। ਲੋਕਾਂ 'ਚ ਕੰਮ ਦੇ ਨਾਂ 'ਤੇ ਇਹ ਮੁਲਾਜ਼ਮ ਤਬਕੇ ਲਈ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਵਾਉਣ, ਮਜ਼ਦੂਰ ਇਲਾਕਿਆਂ 'ਚ ਫੈਕਟਰੀ ਮਾਲਕਾਂ ਲਈ ਦਲਾਲੀ ਕਰਨ, ਹਰ ਸਾਲ-ਛਿਮਾਹੀ ਪਿੱਛੋਂ 'ਦੇਸ਼-ਵਿਆਪੀ' ਹੜਤਾਲ ਦਾ 'ਸਟੇਜੀ ਸ਼ੋਅ' ਕਰਨ, ਫਿਰਕਾਪ੍ਰਸਤੀ ਵਿਰੋਧ ਦੇ ਨਾਂ 'ਤੇ ਕਾਂਗਰਸ ਤੇ ਹੋਰ ਬੁਰਜੂਆ ਪਾਰਟੀਆਂ ਨਾਲ ਮਿਲ ਕੇ 'ਸਾਂਝਾ ਮੋਰਚਾ' ਬਣਾਉਣ ਤੇ ਕਦੇ-ਕਦੇ ਕਾਂਗਰਸ ਤੋਂ 'ਦੂਰ' ਹੋਕੇ 'ਤੀਜਾ ਮੋਰਚਾ' ਬਣਾਉਣ ਦਾ ਨਾਟਕ ਕਰਨ ਅਤੇ ਬੁਰਜੂਆ ਸਿਆਸਤ ਦੀ ਘਟੀਆ ਪਾਰਲੀਮਾਨੀ ਜੋੜ-ਤੋੜ ਕਰਕੇ ਵੋਟਾਂ ਦਾ ਜੁਗਾੜ-ਪਾਣੀ ਕਰਨ ਤੋਂ ਸਿਵਾ ਕੁਝ ਨਹੀਂ ਕਰਦੇ। ਆਮ ਲੋਕਾਂ ਨੂੰ ਸਿੱਖਿਅਤ ਕਰਨ, ਸਿਆਸੀ ਚੇਤਨਾ ਦੇਣ ਅਤੇ ਇਸ ਕੰਮ ਲਈ ਪ੍ਰਚਾਰ-ਪ੍ਰਾਪੇਗੰਡਾ ਕਰਨ ਦਾ ਕੰਮ ਨਾ ਤਾਂ ਇਹਨਾਂ ਕਦੇ ਕੀਤਾ ਹੈ ਅਤੇ ਨਾ ਹੀ ਭਵਿੱਖ ਵਿੱਚ ਇਸਦੀ ਸੰਭਾਵਨਾ ਹੈ ਕਿਉਂਕਿ ਹੁਣ ਇਹ ਇਨਕਲਾਬ ਤੋਂ ਉਨਾ ਹੀ ਦੂਰ ਹਨ ਜਿੰਨਾ ਗੰਦੇ ਪਾਣੀ 'ਚ ਉੱਗੀ ਜਲਕੁੰਭੀ ਤੋਂ ਖੁਸ਼ਬੂ।

•

ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਫਾਸੀਵਾਦ ਦਾ ਮੁਕਾਬਲਾ ਇੰਡੀਆ ਗੇਟ 'ਤੇ ਜਾਂ ਸ਼ਹਿਰ ਦੇ ਕਿਸੇ ਖਾਸ ਚੌਕ ਉੱਤੇ ਦੋ-ਚਾਰ ਮੋਮਬੱਤੀਆਂ ਜਗਾਉਣ ਨਾਲ, 'ਧਰਮ ਨਹੀਂ ਸਿਖਾਤਾ ਕਿਸੀ ਸੇ ਵੈਰ ਰਖਨਾ' ਦੇ ਉਪਦੇਸ਼ਾਂ ਨਾਲ, ਸਾਲ-ਦੋ ਸਾਲ ਪਿੱਛੋਂ ਸੈਮੀਨਾਰ-ਗੋਸ਼ਟੀ, ਮੁਸ਼ਹਿਰਾ ਕਰ ਲੈਣ ਨਾਲ, ਤਨਖਾਹਾਂ-ਉਜਰਤਾਂ 'ਚ ਵਾਧੇ ਦੀਆਂ ਲੜਾਈਆਂ ਲੜ ਲੈਣ ਨਾਲ ਨਹੀਂ ਹੋਵੇਗਾ ਅਤੇ ਨਾ ਹੀ ਫਾਸੀਵਾਦੀ ਦੈਂਤ ਇਸਨੂੰ 'ਗੁੱਸੇ ਨਾ ਕਰਨ' ਤੇ 'ਇਸ ਨੂੰ ਨਾ ਹੀ ਛੇੜੋ' ਜਿਹੀਆਂ ਬਿੱਲੀ ਦੇਖਕੇ ਕਬੂਤਰ ਦੇ ਅੱਖਾਂ ਮੀਚਣ ਵਰਗੀਆਂ ਨਿੱਸਲ ਤੇ ਡਰਪੋਕ ਸੁਰੱਖਿਆਤਮਕ ਹਰਕਤਾਂ ਨਾਲ ਪਿੱਛੇ ਹਟਣ ਵਾਲਾ ਹੈ ਕਿਉਂਕਿ ਫਾਸੀਵਾਦੀ ਗੁੰਡੇ ਜਦੋਂ ਦਸਤਕ ਦੇਣਗੇ ਤਾਂ ਉਹ ਨਹੀਂ ਸੁਣਨ ਲੱਗੇ ਕਿ "ਅਸੀਂ ਤਾਂ ਜੀ ਕੁਝ ਨੀਂ ਕਿਹਾ ਕਦੇ", ਹਾਂ ਉਹ ਅਜਿਹੀ ਕਾਇਰਤਾ 'ਤੇ ਹੱਸਣਗੇ। ਫਾਸੀਵਾਦ ਦੇ ਮੁਕਾਬਲੇ ਲਈ ਇਸਦੇ ਉਭਾਰ ਦੇ ਕਾਰਨਾਂ ਨੂੰ ਸਮਝਦੇ ਹੋਏ ਲੋਕਾਂ 'ਚ ਲਗਾਤਾਰ, ਸੰਘਣਾ ਤੇ ਤਿੱਖਾ ਪ੍ਰਚਾਰ-ਪ੍ਰਾਪੇਗੰਡਾ ਕਰਨਾ ਹੋਵੇਗਾ। ਫਾਸੀਵਾਦੀਆਂ ਦੇ ਇਤਿਹਾਸ ਤੇ ਵਰਤਮਾਨ ਸੰਬੰਧੀ ਹਰ ਝੂਠ ਨੂੰ ਉਜਾਗਰ ਕਰਨਾ ਹੋਵੇਗਾ ਅਤੇ ਨਾਲ ਸਰਮਾਏਦਾਰਾ ਢਾਂਚੇ ਦੀ ਆਰਥਿਕ, ਸਿਆਸੀ ਤੇ ਸਮਾਜਕ ਢਾਂਚੇ ਦੀ ਤਾਰ-ਤਾਰ ਉਧੇੜ ਕੇ ਇਸਨੂੰ ਲੋਕਾਂ ਸਾਹਮਣੇ ਨੰਗਾ ਕਰਨਾ ਹੋਵੇਗਾ। ਫਾਸੀਵਾਦ ਦੇ ਅਸਲ ਅਜੰਡੇ ਸੰਬੰਧੀ ਲੋਕਾਂ ਦੇ ਮਨ 'ਚੋਂ ਭੁਲੇਖਿਆਂ ਦਾ ਜਾਲਾ ਉਤਾਰਨਾ ਹੋਵੇਗਾ ਅਤੇ ਉਹਨਾਂ ਨੂੰ ਇਸਦੇ ਬੌਧਿਕ ਤੇ ਸੱਭਿਆਚਾਰਕ ਹਮਲੇ ਦਾ ਮੁਕਾਬਲਾ ਕਰਨ ਲਈ ਲਾਜ਼ਮੀ ਗਿਆਨ ਤੇ ਚੇਤਨਾ ਨਾਲ ਲੈੱਸ ਕਰਨਾ ਪਏਗਾ। ਇਸ ਲਈ ਲਗਾਤਾਰ ਪਰਚੇ, ਦੁਵਰਕੀਆਂ, ਪੈਂਫਲਟ ਛਾਪਣੇ ਤੇ ਵੰਡਣਾ, ਸੈਮੀਨਾਰ, ਗੋਸ਼ਟੀਆਂ, ਸਭਾਵਾਂ ਦਾ ਆਯੋਜਿਨ ਕਰਨਾ, ਇਤਿਹਾਸ ਤੇ ਵਰਤਮਾਨ ਸੰਬੰਧੀ ਫਾਸੀਵਾਦੀ ਝੂਠਾਂ ਨੂੰ ਬੇਨਕਾਬ ਕਰਦੀਆਂ ਲਿਖਤਾਂ ਨੂੰ ਲੋਕਾਂ ਦੀ ਭਾਸ਼ਾ 'ਚ ਅਨੁਵਾਦ ਕਰਕੇ ਉਹਨਾਂ ਤੱਕ ਪੁਚਾਉਣਾ, ਫਾਸੀਵਾਦ ਵਿਰੋਧੀ ਨਾਟਕਾਂ, ਫਿਲਮਾਂ, ਗੀਤ-ਸੰਗੀਤ ਰਾਹੀਂ ਲੋਕਾਂ ਨੂੰ ਉਹਨਾਂ ਦੇ ਕਾਰਿਆਂ ਤੋਂ ਜਾਣੂੰ ਕਰਵਾਉਣਾ ਹੋਵੇਗਾ। ਅਜਿਹਾ ਸਮਾਜ ਦੇ ਹਰ ਤਬਕੇ 'ਚ ਜਾ ਕੇ ਕਰਨਾ ਹੋਵੇਗਾ। ਲੋਕਾਂ ਦੀ ਆਰਥਿਕ ਤੇ ਸਿਆਸੀ ਲੜਾਈ ਦੀ ਅਗਵਾਈ ਅਤੇ ਸੁਧਾਰ ਕੰਮ 'ਚੋਂ ਫਾਸੀਵਾਦੀਆਂ ਨੂੰ ਬਾਹਰ ਕਰਨਾ ਹੋਵੇਗਾ ਅਤੇ ਲੋਕਾਂ ਨੂੰ ਫਾਸੀਵਾਦ ਖਿਲਾਫ ਸੜਕਾਂ 'ਤੇ ਹੋਣ ਵਾਲੀ ਲੜਾਈ ਲਈ ਤਿਆਰ ਕਰਨਾ ਹੋਵੇਗਾ। ਸਮਾਜ ਦੇ ਨੌਜਵਾਨਾਂ, ਬੁੱਧੀਜੀਵੀਆਂ, ਕਲਾਕਾਰਾਂ, ਲੇਖਕਾਂ ਨੂੰ ਇਸ ਇਤਿਹਾਸਕ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਲੋਕਾਂ 'ਚ ਜਾਣਾ, ਉਹਨਾਂ ਨਾਲ ਇਕਮਿਕ ਹੋਣ ਦੀ ਹਿੰਮਤ ਕਰਨੀ ਪੈਣੀ ਹੈ। ਨਹੀਂ ਤਾਂ ਉਹੋ ਕੁਝ ਵਾਪਰੇਗਾ ਜਿਸ ਦੀ ਚੇਤਾਵਨੀ ਜਰਮਨ ਕਵੀ ਪਾਸਟਰ ਨਿਮੋਲਰ ਨੇ ਆਪਣੀ ਇਸ ਕਵਿਤਾ ਵਿੱਚ ਦਿੱਤੀ ਸੀ -

ਪਹਿਲਾਂ ਉਹ ਯਹੂਦੀਆਂ ਲਈ ਆਏ
ਤੇ ਮੈਂ ਕੁਝ ਨਹੀਂ ਬੋਲਿਆ
ਕਿਉਂਕਿ ਮੈਂ ਯਹੂਦੀ ਨਹੀਂ ਸਾਂ
ਫਿਰ ਉਹ ਟਰੇਡ ਯੂਨੀਅਨ ਵਾਲਿਆਂ ਲਈ ਆਏ
ਤੇ ਮੈਂ ਕੁਝ ਨਹੀ ਬੋਲਿਆ
ਕਿਉਂਕਿ ਮੈਂ ਟਰੇਡ ਯੂਨੀਅਨ 'ਚ ਨਹੀਂ ਸਾਂ
ਫਿਰ ਉਹ ਕਮਿਊਨਿਸਟਾਂ ਲਈ ਆਏ
ਤੇ ਮੈਂ ਕੁਝ ਨਹੀਂ ਬੋਲਿਆ

(ਬਾਕੀ ਪੰਨਾ 4 'ਤੇ)

ਸਮਾਜਕ ਮਸਲੇ

ਗੁਜਰਾਤ ਦੰਗੇ

ਦਸ ਸਾਲ ਬੀਤ ਜਾਣ 'ਤੇ ਵੀ ਇਨਸਾਫ਼ ਦਾ ਕੋਈ ਨਿਸ਼ਾਨ ਨਹੀਂ

• ਅਜੇਪਾਲ

2002 ਦੀ ਫਰਵਰੀ ਦੇ ਅਖੀਰ ਵਿੱਚ ਸ਼ੁਰੂ ਹੋਏ ਗੁਜਰਾਤ ਦੰਗੇ ਮਾਰਚ ਮਹੀਨੇ ਦੇ ਲਗਭਗ ਅੰਤ ਤੱਕ ਚਲਦੇ ਰਹੇ। ਸਰਕਾਰੀ ਅੰਕੜੇ ਮਰਨ ਵਾਲ਼ਿਆਂ ਦੀ ਗਿਣਤੀ 840 ਦੱਸਦੇ ਸਨ ਪਰ ਬਰਤਾਨੀਆ ਦੀ ਰਿਪੋਰਟ ਮੁਤਾਬਕ ਇਹ ਗਿਣਤੀ 2000 ਸੀ, ਹੋਰ ਗੈਰ-ਸਰਕਾਰੀ ਅੰਕੜੇ ਦੋ ਹਜ਼ਾਰ ਤੋਂ ਵੀ ਉੱਪਰ ਦੱਸਦੇ ਹਨ, 2500 ਲੋਕ ਲਾਪਤਾ, 10204 ਘਰ ਤਬਾਹ ਕੀਤੇ ਗਏ, 10429 ਦੁਕਾਨਾਂ ਸਾੜੀਆਂ ਗਈਆਂ, 1278 ਦੁਕਾਨਾਂ ਲੁੱਟੀਆਂ ਗਈਆਂ, ਹਜ਼ਾਰਾਂ ਹੀ ਔਰਤਾਂ ਨਾਲ਼ ਬਲਾਤਕਾਰ ਹੋਏ, ਕੁੱਲ 1,50,000 ਲੋਕ ਇਹਨਾਂ ਦੰਗਿਆਂ ਦੇ ਸ਼ਿਕਾਰ ਬਣੇ। ਅੱਜ ਗੁਜਰਾਤ ਦੰਗਿਆਂ ਨੂੰ ਦਸ ਸਾਲ ਬੀਤ ਚੁੱਕੇ ਹਨ ਪਰ ਇਹਨਾਂ ਦੇ ਸ਼ਿਕਾਰ ਲੋਕਾਂ ਨੂੰ ਇਨਸਾਫ਼ ਤਾਂ ਕੀ ਰਾਹਤ ਤੱਕ ਵੀ ਨਹੀਂ ਮਿਲ਼ੀ। ਭਾਰਤ ਵਿੱਚ ਦੰਗੇ ਪਹਿਲਾਂ ਵੀ ਕਈ ਵਾਰ ਹੋਏ ਪਰ ਗੁਜਰਾਤ ਦੰਗਿਆਂ ਵਿੱਚ ਖਾਸ ਗੱਲ ਇਹ ਸੀ ਕਿ ਪਹਿਲਾਂ ਕਦੀ ਵੀ ਇਨੇ ਵੱਡੇ ਪੱਧਰ 'ਤੇ ਇਨੇ ਯੋਜਨਾਬੱਧ ਅਤੇ ਜਥੇਬੰਦਕ ਢੰਗ ਨਾਲ਼ ਕਦੇ ਵੀ ਨਹੀਂ ਹੋਏ ਸਨ। ਬਹੁਤ ਹੀ ਯੋਜਨਾਬੱਧ ਤੇ ਜਥੇਬੰਦ ਤਰੀਕੇ ਨਾਲ਼ ਮੁਸਲਮਾਨਾਂ ਨੂੰ ਟੀਚਾ ਮਿੱਥਿਆ ਗਿਆ। ਫਸਾਦੀਆਂ ਨੂੰ ਉਹਨਾਂ ਦੇ ਘਰਾਂ ਦੇ ਪਤੇ, ਘਰ ਦੇ ਕੁੱਲ ਜੀਆਂ ਦੀਆਂ ਸੂਚੀਆਂ, ਦੁਕਾਨਾਂ ਦੇ ਨਾਮ ਤੇ ਪਤੇ, ਮੁਸਲਮਾਨਾਂ ਬਾਰੇ ਜਿੰਨਾ ਵੀ ਸਰਕਾਰੀ ਰਿਕਾਰਡ ਸੀ ਸਭ ਮੁਹੱਈਆ ਕਰਵਾਇਆ ਗਿਆ, ਫਿਰ ਫਸਾਦੀਆਂ ਨੂੰ ਹਰ ਤਰਾਂ ਦੇ ਹਥਿਆਰ ਵੰਡੇ ਗਏ। ਪੂਰੇ ਦੰਗਿਆਂ ਦੌਰਾਨ ਫਸਾਦੀਆਂ ਨੇ ਜੋ ਕੀਤਾ ਉਹਦੀ ਗੱਲ ਤਾਂ ਅੱਡਰੀ ਹੈ ਇਸ ਸਾਰੇ ਕਾਸੇ 'ਤੇ ਮੌਕੇ ਦੀ ਮੋਦੀ ਸਰਕਾਰ ਨੇ ਇਹਨਾਂ ਦਾ ਜਿਵੇਂ ਪੂਰਾ-ਪੂਰਾ ਸਾਥ ਦਿੱਤਾ ਅਤੇ ਸਾਰੀ ਨੌਕਰਸ਼ਾਹੀ ਜਿਵੇਂ ਫਸਾਦੀਆਂ ਦੀ ਸੇਵਾ ਵਿੱਚ ਪੱਬਾਂ ਭਾਰ ਰਹੀ ਅਤੇ ਗੁਜਰਾਤ ਦੀ ਪੜ੍ਹੀ-ਲਿਖੀ ਜਮਾਤ ਦੀ ਇਹਨਾਂ ਦੰਗਿਆਂ ਦੀ ਹਮਾਇਤ ਵਿੱਚ ਠੰਡੀ ਚੁੱਪ ਜਰਮਨੀ ਵਿੱਚ ਨਾਜ਼ੀਆਂ ਦੁਆਰਾ ਕੀਤੇ ਗਏ ਯਹੂਦੀਆਂ ਦੇ ਕਤਲੇਆਮ ਦੀ ਯਾਦ ਦਿਵਾਉਂਦੇ ਹਨ! ਹਾਂ, ਇਹ ਦੰਗੇ ਜਰਮਨੀ ਵਿੱਚ ਹਿਟਲਰ ਦੁਆਰਾ ਕਰਵਾਏ ਗਏ ਯਹੂਦੀਆਂ ਦੇ ਕਤਲੇਆਮ ਦੇ ਹੀ ਬਰਾਬਰ ਸਨ ਭਾਵੇਂ ਹੀ ਇਨ੍ਹਾਂ ਵਿੱਚ ਮਰਨ ਵਾਲ਼ਿਆਂ ਦੀ ਗਿਣਤੀ ਯਹੂਦੀਆਂ ਤੋਂ ਘੱਟ ਸੀ ਪਰ ਤੱਤ ਰੂਪ ਵਿੱਚ ਇਹ ਉਸੇ ਕਤਲੇਆਮ ਦਾ ਹੀ ਭਾਰਤੀ ਐਡੀਸ਼ਨ ਸੀ।

ਅਹਿਮਦਾਬਾਦ ਕਚਹਿਰੀਆਂ ਵਿੱਚ ਦੋ ਔਰਤਾਂ ਸਾਇਰਾਬੇਨ ਸਾਂਧੀ ਤੇ ਰੂਪਾ ਮੋਦੇ ਬਹੁ-ਚਰਚਿਤ ਜ਼ਕੀਆ ਜਾਫਰੀ (ਗੁਲਬਰਗ ਸੁਸਾਇਟੀ) ਕੇਸ ਦੀ ਹਰ ਸੁਣਵਾਈ 'ਤੇ ਆਉਂਦੀਆਂ ਹਨ। ਇਹਨਾਂ 'ਚੋਂ ਇੱਕ ਨੇ ਗੁਲਬਰਗ ਸੁਸਾਇਟੀ ਕਤਲੇਆਮ ਵਿੱਚ ਆਪਣੇ ਪੁੱਤਰ ਨੂੰ ਆਪਣੀਆਂ ਅੱਖਾਂ ਸਾਹਵੇਂ ਕਤਲ ਹੁੰਦਿਆਂ ਦੇਖਿਆ ਤੇ ਦੂਸਰੀ ਨੇ ਉਸ ਕਤਲੇਆਮ ਤੋਂ ਬਾਅਦ ਆਪਣੇ ਪੁੱਤਰ ਨੂੰ ਅੱਜ ਤੱਕ ਦੁਬਾਰਾ ਨਹੀਂ ਦੇਖਿਆ। ਰੂਪਾ ਮੋਦੇ ਦਾ ਕਹਿਣਾ ਹੈ, "ਅਸੀਂ ਇਸ ਕੇਸ ਦੀ ਹਰ ਸੁਣਵਾਈ ਵਿੱਚ ਆਉਂਦੇ ਹਾਂ। ਜਦ ਤਕ ਅਸੀਂ ਜ਼ਿੰਦਾ ਹਾਂ ਅਸੀਂ ਹਾਰ ਨਹੀਂ ਮੰਨਾਂਗੇ। ਅਸੀਂ ਉਸਨੂੰ (ਮੁੱਖ ਮੰਤਰੀ ਨਰਿੰਦਰ ਮੋਦੀ) ਛੱਡਣ ਨਹੀਂ ਲੱਗੇ। ਅਸੀਂ ਜਾਣਦੇ ਹਾਂ ਕਿ ਸਾਨੂੰ ਨਿਆਂ ਮਿਲੇਗਾ ਭਾਵੇਂ ਇਸਨੂੰ ਹੋਰ ਦੱਸ ਸਾਲ ਲੱਗ ਜਾਣ"। ਪਰ ਨਿਆਂ ਲਈ ਉਹਨਾਂ ਅਦਾਲਤਾਂ ਤੋਂ ਆਸ ਕਰਨੀ ਜੋ ਹਰ ਹਾਲ ਮੌਕੇ ਦੀ ਸੱਤਾ ਲਈ ਹੀ ਭੁਗਤਦੀਆਂ ਹਨ, ਇੱਕ ਤਰਸਯੋਗ ਹਾਲਤ ਹੀ ਪੈਦਾ ਕਰਦੀ ਹੈ। ਇਸ ਗੁਲਬਰਗ ਸੁਸਾਇਟੀ ਕੇਸ ਵਿੱਚ 69 ਲੋਕ ਮਾਰੇ ਗਏ ਤੇ 28 ਲੋਕ ਅੱਜ ਤੱਕ ਲਾਪਤਾ ਹਨ। 28 ਫਰਵਰੀ 2002 ਨੂੰ ਜਦ ਫਸਾਦੀਆਂ ਨੇ ਗੁਲਬਰਗ ਸੁਸਾਇਟੀ ਨੂੰ ਘੇਰਿਆ ਤਾਂ ਬਹੁਤੇ ਲੋਕ ਅਹਿਸਾਨ ਜਾਫਰੀ ਦੇ ਘਰ ਲੁਕ ਗਏ ਕਿਉਂਕਿ ਅਹਿਸਾਨ ਜਾਫਰੀ ਸੰਸਦ ਮੈਂਬਰ ਸਨ ਇਸ ਲਈ ਸਭ ਨੂੰ ਆਸ ਸੀ ਕਿ ਇਥੇ ਹਮਲਾ ਨਹੀਂ ਹੋਵੇਗਾ ਤੇ ਮਦਦ ਵੀ ਮਿਲੇਗੀ ਪਰ ਅਹਿਸਾਨ ਜਾਫਰੀ ਦੇ ਪੁਲਿਸ ਅਤੇ ਮੋਦੀ ਨੂੰ ਲਗਾਤਾਰ ਫੋਨ ਕਰਨ ਤੋਂ ਬਾਅਦ ਵੀ ਕੋਈ ਮਦਦ ਨਹੀਂ ਪਹੁੰਚੀ ਇਨੇ ਚਿਰ ਵਿੱਚ ਪੂਰੀ ਕਲੋਨੀ ਨੂੰ ਅੱਗ ਲਗਾ ਦਿੱਤੀ ਗਈ ਤੇ ਜਿਨੇ ਵੀ ਲੋਕ ਫਸਾਦੀਆਂ ਨੂੰ ਮਿਲੇ ਉਹਨਾਂ ਦੀ ਕਸਾਈਆਂ ਵਾਂਗ ਕੱਟ-ਵੱਢ ਕੀਤੀ ਗਈ ਕੋਈ ਅੱਗ ਬੁਝਾ ਨਾ ਸਕੇ ਇਸ ਲਈ ਪਾਣੀ ਦੀਆਂ ਟੈਂਕੀਆਂ ਤੋਂ ਸਪਲਾਈ ਕਟ ਦਿੱਤੀ ਗਈ। ਅਹਿਸਾਨ ਜਾਫਰੀ ਨੂੰ ਘਰ ਤੋਂ ਬਾਹਰ ਨਿਕਲਣ ਲਈ ਮਜਬੂਰ ਕੀਤਾ ਗਿਆ ਤੇ ਫਿਰ ਉਹਨਾਂ ਨੂੰ ਵੀ ਸਭ ਦੇ ਸਾਹਮਣੇ ਕੋਹ-ਕੋਹ ਕੇ ਮਾਰਿਆ ਗਿਆ। ਅਹਿਸਾਨ ਜਾਫਰੀ ਕੇਸ (ਜਿਸ ਨੂੰ ਉਹਨਾਂ ਦੀ ਪਤਨੀ ਦੇ ਨਾਮ ਜ਼ਕੀਆ ਜਾਫ਼ਰੀ ਕੇਸ ਨਾਲ਼ ਵੀ ਜਾਣਿਆ ਜਾਂਦਾ ਹੈ) ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਇਸ ਵਿੱਚ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਸਿੱਧੀ ਸ਼ਮੂਲੀਅਤ ਸੀ। ਜ਼ਕੀਆ ਜਾਫਰੀ ਦੀ ਦਾਇਰ ਕੀਤੀ ਪਟੀਸ਼ਨ ਅਨੁਸਾਰ ਅਹਿਸਾਨ ਜਾਫਰੀ ਕਤਲ ਹੋਣ ਤੋਂ

ਪਹਿਲਾਂ ਮੋਦੀ ਨੂੰ ਮਦਦ ਲਈ ਵਾਰ-ਵਾਰ ਫੋਨ ਕਰਦੇ ਰਹੇ ਪਰ ਮੋਦੀ ਨੇ ਕੋਈ ਮਦਦ ਨਹੀਂ ਭੇਜੀ ਸਗੋਂ ਹੋਰ ਪੱਕਾ ਕੀਤਾ ਗਿਆ ਕਿ ਫਸਾਦੀਆਂ ਨਾਲ਼ ਘਿਰੇ ਗੁਲਬਰਗ ਸੁਸਾਇਟੀ ਦੇ ਲੋਕਾਂ ਨੂੰ ਕੋਈ ਵੀ ਮਦਦ ਨਾ ਪਹੁੰਚੇ। ਜ਼ਕੀਆ ਜਾਫਰੀ ਨੇ ਪਟੀਸ਼ਨ ਵਿੱਚ ਮੋਦੀ ਨੂੰ ਹੀ ਗੁਲਬਰਗ ਸੁਸਾਇਟੀ ਕਤਲੇਆਮ ਦਾ ਨਕਸ਼ਾ-ਨਵੀਸ ਦੱਸਿਆ ਹੈ।

ਗੁਜਰਾਤ ਦੰਗਿਆਂ ਦੇ ਸਬੰਧ ਵਿੱਚ ਜੋ ਇੱਕ ਹੋਰ ਨਾਮ ਅੱਜ ਕੱਲ ਬਹੁਤ ਚਰਚਾ ਵਿੱਚ ਹੈ ਉਹ ਸਿਟ (ਸਪੈਸ਼ਲ ਇਨਵੈਸਟੀਗੇਟਿੰਗ ਟੀਮ—ਵਿਸ਼ੇਸ਼ ਜਾਂਚ ਦਲ) ਦਾ। ਸਿਟ ਜਦ ਬਣਾਈ ਗਈ ਸੀ ਤਾਂ ਇਸਨੇ ਵੀ ਬੜੇ ਵਾਅਦੇ ਕੀਤੇ ਇਸਦੇ ਮੁਖੀ ਆਰ. ਕੇ. ਰਾਗਵਨ ਤਾਂ ਖੜੇ ਪੈਰ ਦੇ ਪੀਰ ਜਾਪਦੇ ਸਨ। ਪਰ ਹੁਣ ਸਿਟ ਦਾ ਅਸਲੀ ਚਿਹਰਾ ਵੀ ਪੂਰੀ ਤਰਾਂ ਨੰਗਾ ਹੋ ਚੁੱਕਿਆ ਹੈ। 2002 ਮੌਕੇ ਗੁਜਰਾਤ ਸੂਬੇ ਦੀ ਇੰਟੈਲੀਜੈਂਸ ਦੇ ਏ.ਡੀ.ਜੀ.ਪੀ. ਰਹੇ ਆਰ. ਬੀ. ਸਰੀਕੁਮਾਰ ਜੋ ਕਿ ਮੋਦੀ ਵਿਰੁੱਧ ਮੁੱਖ ਗਵਾਹ ਵੀ ਹਨ ਦਾ ਸਿਟ ਬਾਰੇ ਕਹਿਣਾ ਹੈ ਕਿ ਸਿਟ ਉਸੇ ਸੜਕ ਤੇ ਚੱਲ ਰਹੀ ਹੈ ਜਿਸ ਦਾ ਨਕਸ਼ਾ ਸੂਬਾ ਸਰਕਾਰ ਨੇ ਜਾਰੀ ਕੀਤਾ ਹੈ। ਸਰੀਕੁਮਾਰ ਨੇ ਨਰਿੰਦਰ ਮੋਦੀ ਵਿਰੁੱਧ ਬਹੁਤ ਗੰਭੀਰ ਦੋਸ਼ ਲਾਏ ਸਨ ਉਹਨਾਂ ਕਿਹਾ ਸੀ ਕਿ ਨਰਿੰਦਰ ਮੋਦੀ ਨੇ ਹੀ ਸਾਰੇ ਪੁਲੀਸ ਅਫਸਰਾਂ ਅਤੇ ਰਾਜ ਮਸ਼ੀਨਰੀ ਨੂੰ ਹੁਕਮ ਦਿੱਤੇ ਸਨ ਕਿ ਉਹ ਹਿੰਦੂ ਫਸਾਦੀਆਂ ਦਾ ਸਾਥ ਦੇਣ। ਸਰੀਕੁਮਾਰ ਇਕੱਲੇ ਨਹੀਂ ਅਜਿਹੇ ਹੋਰ ਵੀ ਅਫ਼ਸਰ ਹਨ ਜਿਨਾਂ ਮੋਦੀ ਖਿਲਾਫ ਬੋਲਣ ਦੀ ਜੁਅੱਰਤ ਕੀਤੀ ਜਿਨ੍ਹਾਂ ਵਿੱਚ ਸੰਜੀਵ ਭੱਟ ਅਤੇ ਰਾਹੁਲ ਸ਼ਰਮਾ ਵੀ ਸ਼ਾਮਲ ਹਨ। ਇਹਨਾਂ ਅਫਸਰਾਂ ਨੇ ਬਹੁਤ ਸਾਰੇ ਇਲੈਕਟ੍ਰਾਨਿਕ ਅਤੇ ਲਿਖਤ ਸਬੂਤ ਸਿਟ ਨੂੰ ਦਿੱਤੇ ਪਰ ਸਿਟ ਨੇ ਇਹਨਾਂ ਨੂੰ ਬਹੁਤ ਹੀ ਤੁਛ ਅਧਾਰਾਂ ਤੇ ਮੋਦੀ ਵਿਰੁੱਧ ਮੁਕੱਦਮਾ ਚਲਾਉਣ ਲਈ ਕਾਫੀ ਨਾ ਦੱਸਦੇ ਹੋਏ ਅੱਖੋਂ ਓਹਲੇ ਕਰ ਦਿੱਤਾ ਅਤੇ ਸਿਟ ਨੇ ਇਹ ਕਿਉਂ ਕੀਤਾ ਇਹਦਾ ਵੀ ਕੋਈ ਖਾਸ ਕਾਰਣ ਇਹਨਾਂ ਅਫਸਰਾਂ ਨੂੰ ਨਹੀਂ ਦੱਸਿਆ ਗਿਆ। 27-28 ਫਰਵਰੀ 2002 ਨੂੰ ਹੋਈਆਂ ਅਹਿਮਦਾਬਾਦ ਵਿਖੇ ਡੀ.ਜੀ.ਪੀ. ਅਤੇ ਪੁਲਿਸ ਕਮਿਸ਼ਨਰ ਦੇ ਕੰਟਰੋਲ ਰੂਮਾਂ ਵਿੱਚ ਮੁੱਖ ਮੰਤਰੀ ਤੇ ਹੋਰ ਮੰਤਰੀਆਂ ਅਤੇ ਅਫਸਰਾਂ ਵਿੱਚ ਹੋਈਆਂ ਸਰਕਾਰੀ ਮੀਟਿੰਗਾਂ ਦੇ ਕੋਈ ਮਿੰਨਟ ਕਿਉਂ ਨਹੀਂ ਰੱਖੇ ਗਏ ? ਸਰੀਕੁਮਾਰ ਵਰਗੇ ਅਫਸਰਾਂ ਦੇ ਵਾਰ-ਵਾਰ ਧਿਆਨ ਦੁਆਣ ਦੇ ਬਾਅਦ ਵੀ ਸਿਟ ਨੇ ਇਸ ਗੱਲ ਦਾ ਕੋਈ ਨੋਟਿਸ ਨਹੀਂ ਲਿਆ। ਮੋਦੀ ਦਾ ਉਹ ਭਾਸ਼ਣ—ਜਿਸ ਵਿੱਚ ਮੋਦੀ ਨੇ ਗੁਜਰਾਤ ਦੰਗਿਆਂ ਨੂੰ ਗੋਦਰਾ ਕਾਂਡ ਦਾ ਰਿਐਕਸ਼ਨ ਦੱਸਿਆ ਸੀ — ਵੱਲ ਵੀ ਸਿਟ ਨੇ ਕੋਈ ਧਿਆਨ ਨਹੀਂ ਧਰਿਆ। ਦੰਗਿਆਂ ਤੋਂ ਬਾਅਦ ਉਹਨਾਂ ਅਫਸਰਾਂ ਨੂੰ ਹੀ ਸਰਕਾਰੀ ਇਨਾਮ ਅਤੇ ਉੱਨਤੀਆਂ ਦਿੱਤੀਆਂ ਗਈਆਂ ਜਿਨ੍ਹਾਂ ਨੇ ਸ਼ਰੇਆਮ ਮੋਦੀ ਦਾ ਸਾਥ ਦਿੱਤਾ ਸੀ ਪਰ ਸਿਟ ਨੇ ਇਸ ਦਾ ਵੀ ਕੋਈ ਨੋਟ ਨਹੀਂ ਲਿਆ। ਹੋਰ ਤਾਂ ਹੋਰ ਦੰਗਿਆਂ ਦੌਰਾਨ ਜਿਵੇਂ ਸਰਕਾਰੀ ਮਸ਼ੀਨਰੀ ਚੁੱਪ ਧਾਰੀ ਬੈਠੀ ਰਹੀ ਇਸ ਨੂੰ ਸਿਟ 'ਬਿਨਾਂ ਕਿਸੇ ਬੁਰੀ ਨੀਅਤ ਦੇ ਪ੍ਰਸ਼ਾਸਨਿਕ ਭੁੱਲ' ਕਰਾਰ ਦਿੰਦੀ ਹੈ। ਸਰੀਕੁਮਾਰ ਨੇ ਤਾਂ ਸਿਟ ਦੀ ਅਧਿਕਾਰਿਤਾ 'ਤੇ ਵੀ ਸਵਾਲ ਉਠਾਏ ਹਨ ਸਰੀਕੁਮਾਰ ਅਨੁਸਾਰ, "ਕਿਉਂਕਿ ਸਿਟ ਨੇ ਸੀ.ਆਰ.ਪੀ.ਸੀ. ਦੇ ਸੈਕਸ਼ਨ 154 ਤਹਿਤ ਕਿਸੇ ਪੁਲਿਸ ਥਾਣੇ ਵਿੱਚ ਕੇਸ ਨਹੀਂ ਦਰਜ ਕਰਵਾਇਆ, ਇਸ ਲਈ ਸਿਟ ਨੂੰ ਕਿਸੇ ਜਾਂਚ ਅਧਿਕਾਰੀ ਦੀ ਅਧਿਕਾਰਿਤਾ ਹੀ ਹਾਸਲ ਨਹੀਂ ਹੈ।"

ਸਿਟ ਬਾਰੇ ਆਈ.ਪੀ.ਐਸ. ਅਫਸਰ ਰਹੇ ਸੰਜੀਵ ਭੱਟ ਦਾ ਇੱਥੋਂ ਤੱਕ ਕਹਿਣਾ ਹੈ ਕਿ ਸਿਟ ਨੇ ਸਾਰੇ ਜ਼ਰੂਰੀ ਸਬੂਤਾਂ ਨੂੰ ਖੁਰਦ-ਬੁਰਦ ਤੱਕ ਕੀਤਾ ਹੈ ਅਤੇ ਮਹੱਤਵਪੂਰਨ ਗਵਾਹਾਂ ਨੂੰ ਧਮਕਾਉਣ ਤੱਕ ਦਾ ਕੰਮ ਕੀਤਾ ਹੈ। ਸੰਜੀਵ ਭੱਟ ਵੀ 27 ਫਰਵਰੀ 2002 ਨੂੰ ਮੁੱਖ ਮੰਤਰੀ ਮੋਦੀ ਨਾਲ਼ ਹੋਈਆਂ ਮੀਟਿੰਗਾਂ ਵਿੱਚ ਸ਼ਾਮਲ ਸੀ ਅਤੇ ਭੱਟ ਦਾ ਸਿੱਧਾ ਕਹਿਣਾ ਹੈ ਕਿ ਮੋਦੀ ਨੇ ਫਸਾਦਾਂ ਅਤੇ ਖਾਸ ਕਰਕੇ ਅਹਿਸਾਨ ਜਾਫਰੀ ਦੇ ਕਤਲ ਦੌਰਾਨ ਖਾਸ ਹਦਾਇਤਾਂ ਦਿੱਤੀਆਂ ਸਨ ਕਿ 'ਹਿੰਦੂਆਂ ਨੂੰ ਆਪਣਾ ਗੁੱਸਾ ਕੱਢ ਲੈਣ ਦਿਓ'। ਭੱਟ ਨੇ ਮੋਦੀ ਨੂੰ ਇੱਕ ਫੈਕਸ ਵੀ ਭੇਜੀ ਜਿਸ ਵਿੱਚ ਮੋਦੀ ਨੂੰ ਫਿਰਕੂ ਦੰਗਿਆਂ ਬਾਰੇ ਅਗਾਊਂ ਚੇਤਾਵਨੀ ਦਿੱਤੀ ਗਈ ਸੀ ਪਰ ਮੋਦੀ ਨੇ ਇਸ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਸਗੋਂ ਮੋਦੀ ਦਾ ਕਹਿਣਾ ਸੀ ਕਿ ਅਹਿਸਾਨ ਜਾਫਰੀ ਨੇ ਪਹਿਲਾਂ ਹੋਏ ਅਹਿਮਦਾਬਾਦ ਦੰਗਿਆਂ ਵਿੱਚ ਹਿੰਦੂਆਂ 'ਤੇ ਗੋਲੀ ਚਲਾਈ ਸੀ। ਸੰਜੀਵ ਭੱਟ 'ਤੇ ਝੂਠੇ ਮੁਕੱਦਮੇ ਚਲਾ ਕੇ ਉਸਨੂੰ ਨੌਕਰੀ ਤੋਂ ਮੁਅੱਤਲ ਕਰਕੇ ਜੇਲ੍ਹ ਭੇਜ ਦਿੱਤਾ ਗਿਆ। ਇੱਕ ਹੋਰ ਇਸੇ ਤਰਾਂ ਦਾ ਬਦਲਾ ਲਊ ਕੇਸ ਹੈ ਭਵਨਗੜ ਦੇ ਪੁਲਿਸ ਡਿਪਟੀ ਕਮਿਸ਼ਨਰ ਰਾਹੁਲ ਸ਼ਰਮਾ ਦਾ ਜਿਸਨੇ 300 ਅਨਾਥ ਮੁਸਲਿਮ ਬੱਚਿਆਂ ਦੀ ਜਾਨ ਫਸਾਦੀਆਂ ਤੋਂ ਬਚਾਈ। ਉਸਦਾ ਤਬਾਦਲਾ ਕਰਕੇ ਅਹਿਮਦਾਬਾਦ ਪੁਲਿਸ ਕੰਟਰੋਲ ਰੂਮ ਵਿੱਚ ਇੱਕ ਇੰਸਪੈਕਟਰ ਦੀ ਪੋਸਟ ਦੀ ਜਗਾ ਭੇਜ ਦਿੱਤਾ ਗਿਆ। ਇੱਥੇ ਰਾਹੁਲ ਸ਼ਰਮਾ ਨੇ ਦੰਗਿਆਂ ਮੌਕੇ ਹੋਏ ਫਸਾਦੀਆਂ ਅਤੇ ਸੂਬੇ ਦੇ ਸਿਆਸਤਦਾਨਾਂ ਅਤੇ ਕਈ ਨੌਕਰਸ਼ਾਹਾਂ ਦਰਮਿਆਨ ਫੋਨ ਰਿਕਾਰਡ ਕਰ ਲਏ ਜੋ ਕਿ ਬਾਅਦ ਵਿੱਚ ਉਹਨੇ ਨਾਨਾਵਤੀ ਕਮਿਸ਼ਨ ਨੂੰ ਪੇਸ਼ ਕੀਤੇ। ਅੱਜ ਕੱਲ ਉਹ ਇੱਕ ਚਾਰਜਸ਼ੀਟ ਦਾ ਸਾਹਮਣਾ ਕਰ ਰਹੇ ਹਨ ਜੋ ਕਿ ਇਸ ਲਈ ਦਾਇਰ ਕੀਤੀ ਗਈ ਕਿਉਂਕਿ ਉਹਨਾਂ ਨੇ ਬਿਨਾਂ ਸੂਬਾ ਸਰਕਾਰ ਨੂੰ ਸੂਚਤ ਕੀਤਿਆਂ ਫੋਨ ਰਿਕਾਰਡ ਕਮਿਸ਼ਨ ਨੂੰ ਦਿੱਤੇ ਸਨ। ਇਸ ਤਰ੍ਹਾਂ ਦੇ ਕਈ ਪੁਲਿਸ ਅਤੇ ਹੋਰ ਉੱਚ ਅਧਿਕਾਰੀ ਹਨ ਜੋ 'ਆਪਣੇ ਕੀਤੇ' ਦੀ ਸਜ਼ਾ ਭੁਗਤ ਰਹੇ ਹਨ।

ਦੰਗਿਆਂ ਦੇ ਦੋਸ਼ੀਆਂ ਨੂੰ ਇਨਸਾਫ਼ ਕਿੱਥੋਂ ਤੱਕ ਮਿਲ਼ਿਆ ਹੈ ਇਸ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਨਰੋਦਾ ਪਾਟਿਆ, ਗੁਲਬਰਗ ਸੁਸਾਇਟੀ ਅਤੇ ਸਦਰਪੁਰਾ ਕਤਲੇਆਮ ਕੇਸ ਵਿੱਚ ਹੁਣ ਤੱਕ 213 ਦੋਸ਼ੀਆਂ ਤੋਂ 190 ਜ਼ਮਾਨਤ ਲੈ ਕੇ ਖੁੱਲ੍ਹੇ ਘੁੰਮ ਰਹੇ ਹਨ। ਕੁੱਲ 1128 ਗਵਾਹ ਭੁਗਤ ਚੁੱਕੇ ਹਨ ਪਰ ਹਾਲ਼ੇ ਤੱਕ ਇਨਸਾਫ਼ ਦਾ ਕੋਈ ਨਿਸ਼ਾਨ ਕਿਤੇ ਨਹੀਂ ਦਿਖਦਾ। ਵੈਸੇ ਇਹਨਾਂ ਤਿੰਨਾਂ ਕੇਸਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਾਲ਼ੇ ਫਸਾਦੀਆਂ ਵਿੱਚੋਂ ਸਿਰਫ਼ 213 ਦੋਸ਼ੀਆਂ ਦਾ ਫੜੇ ਜਾਣਾ ਆਪਣੇ ਆਪ ਵਿੱਚ ਇੱਕ ਸਵਾਲ ਹੈ।

ਇਥੇ ਗੋਦਰਾ ਕਾਂਡ ਬਾਰੇ ਵੀ ਗੱਲ ਕਰਨੀ ਬਣਦੀ ਹੈ ਜਿਸ ਤੋਂ ਕਿ ਇਹ ਦੰਗੇ ਸ਼ੁਰੂ ਹੋਏ ਸਨ। ਗੋਦਰਾ ਕਾਂਡ ਜਿਸ ਬਾਰੇ ਕਿ ਪਹਿਲਾਂ ਆਰ.ਐਸ.ਐਸ. ਅਤੇ ਵੀ.ਐਚ.ਪੀ. ਵਰਗੀਆਂ ਜਥੇਬੰਦੀਆਂ ਦੁਆਰਾ ਇਹ ਪ੍ਰਚਾਰਿਆ ਜਾ ਰਿਹਾ ਸੀ ਕਿ

ਮੁਸਲਮਾਨਾਂ ਨੇ ਕਾਰ ਸੇਵਕਾਂ ਨੂੰ ਜਥੇਬੰਦਕ ਢੰਗ ਨਾਲ਼ ਕਤਲ ਕੀਤਾ ਹੈ। 2007 ਵਿੱਚ ਹੋਏ ਤਹਿਲਕਾ ਦੇ ਸਟਿੰਗ ਓਪਰੇਸ਼ਨ ਨੇ ਇਸਦੀ ਸੱਚਾਈ ਵੀ ਸਾਹਮਣੇ ਲਿਆ ਦਿੱਤੀ। ਖੁਦ ਆਰ. ਐਸ.ਐਸ., ਭਾਜਪਾ ਅਤੇ ਵੀ.ਐਚ.ਪੀ. ਨੇ ਸਟਿੰਗ ਓਪਰੇਸ਼ਨ ਵਿੱਚ ਮੰਨਿਆ ਕਿ ਗੋਦਰਾ ਕਾਂਡ ਦੀ ਅਸਲੀਅਤ ਕੁੱਝ ਹੋਰ ਹੀ ਸੀ। ਕੁਝ ਮਨੁੱਖੀ ਅਧਿਕਾਰ ਜਥੇਬੰਦੀਆਂ ਅਤੇ ਜਸਟਿਸ ਬੈਨਰਜੀ ਕਮਿਸ਼ਨ ਨੇ ਵੀ ਇਸਦੀ ਸੱਚਾਈ ਉਜਾਗਰ ਕੀਤੀ ਸੀ। ਅਸਲ ਵਿੱਚ ਇਹ ਇੱਕ ਆਪ-ਮੁਹਾਰਾ ਹਾਦਸਾ ਸੀ। ਗੋਦਰਾ ਰੇਲਵੇ ਸਟੇਸ਼ਨ 'ਤੇ ਕੁੱਝ ਕਾਰਸੇਵਕਾਂ ਨੇ ਕੁੱਝ ਮੁਸਲਿਮ ਵੈਂਡਰਾਂ ਨਾਲ਼ ਝਗੜਾ ਕੀਤਾ ਫਿਰ ਇੱਕ ਮੁਸਲਮਾਨ ਲੜਕੀ ਨੂੰ ਜ਼ਬਰਦਸਤੀ ਖਿੱਚਕੇ ਟ੍ਰੇਨ ਦੇ ਡੱਬੇ ਐਸ-6 ਵਿੱਚ ਲੈ ਜਾਣ ਦੀ ਕੋਸ਼ਿਸ਼ ਕਰਨ ਲੱਗੇ। ਜਿਸ 'ਤੇ ਕਿ ਮੁਸਲਿਮ ਭੀੜ ਇਕੱਠੀ ਹੋ ਗਈ। ਫਿਰ ਇਸ ਡੱਬੇ 'ਤੇ ਪਥਰਾਅ ਹੋਣ ਲੱਗਾ। ਕਾਰ ਸੇਵਕਾਂ ਨੇ ਡੱਬੇ ਅੰਦਰ ਝਗੜੇ ਵਾਲ਼ੀ ਗੱਲ ਫੈਲਾ ਦਿੱਤੀ ਸੀ ਜਿਸ ਕਾਰਨ ਯਾਤਰੀਆਂ ਨੇ ਡੱਬਾ ਅੰਦਰੋਂ ਬੰਦ ਕਰ ਲਿਆ ਸੀ ਤੇ ਭਾਰੀ ਸਮਾਨ ਦਰਵਾਜ਼ਿਆਂ ਅੱਗੇ ਰੱਖ ਦਿੱਤਾ ਸੀ। ਅੱਗ ਲੱਗਣ ਤੋਂ ਬਾਅਦ ਇਸੇ ਭਾਰੀ ਸਮਾਨ ਕਾਰਣ ਦਰਵਾਜ਼ੇ ਖੁੱਲ੍ਹ ਨਾ ਸਕੇ ਤੇ ਬਹੁਤ ਸਾਰੇ ਮੁਸਾਫਰ ਬਾਹਰ ਨਾ ਨਿਕਲ ਸਕੇ। ਜਸਟਿਸ ਬੈਨਰਜੀ ਕਮਿਸ਼ਨ ਅਤੇ ਫੌਰੈਂਸਿਕ ਸਾਇੰਸ ਨੇ ਵੀ ਇਹ ਸਪਸ਼ਟ ਕਰ ਦਿੱਤਾ ਸੀ ਕਿ ਅੱਗ ਬਾਹਰੋਂ ਕਿਸੇ ਚੀਜ਼ ਨਾਲ਼ ਨਹੀਂ ਸੀ ਲਗਾਈ ਗਈ (ਜਿਵੇਂ ਕਿ ਭਗਵਾਂ ਬ੍ਰਿਗੇਡ ਨੇ ਪ੍ਰਚਾਰਿਆ ਸੀ) ਸਗੋਂ ਡੱਬੇ ਦੇ ਅੰਦਰੋਂ ਹੀ ਲੱਗੀ ਸੀ।

ਗੋਦਰਾ ਕਾਂਡ ਦੀ ਸੱਚਾਈ ਤਾਂ ਇੱਥੋਂ ਤੱਕ ਨੰਗੀ ਹੋ ਚੁੱਕੀ ਹੈ ਕਿ ਤਹਿਲਕਾ ਦੇ ਸਟਿੰਗ ਓਪਰੇਸ਼ਨ ਵਿੱਚ ਇਸਦੇ ਸਾਰੇ "ਚਸ਼ਮਦੀਦ ਗਵਾਹ" ਆਪਣੀਆਂ ਗਵਾਹੀਆਂ ਤੋਂ ਮੁਕਰ ਚੁੱਕੇ ਹਨ। ਇੱਕ ਗਵਾਹ ਮੁਰਲੀ ਮੂਲਚੰਦਾਨੀ ਨੇ ਦੱਸਿਆ ਕਿ ਉਹ ਮੌਕੇ 'ਤੇ ਸਟੇਸ਼ਨ 'ਤੇ ਮੌਜੂਦ ਹੀ ਨਹੀਂ ਸੀ ਸਗੋਂ ਉਹ ਤਾਂ ਘਰੇ ਸੌ ਰਿਹਾ ਸੀ। ਇੱਕ ਹੋਰ ਗਵਾਹ ਕਾਕੁਲ ਪਾਂਡੇ ਨੇ ਦੱਸਿਆ ਕਿ ਸਾਰੇ ਦੋਸ਼ੀ ਮੁਸਲਮਾਨਾਂ ਦੇ ਨਾਮ ਉਹਨੂੰ ਪੁਲਿਸ ਨੇ ਦੱਸੇ ਸਨ। ਇੱਕ ਗਵਾਹ ਰਣਜੀਤ ਸਿੰਘ ਪਟੇਲ ਨੇ ਦੱਸਿਆ ਕਿ ਜਾਂਚ ਅਧਿਕਾਰੀ ਨੋਏਲ ਪਰਮਾਰ ਨੇ ਉਹਨੂੰ ਇੱਕ ਅਖੌਤੀ ਦੋਸ਼ੀ ਦੀ ਤਸਵੀਰ ਦਿਖਾਕੇ ਪਹਿਚਾਣਨ ਲਈ ਕਿਹਾ ਬਦਲੇ 'ਚ ਉਸਨੂੰ ਪੰਜਾਹ ਹਜ਼ਾਰ ਮਿਲ਼ੇ। ਬਾਕੀ ਸਾਰੀਆਂ ਝੂਠੀਆਂ ਗਵਾਹੀਆਂ ਖੁਦ ਕਾਰਸੇਵਕਾਂ ਨੇ ਦਰਜ ਕਰਵਾਈਆਂ ਸਨ।

ਗੁਜਰਾਤ ਵਿੱਚ ਇਨ੍ਹਾਂ ਦੇ ਧਰਮ ਦੇ ਅਖੌਤੀ ਅਲੰਬਰਦਾਰ ਜੋ ਕਿ 'ਰਾਮ ਰਾਜ' ਲਿਆਉਣਾ ਚਾਹੁੰਦੇ ਹਨ ਅਤੀਤ ਦੇ ਸਮਾਜਾਂ ਨੂੰ ਮੁੜ ਤੋਂ ਸੁਰਜੀਤ ਕਰਨਾ ਚਾਹੁੰਦੇ ਹਨ ਅਸਲ ਵਿੱਚ 'ਰਾਮ ਰਾਜ' ਦੀ ਓਟ ਵਿੱਚ ਹਿਟਲਰ ਵਾਲ਼ੀ ਨਾਜ਼ੀ ਹਕੂਮਤ ਦਾ ਭਾਰਤੀ ਐਡੀਸ਼ਨ ਤਿਆਰ ਕਰਨ ਵਿੱਚ ਮਸ਼ਗੂਲ ਹਨ। ਹਿਟਲਰ ਨੇ ਆਰੀਆ ਨਸਲ ਦਾ ਸ਼ੁੱਧੀਕਰਨ ਕਰਨ ਲਈ ਯਹੂਦੀਆਂ ਦਾ ਕਤਲੇਆਮ ਮਚਾਇਆ ਤੇ ਹਿਟਲਰ ਦੇ ਇਹਨਾਂ ਭਾਰਤੀ ਕੌਲੀ-ਚੱਟਾਂ ਨੇ ਹਿੰਦੂ ਧਰਮ ਦਾ ਸ਼ੁੱਧੀਕਰਨ ਕਰਨ ਲਈ ਮੁਸਲਮਾਨਾਂ ਦੇ ਕਤਲੇਆਮ ਦਾ ਪਰਪੰਚ ਰਚਿਆ। ਗੁਜਰਾਤ ਦੰਗਿਆਂ ਦੀ ਤਿਆਰੀ ਪਹਿਲਾਂ ਤੋਂ ਹੀ ਕੀਤੀ ਗਈ ਸੀ। ਛਾੜਾ ਕਬੀਲਾ ਜੋ ਕਿ ਪੂਰੀ ਤਰ੍ਹਾਂ ਜ਼ਰਾਇਮ ਪੇਸ਼ਾ ਲੋਕਾਂ ਦਾ ਕਬੀਲਾ ਮੰਨਿਆ ਜਾਂਦਾ ਹੈ ਵਿੱਚ ਆਰ.ਐਸ.ਐਸ. ਨੇ ਆਪਣੇ ਅਖੌਤੀ 'ਰਚਨਾਤਮਕ ਕੰਮ' ਸ਼ੁਰੂ ਕੀਤੇ ਅਤੇ ਇਹਨਾਂ ਕੰਮਾਂ ਦੇ ਬਹਾਨੇ ਇਸ ਕਬੀਲੇ ਦੇ ਮਨ ਵਿੱਚ ਮੁਸਲਮਾਨਾਂ ਵਿਰੁੱਧ ਜ਼ਹਿਰ ਭਰਿਆ ਗਿਆ। ਛਾੜਾ ਕਬੀਲੇ ਦੇ ਲੋਕਾਂ ਨੇ ਦੰਗਿਆਂ ਵਿੱਚ ਮੁੱਖ ਭੂਮਿਕਾ ਨਿਭਾਈ ਸੀ। ਮੂਲਰੂਪ ਵਿੱਚ ਆਰ.ਐਸ.ਐਸ. ਅੱਜ ਵੀ ਇਟਲੀ ਦੇ ਤਾਨਾਸ਼ਾਹ ਮੁਸੋਲੀਨੀ ਦੀ ਵਿਚਾਰਧਾਰਾ ਨੂੰ ਹੀ ਆਪਣਾ ਮਾਰਗ ਦਰਸ਼ਕ ਸਿਧਾਂਤ ਮੰਨਦੀ ਹੈ। ਜਿਸ ਅਨੁਸਾਰ ਉੱਚੀਆਂ ਨਸਲਾਂ (ਮਤਲਬ ਕਿ ਆਰੀਅਨ) ਨੂੰ ਰਾਜ ਕਰਨ ਦਾ ਹੱਕ ਹੈ ਅਤੇ ਇਸ ਲਈ ਜ਼ਰੂਰੀ ਹੈ ਕਿ ਦੂਜੀਆਂ ਸਾਰੀਆਂ 'ਘਟੀਆ' ਨਸਲਾਂ ਦੇ ਲੋਕ ਉਹਨਾਂ ਦੀ ਸੇਵਾ ਕਰਨ ਅਤੇ ਬਦਲੇ ਵਿੱਚ ਕਿਸੇ ਜਮਹੂਰੀ ਜਾਂ ਨਾਗਰਿਕ ਹੱਕ ਦੀ ਆਸ ਨਾ ਕਰਨ। ਇਸ ਦੇ ਨਾਲ਼ ਹੀ ਆਰ.ਐਸ.ਐਸ. ਦਾ ਨਸਲ ਦਾ ਸ਼ੁੱਧੀਕਰਨ ਦਾ ਸਿਧਾਂਤ ਵੀ ਹੈ ਜੋ ਮੁਸੋਲਿਨੀ ਤੋਂ ਉਧਾਰਾ ਲਿਆ ਹੈ ਜਿਸ ਤਹਿਤ ਆਰੀਅਨਾਂ ਤੋਂ ਸਿਵਾ ਹੋਰ ਕਿਸੇ ਵੀ ਨਸਲ ਦੇ ਮਨੁੱਖ ਨੂੰ ਧਰਤੀ 'ਤੇ ਜੀਣ ਦਾ ਕੋਈ ਹੱਕ ਨਹੀਂ। ਪਰ ਇਸ ਨਾਲ਼ ਹਿੰਦੂਆਂ ਨੂੰ ਨਿਸ਼ਚਿੰਤ ਹੋਣ ਦੀ ਲੋੜ ਨਹੀਂ ਕਿ ਆਰ.ਐਸ.ਐਸ. ਹਿੰਦੂਆਂ ਦੀ ਬਹੁਤ ਚਿੰਤਾ ਕਰਦੀ ਹੈ। ਹਿੰਦੂਆਂ ਵਿੱਚੋਂ ਵੀ ਆਰ.ਐਸ.ਐਸ. ਨੂੰ ਪਸੰਦ ਹਨ ਉੱਚੇ ਵਰਣ ਦੇ ਹਿੰਦੂ ਕਿਉਂਕਿ ਜਦ ਬਾਕੀ ਸਾਰੀਆਂ ਨਸਲਾਂ ਨੂੰ ਆਪਣੇ ਇੱਕਪੁਰਖਾ ਰਾਜ ਵਿੱਚ ਇਹ ਖਤਮ ਕਰ ਦੇਣਗੇ ਤਾਂ ਕੋਈ ਤਾਂ ਚਾਹੀਦਾ ਹੀ ਹੈ ਜੋ ਕਿ ਉਤਪਾਦਨ ਕਰੇ ਤਾਂ ਉਹ ਉਤਪਾਦਕ ਹਿੰਦੂਆਂ ਵਿਚਲੇ ਹੀ ਨੀਵੀਂਆਂ ਜਾਤਾਂ ਦੇ ਹਿੰਦੂ ਹੋਣਗੇ। ਇਸੇ ਤਰ੍ਹਾਂ ਤਾਂ ਹੁੰਦਾ ਸੀ 'ਪੁਰਾਣੇ ਸਮਿਆਂ' ਵਿੱਚ ਕਿ ਉਪਰਲੇ ਵਰਣ ਸ਼ਾਸਨ ਕਰਦੇ ਸਨ ਤੇ ਹੇਠਲੇ ਵਰਣ ਸ਼ਾਸਕਾਂ ਦੀ ਸੇਵਾ ਕਰਦੇ ਸਨ। ਆਰ. ਐਸ. ਐਸ. ਦਾ ਸਿਆਸੀ ਵਿੰਗ ਹੈ ਭਾਰਤੀ ਜਨਤਾ ਪਾਰਟੀ। ਹੁਣ ਕਿਉਂਕਿ ਭਾਜਪਾ ਨੇ ਵੋਟਾਂ ਵੀ ਲੈਣੀਆਂ ਹਨ ਇਸ ਲਈ ਇਹ ਕਦੇ-ਕਦੇ ਜਮਹੂਰੀਅਤ ਦਾ ਰਾਗ ਵੀ ਗਾਉਂਦੀ ਹੈ ਪਰ ਅੰਦਰੋਂ ਇਹ ਵੀ ਆਰ.ਐਸ.ਐਸ. ਦੇ ਪਾਏ ਪੂਰਨਿਆਂ 'ਤੇ ਹੀ ਚਲਦੀ ਹੈ। ਆਰ.ਐਸ.ਐਸ. ਨੇ ਕਿਉਂਕਿ ਕਦੇ ਕੋਈ ਵੋਟ ਨਹੀਂ ਲੈਣੀ ਇਸ ਲਈ ਉਹ ਕਦੇ ਜਮਹੂਰੀਅਤ ਦਾ ਨਾਮ ਲੈ ਕੇ ਫਾਲਤੂ ਹੀ ਆਪਣੀ ਜ਼ੁਬਾਨ ਨਹੀਂ ਘਸਾਉਂਦੀ।

ਆਓ ਦੇਖਦੇ ਹਾਂ ਕਿ ਅਸਲ ਵਿੱਚ ਧਰਮ ਦੇ ਇਹ ਠੇਕੇਦਾਰ ਹਨ ਕੀ ਅਤੇ ਇਹ ਕਰਦੇ ਕੀ ਹਨ? ਅਸਲ ਵਿੱਚ ਆਰੀਅਨਾਂ ਦੇ ਇਹ ਆਪੂੰ ਐਲਾਨੇ ਪੁੱਤਰ ਸਰਮਾਏ ਦੀ ਜੂਠ 'ਤੇ ਪਲਣ ਵਾਲ਼ੇ ਹੱਡਾ-ਰੋੜੀ ਦੇ ਕੁੱਤੇ ਹਨ ਜੋ ਸਰਮਾਏ ਦੀ ਸੁੱਟੀ ਹਰ ਹੱਡੀ 'ਤੇ ਆਪਣੀ ਗਿੱਠ ਲੰਮੀ ਪੂੰਛ ਹਿਲਾਉਂਦੇ ਨਹੀਂ ਥੱਕਦੇ। ਇਹਨਾਂ ਦਾ ਮੁੱਖ ਉਦੇਸ਼ ਸਰਮਾਏ ਲਈ ਹਰ ਸੁਖ ਸਹੂਲਤਾਂ ਦੇਣਾ ਹੈ। ਟਾਟਾ ਦਾ ਨੈਨੋ ਕਾਰ ਪ੍ਰੋਜੈਕਟ ਜਦ ਲੋਕਾਂ ਦੇ ਭਾਰੀ ਵਿਰੋਧ ਕਾਰਨ ਸਿੰਗੂਰ ਵਿੱਚ ਨਾ ਲੱਗ ਸਕਿਆ ਤਾਂ ਸਿੰਗੂਰ ਦੇ ਲੋਕਾਂ ਦੇ ਖ਼ੂਨ ਨਾਲ਼ ਲਿਬੜੀ ਨੈਨੋ ਨੂੰ ਮੋਦੀ ਨੇ ਗੁਜਰਾਤ ਵਿੱਚ ਸਨਦ ਵਿੱਚ ਸੈਂਕੜੇ ਏਕੜ ਜ਼ਮੀਨ ਇੱਕ ਹਫਤੇ ਦੇ ਅੰਦਰ-ਅੰਦਰ ਅਲਾਟ ਕਰ ਦਿੱਤੀ। ਉਦਾਰੀਕਰਨ-ਨਿੱਜੀਕਰਨ-ਸੰਸਾਰੀਕਰਨ ਦੀ ਜਿਹੜੀ ਵੀ ਕੋਈ ਲੋਕ ਵਿਰੋਧੀ ਨਵੀਂ ਨੀਤੀ ਆਉਂਦੀ ਹੈ ਮੋਦੀ ਉਸਨੂੰ ਬੜੀ ਆਸਾਨੀ ਨਾਲ਼ ਗੁਜਰਾਤ ਵਿੱਚ ਬਿਨਾਂ ਕਿਸੇ ਵਿਰੋਧ ਦੇ ਲਾਗੂ

ਕਰ ਦਿੰਦਾ ਹੈ। ਇਹ ਦੀਆਂ ਇਹਨਾਂ ਹੀ ਸਾਰੀਆਂ ਖੂਬੀਆਂ ਤੋਂ ਇਹਦੇ ਆਕਾ ਇਹ ਤੋਂ ਵਾਰੇ-ਵਾਰੇ ਜਾਂਦੇ ਹਨ। ਰਤਨ ਟਾਟਾ ਅਤੇ ਅੰਬਾਨੀ ਭਰਾਵਾਂ ਦੀ ਤਾਂ ਜ਼ਬਾਨ ਨਹੀਂ ਥੱਕਦੀ ਮੋਦੀ ਦੀਆਂ ਸਿਫ਼ਤਾਂ ਕਰਦਿਆਂ ਦੀ! ਉਹ ਤਾਂ ਹੋਰਨਾਂ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਵੀ ਮੋਦੀ ਤੋਂ ਸਿੱਖਣ ਲਈ ਕਹਿੰਦੇ ਹਨ ਤੇ ਬਾਕੀ ਸਾਰੀ ਕਾਰਪੋਰੇਟ ਲਾਬੀ ਦਾ ਵੀ ਇਹੀ ਹਾਲ ਹੈ। ਅੱਜ ਸਰਮਾਏਦਾਰੀ ਜਿਸ ਲੰਮੀ ਮੰਦੀ ਦਾ ਸ਼ਿਕਾਰ ਹੈ ਤੇ ਇਸ ਤੋਂ ਆਪਣੇ ਬਚਾਓ ਲਈ ਉਹ ਜਿਸ ਤਰਾਂ ਦੀਆਂ ਲੋਕ ਮਾਰੂ ਨੀਤੀਆਂ ਚਾਹੁੰਦੀ ਹੈ। ਉਹ ਨੀਤੀਆਂ ਸਿਰਫ਼ ਇੱਕ ਫਾਸੀਵਾਦੀ ਸੱਤਾ ਹੀ ਲਾਗੂ ਕਰਵਾ ਸਕਦੀ ਹੈ। ਇਸੇ ਲਈ ਫਾਸੀਵਾਦ ਸਰਮਾਏ ਦਾ ਸਭ ਤੋਂ ਪਿਆਰਾ ਕੁੱਤਾ ਹੈ। ਵੈਸੇ ਇਹ ਹਿੰਦੂਤਵਵਾਦੀਆਂ ਦਾ ਕਹਿਣਾ ਹੈ ਕਿ ਉਹਨਾਂ (ਹਿੰਦੂਆਂ) ਤੋਂ ਸਿਵਾ ਬਾਕੀ ਸਾਰੇ ਧਰਮਾਂ ਦੇ ਲੋਕ ਭਾਰਤ ਵਿੱਚ ਬਾਹਰੋਂ ਆਕੇ ਵਸੇ ਹੋਏ ਹਨ ਇਸ ਲਈ ਇਹਨਾਂ ਵਿਦੇਸ਼ੀਆਂ ਨੂੰ ਇਥੋਂ ਕੱਢਣਾ ਜ਼ਰੂਰੀ ਹੈ। ਪਰ ਸਰਮਾਇਆ ਭਾਵੇਂ ਦੇਸੀ ਹੋਵੇ ਜਾਂ ਵਿਦੇਸ਼ੀ ਇਸ ਦਾ ਵਿਰੋਧ ਇਹ ਕਦੇ ਨਹੀਂ ਕਰਦੇ। ਖੁਦ ਪ੍ਰਧਾਨ ਮੰਤਰੀ ਰਹੇ ਵਾਜਪਾਈ ਦਾ ਬਿਲ ਕਲਿੰਟਨ ਅਤੇ ਅਮਰੀਕਾ ਪ੍ਰਤੀ ਜੋ ਪਿਆਰ ਡੁੱਲ੍ਹ-ਡੁੱਲ੍ਹ ਪੈਂਦਾ ਸੀ ਉਸਨੂੰ ਕੋਈ ਕਿਵੇਂ ਭੁੱਲ ਸਕਦਾ ਹੈ। ਅਸਲ ਵਿੱਚ ਧਰਮ ਦੇ ਇਹ ਠੇਕੇਦਾਰ ਸਰਮਾਏ ਦੇ ਚਾਕਰ ਹਨ।

ਇਹ ਵੀ ਇੱਕ ਭਰਮ ਹੀ ਹੈ ਕਿ ਫਾਸੀਵਾਦ ਦਾ ਕੋਈ ਹੱਲ ਕਿਸੇ ਅਦਾਲਤ ਜਾਂ ਆਲਾ ਪੁਲਿਸ ਅਫਸਰਾਂ ਦੁਆਰਾ ਕਰ ਦਿੱਤਾ ਜਾਵੇਗਾ। ਸੰਜੀਵ ਭੱਟ, ਸਰੀਕੁਮਾਰ, ਰਾਹੁਲ ਸ਼ਰਮਾ ਜਿਹੇ ਪੁਲਿਸ ਕਰਮੀਆਂ ਦੇ ਕੇਸਾਂ ਤੋਂ ਬਾਅਦ ਵੀ ਜੇਕਰ ਕੋਈ ਅਜਿਹਾ ਸੋਚਦਾ ਹੈ ਤਾਂ ਇਸਨੂੰ ਉਹਦੀ ਮੂਰਖਤਾ ਦੇ ਸਿਵਾ ਹੋਰ ਕੁੱਝ ਨਹੀਂ ਕਿਹਾ ਜਾ ਸਕਦਾ। ਧਾਰਮਿਕ ਸਦਭਾਵਨਾ ਦੇ ਗੀਤ ਗਾਉਣ ਨਾਲ਼ ਵੀ ਕੁੱਝ ਨਹੀਂ ਹੋਣ ਵਾਲ਼ਾ। ਹਾਂ ਇਹ ਜ਼ਰੂਰ ਹੋ ਸਕਦਾ ਹੈ ਕਿ ਅਜਿਹੇ ਸਦਭਾਵਨਾ ਭਰੇ ਗੀਤ ਗਾਉਣ ਵਾਲ਼ੇ ਗਾਇਕ ਕਿਸੇ ਫਿਰਕੂ ਹਨੇਰੀ ਦੀ ਭੇਟ ਜ਼ਰੂਰ ਚੜ ਜਾਣ। ਨਾ ਹੀ ਇਸਦਾ ਹੱਲ ਫਾਸੀਵਾਦ ਦੇ ਵਿਰੁੱਧ ਕੋਈ ਸੰਸਦੀ-ਸਿਆਸੀ ਮੋਰਚਾ ਬਨਾਉਣ ਨਾਲ਼ ਹੋਵੇਗਾ ਜਿਵੇਂ ਕਿ ਅੱਜ ਕਲ ਮੁਲਾਇਮ ਸਿੰਘ ਯਾਦਵ ਅਜਿਹੇ ਮੋਰਚੇ ਦੀ ਸੰਭਾਵਨਾ ਦੀ ਗੱਲ ਆਪਣੇ ਹਰ ਚੋਣ ਜਲਸੇ ਵਿੱਚ ਕਰ ਰਹੇ ਹਨ। ਸੰਸਦੀ ਖੱਬੇ-ਪੱਖੀ ਵੀ ਫਾਸੀਵਾਦ ਵਿਰੁੱਧ ਜ਼ਬਾਨੀ ਜਮਾਂ-ਖਰਚ ਤੇ 'ਕੈਂਡਲ ਲਾਈਟ ਮਾਰਚ' ਕਰਨ ਤੋਂ ਸਿਵਾ ਹੋਰ ਕੁੱਝ ਨਹੀਂ ਜਾਣਦੇ। ਇਸਦਾ ਇੱਕੋ ਇੱਕ ਹੱਲ ਕਿਰਤੀ ਲੋਕਾਂ ਦੀ ਲਾਮਬੰਦੀ ਹੀ ਹੈ। ਆਮ ਲੋਕਾਂ ਅਤੇ ਖਾਸਕਰ ਕਿਰਤੀਆਂ ਵਿੱਚ ਆਰਥਿਕ ਤੇ ਸਿਆਸੀ ਮੁੱਦਿਆਂ 'ਤੇ ਪ੍ਰਚਾਰ ਅਤੇ ਸੰਘਰਸ਼ਾਂ ਨੂੰ ਜਥੇਬੰਦ ਕਰਨਾ। ਉਹਨਾਂ ਵਿਚਕਾਰ ਫਿਰਕਾਪ੍ਰਸਤੀ, ਅੰਨ੍ਹੀ-ਕੌਮਪ੍ਰਸਤੀ, ਜਾਤ-ਪਾਤ ਅਤੇ ਧਰਮ ਖਿਲਾਫ ਲੰਮਾ ਅਤੇ ਸੰਘਣਾ ਪ੍ਰਚਾਰ ਕਰਨ ਦੀ ਜ਼ਰੂਰਤ ਹੈ। ਕਿਰਤੀਆਂ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਹਰ ਹਾਲਤ ਫਿਰਕੂ-ਫਾਸੀਵਾਦ ਦਾ ਸ਼ਿਕਾਰ ਉਹਨਾਂ ਨੇ ਹੀ ਬਣਨਾ ਹੈ। ਸਰਮਾਏ ਦੇ ਨਾਲ਼-ਨਾਲ਼ ਹੀ ਉਹਨੂੰ ਫਾਸੀਵਾਦ ਦਾ ਵੀ ਫਸਤਾ ਵੱਢਣਾ ਪਵੇਗਾ। ਸਰਮਾਏ ਵਿਰੁੱਧ ਘੋਲ ਵਿੱਚ ਕਿਰਤੀਆਂ ਦੀ ਇੱਕਜੁਟਤਾ ਹੀ ਫਾਸੀਵਾਦ ਦੇ ਗਲ਼ ਦਾ ਫਾਹਾ ਬਣੇਗੀ।●



(ਪੰਨਾ 27 ਦਾ ਬਾਕੀ ਹਿੱਸਾ)

ਵਰਗ ਵਿਰਸੇ ਦੀ ਕਿਸੇ ਹੋਰ ਅਜਿਹੀ ਗੱਲ ਲਈ ਕੋਈ ਥਾਂ ਨਹੀਂ ਜਿਸ ਨੇ ਬਹੁਤ ਸਾਰੇ ਇਨਕਲਾਬੀ ਬੁੱਧੀਜੀਵੀਆਂ ਦਾ ਜੀਵਨ ਤਬਾਹ ਕਰ ਦਿੱਤਾ ਹੋਇਆ ਹੈ। ਇਸ ਨੇਕ ਨੀਤੀ ਨੇ ਉਨ੍ਹਾਂ ਨੂੰ ਉਸ ਸਦਾਚਾਰਕ ਪੱਧਰ ਉੱਤੇ ਪੁਚਾ ਦਿੱਤਾ ਹੈ ਜਿੱਥੇ ਉਨ੍ਹਾਂ ਦੇ ਦੁਸ਼ਮਣਾਂ ਦਾ ਭੰਡੀ ਪ੍ਰਚਾਰ ਵੀ ਨਹੀਂ ਪਹੁੰਚ ਸਕਦਾ।

ਲੈਨਿਨ ਦੇ ਜੀਵਨ ਬਾਰੇ ਪੁਸਤਕਾਂ ਲਿਖੀਆਂ ਜਾ ਸਕਦੀਆਂ ਹਨ, ਕਿਉਂਕਿ ਬੰਦਾ ਇਸ ਆਦਮੀ ਲਈ ਬਹੁਤ ਕੁਝ ਆਖਣਾ ਚਾਹੁੰਦਾ ਹੈ। ਇਨ੍ਹਾਂ ਦਾ ਜੀਵਨ ਸਾਦਾ ਤੇ ਪੂਰਨ, ਤਾਂ ਵੀ ਬਹੁ-ਰੰਗਾ ਤੇ ਗੁੰਝਲਦਾਰ ਹੈ। ਇੱਥੇ ਸਾਡੀ ਪ੍ਰਬਲ ਇੱਛਾ ਇਹ ਹੈ ਕਿ ਅਸੀਂ ਘੱਟ ਤੋਂ ਘੱਟ ਸ਼ਬਦਾਂ ਵਿੱਚ ਉਹ ਸਤਿਕਾਰ ਪ੍ਰਗਟ ਕਰ ਸਕੀਏ ਜਿਹੜਾ ਇਸ ਮਹਾਨ ਆਦਮੀ ਲਈ ਸਾਡੇ ਦਿਲ ਵਿੱਚ ਹੈ, ਇੱਕ ਮਿੱਤਰ ਅਤੇ ਤਿਆਰ-ਬਰ-ਤਿਆਰ ਸਾਥੀ ਲਈ ਉਨ੍ਹਾਂ ਸਭਨਾਂ ਦਾ ਪਿਆਰ ਜਿਹੜੇ ਕਮਿਊਨਿਸਟ ਪਾਰਟੀ ਦੀਆਂ ਸਫ਼ਾਂ ਵਿੱਚ ਉਨ੍ਹਾਂ ਨਾਲ਼ ਕੰਮ ਕਰ ਚੁੱਕੇ ਹਨ ਅਤੇ ਅਜੇ ਵੀ ਕਰ ਰਹੇ ਹਨ।●

* ਵੀ. ਵੀ. ਵਾਰੋਵਸਕੀ (1871-1923) ਇੱਕ ਕਸਬੀ (ਪੇਸ਼ੇਵਰ) ਇਨਕਲਾਬੀ, ਬਾਲਸ਼ਵਿਕ* ਪਾਰਟੀ ਦਾ ਇੱਕ ਉਘਾ ਮੈਂਬਰ, ਸੋਵੀਅਤ ਡਿਪਲੋਮੇਟ, ਪੱਤਰਕਾਰ ਤੇ ਸਾਹਿਤ ਆਲੋਚਕ ਸੀ।

ਉਸ ਨੇ ਪਿਛਲੀ ਸਦੀ ਦੇ ਅੰਤਲੇ ਦਹਾਕੇ ਦੇ ਅਖ਼ੀਰ ਇਨਕਲਾਬੀ ਲਹਿਰ ਵਿੱਚ ਹਿੱਸਾ ਲੈਣਾ ਸ਼ੁਰੂ ਕੀਤਾ, **ਇਸਕ੍ਰਾ** ਲਈ ਲੇਖ ਲਿਖੇ ਅਤੇ ਉਹ ਲੈਨਿਨ ਦਾ ਵਫ਼ਾਦਾਰ ਸਮਰਥਕ ਸੀ। ਅਕਤੂਬਰ ਇਨਕਲਾਬ ਤੋਂ ਪਿੱਛੋਂ ਉਸ ਨੇ ਸਕੈਂਡੇਨੇਵੀਅਨ ਦੇਸ਼ਾਂ ਵਿੱਚ ਰੂਸੀ ਫ਼ੈਡਰੇਸ਼ਨ ਦੀ ਪ੍ਰਤੀਨਿਧਤਾ ਕੀਤੀ। ਉਹ ਰੂਸੀ ਕਲਾਸਕੀ ਕਿਰਤਾਂ ਤੇ ਮੈਕਸਿਮ ਗੋਰਕੀ ਬਾਰੇ ਕੁਝ ਵਿਦਵਤਾ ਭਰਪੂਰ ਨਿਬੰਧਾਂ ਅਤੇ ਸੁਹਜ-ਵਿਗਿਆਨ ਬਾਰੇ ਕੁਝ ਸਿਧਾਂਤਕ ਲੇਖਾਂ ਦਾ ਕਰਤਾ ਵੀ ਹੈ।

* **ਬਾਲਸ਼ਵਿਜ਼ਮ** - 1903 ਵਿੱਚ ਹੋਂਦ ਵਿੱਚ ਆਇਆ ਮਜ਼ਦੂਰ ਲਹਿਰ ਵਿਚਲਾ ਇੱਕ ਇਨਕਲਾਬੀ ਅਤੇ ਇਕਸਾਰ ਮਾਰਕਸਵਾਦੀ ਰੁਝਾਨ। ਇਹ ਸੰਕਲਪ ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿਖੇ ਕੇਂਦਰੀ ਇਦਾਰਿਆਂ ਦੀ ਚੋਣ ਸਮੇਂ ਹੋਂਦ ਵਿੱਚ ਆਇਆ ਸੀ, ਜਦੋਂ ਦ੍ਰਿੜ ਮਾਰਕਸਵਾਦੀਆਂ-ਇਨਕਲਾਬੀਆਂ ਨੇ, ਵਲਾਦੀਮੀਰ ਲੈਨਿਨ ਦੇ ਸਮਰਥਕਾਂ ਨੇ ਮੱਤਾਂ ਦੀ ਬਹੁਗਿਣਤੀ (ਜੀਹਨੂੰ ਰੂਸੀ ਵਿੱਚ ਬਾਲਸ਼ਿਸਤਵੋ ਆਖਦੇ ਹਨ) ਪ੍ਰਾਪਤ ਕਰ ਲਈ ਅਤੇ ਮੌਕਾਵਾਦੀਏ ਘੱਟ-ਗਿਣਤੀ (ਜਿਹਨੂੰ ਰੂਸੀ ਵਿੱਚ ਮੈਨਸ਼ਿਸਤਵੋ ਆਖਦੇ ਹਨ) ਵਿੱਚ ਰਹਿ ਗਏ। ਬਹੁਗਿਣਤੀ ਵਾਲਿਆਂ ਨੂੰ ਬਾਲਸ਼ਵਿਕ ਅਤੇ ਘੱਟ ਗਿਣਤੀ ਵਾਲਿਆਂ ਨੂੰ ਮੈਨਸ਼ਵਿਕ ਕਿਹਾ ਜਾਣ ਲਗਿਆ।●

ਸਮਕਾਲ

ਕੌਮੀ ਅੰਨ ਸੁਰੱਖਿਆ ਕਾਨੂੰਨ ਖਰੜਾ ਇੱਕ ਭੱਦਾ ਮਜ਼ਾਕ

• ਪ੍ਰੇਮ ਪ੍ਰਕਾਸ਼

ਪਿਛਲੇ ਦੋ ਸਾਲਾਂ ਤੋਂ ਅੰਨ ਸੁਰੱਖਿਆ ਕਾਨੂੰਨ ਬਾਰੇ ਵਾਰ-ਵਾਰ ਗੱਲ ਹੁੰਦੀ ਰਹੀ ਹੈ। ਯੂ. ਪੀ. ਏ. ਦੇ ਚੋਣ ਮੈਨੀਫੈਸਟੋ ਦਾ ਮੁੱਖ ਏਜੰਡਾ ਰਿਹਾ ਅੰਨ ਸੁਰੱਖਿਆ ਕਾਨੂੰਨ ਉਸ ਦੀ ਬਹੁਪੱਖੀ ਮਾਰਕਸ਼ੀਟ ਦਾ ਇੱਕ ਅੰਗ ਹੈ, ਜਿਹੜਾ ਉਸ ਦੇ ਵੋਟ ਬੈਂਕ ਦਾ ਸਿਆਸੀ ਟ੍ਰਿਕ ਸਿੱਧ ਹੋ ਸਕਦਾ ਹੈ। ਭਾਰਤ ਦੀ ਰਾਸ਼ਟਰਪਤੀ ਸ਼੍ਰੀਮਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਨੇ 4 ਜੂਨ 2009 ਨੂੰ ਆਪਣੇ ਭਾਸ਼ਣ ਵਿੱਚ ਕਿਹਾ ਕਿ ਇੱਕ ਕੌਮੀ ਅੰਨ ਸੁਰੱਖਿਆ ਕਾਨੂੰਨ ਬਣਾਇਆ ਜਾਵੇ ਤਾਂ ਕਿ ਹਰੇਕ ਬੀ. ਪੀ. ਐਲ. (ਗਰੀਬੀ ਰੇਖਾ ਤੋਂ ਹੇਠਾਂ) ਪਰਿਵਾਰ ਨੂੰ ਹਰ ਮਹੀਨੇ ਘੱਟੋ ਘੱਟ 25 ਕਿਲੋ ਅੰਨ ਲਾਜ਼ਮੀ ਮਿਲ ਸਕੇ। ਪਰ ਇਸ ਸਭ ਤੋਂ ਬਿਨਾਂ 'ਕੌਮੀ ਅੰਨ ਸੁਰੱਖਿਆ ਕਾਨੂੰਨ' ਦਾ ਜੋ ਖਰੜਾ ਪੇਸ਼ ਹੋਇਆ, ਉਹ ਜ਼ਿਆਦਾਤਰ ਵਿਵਾਦਗ੍ਰਸਤ ਹੈ। ਇਸ ਖਰੜੇ 'ਤੇ ਵਿਚਾਰ-ਚਰਚਾ ਲਈ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੁਆਰਾ ਚੁਣੀ ਕਮੇਟੀ ਦੀ ਬੈਠਕ ਪਿਛਲੇ 15 ਦਸੰਬਰ ਨੂੰ ਸੰਪੂਰਨ ਹੋਈ, ਜਿਸ ਵਿੱਚ ਪ੍ਰਧਾਨ ਮੰਤਰੀ ਦੇ ਆਰਥਿਕ ਸਲਾਹਕਾਰ ਪਰਸ਼ਿਦ ਦੇ ਮੁਖੀ ਸੀ. ਰੰਗਾਰਾਜਨ ਨੇ ਵੀ ਹਿੱਸਾ ਲਿਆ। ਬੈਠਕ ਕਿਸੇ ਠੋਸ ਨਤੀਜੇ 'ਤੇ ਪੁੱਜੇ ਬਿਨਾਂ ਹੀ ਖਤਮ ਹੋ ਗਈ। ਖਰੜੇ 'ਤੇ ਸੱਤਾਧਾਰੀ ਧਿਰ ਅਤੇ ਬਾਕੀ ਸਿਆਸੀ ਧਿਰਾਂ ਵਿੱਚ ਕੁਝ ਨੁਕਤਿਆ 'ਤੇ ਮਤਭੇਦ ਸਾਹਮਣੇ ਆ ਰਹੇ ਹਨ। ਭਾਵੇਂ ਇਹ ਮਤਭੇਦ ਜ਼ਿੰਮੇਵਾਰੀ ਤੋਂ ਬਚਣ ਦੇ ਜ਼ਿਆਦਾ ਅਤੇ ਸਾਰਿਆਂ ਨੂੰ ਅੰਨ ਸੁਰੱਖਿਆ ਮਿਲ਼ ਸਕੇ, ਇਸ ਦੇ ਲਈ ਘੱਟ ਹਨ। ਇਹੀ ਨਹੀਂ ਸੋਨੀਆਂ ਗਾਂਧੀ ਦੀ ਪ੍ਰਧਾਨਗੀ ਹੇਠਲੀ 'ਕੌਮੀ ਸੁਰੱਖਿਆ ਪਰਸ਼ਿਦ' ਵੀ ਖਰੜੇ ਦੇ ਕਈ ਨੁਕਤਿਆਂ 'ਤੇ ਰਾਜ਼ੀ ਨਹੀਂ ਹੈ। ਅਜਿਹੀ ਹਾਲਤ 'ਚ ਬਹੁਗਿਣਤੀ ਲੋਕਾਂ ਦੇ ਦ੍ਰਿਸ਼ਟੀਕੋਣ ਤੋਂ ਇਸ ਖਰੜੇ ਨੂੰ ਵੇਖਣਾ ਲਾਜ਼ਮੀ ਹੈ ਅਤੇ ਇਹ ਵੀ ਜਾਣਨਾ ਲਾਜ਼ਮੀ ਹੈ ਕਿ ਸੱਤਾਧਾਰੀਆਂ ਦੇ ਪੱਖ ਤੇ ਵਿਪੱਖ ਦੀ ਬਹਿਸ ਕੀ ਲੋਕਾਂ ਦੇ ਹਿੱਤਾਂ ਵਾਸਤੇ ਹੈ? ਜਾਂ ਸਿਰਫ਼ ਆਪਣੇ ਆਪਣੇ ਸਿਆਸੀ ਹਿੱਤਾਂ ਵਾਸਤੇ? ਨਾਲ਼ ਹੀ ਅੰਨ ਸੰਕਟ ਅਤੇ ਅੰਨ ਸੁਰੱਖਿਆ ਦੇ ਕਾਰਨਾਂ ਦੀ ਵੀ ਪੜਤਾਲ ਕਰਨੀ ਲਾਜ਼ਮੀ ਹੈ ਜਿਸ ਨੇ ਵੱਡੀ ਅਬਾਦੀ ਨੂੰ ਅੱਜ ਭੁੱਖਮਰੀ ਅਤੇ ਕੁਪੋਸ਼ਣ ਦੀ ਦਲਦਲ 'ਚ ਧੱਕ ਦਿੱਤਾ ਹੈ। ਆਓ ਸਭ ਤੋਂ ਪਹਿਲਾਂ ਇਸ ਬਿੱਲ ਦੇ ਖਰੜੇ ਦੇ ਕੁਝ ਮਹੱਤਵਪੂਰਨ ਨੁਕਤਿਆਂ 'ਤੇ ਗੌਰ ਕਰੀਏ।

ਅੰਨ ਸੁਰੱਖਿਆ ਕਾਨੂੰਨ 'ਤੇ ਵਿਚਾਰ ਕਰਦੇ ਹੋਏ ਇਹ ਸਵਾਲ ਮਨ ਵਿੱਚ ਉੱਠਦਾ ਹੈ ਕਿ ਅੰਨ ਸੁਰੱਖਿਆ ਹੈ ਕੀ? ਐਫ. ਏ. ਓ. (ਅੰਨ ਅਤੇ ਖੇਤੀ ਜਥੇਬੰਦੀ) ਦੇ 'ਸੰਸਾਰ ਦੀ ਅੰਨ ਸੁਰੱਖਿਆ ਦੀ ਹਾਲਤ – 2001' ਦੇ ਅਨੁਸਾਰ "ਅੰਨ ਸੁਰੱਖਿਆ ਅਜਿਹੀ ਹਾਲਤ ਹੈ ਜਿਹੜੀ ਉਦੋਂ ਹੋਂਦ 'ਚ ਆਉਂਦੀ ਹੈ ਜਦੋਂ ਸਾਰੇ ਵਿਅਕਤੀਆਂ ਨੂੰ ਹਰ ਵੇਲੇ ਲੋੜ ਅਨੁਸਾਰ, ਸੁਰੱਖਿਅਤ ਅਤੇ ਪੌਸ਼ਟਿਕ ਭੋਜਨ ਦੇ ਲਈ ਪਦਾਰਥਕ, ਸਮਾਜਿਕ ਅਤੇ ਆਰਥਿਕ ਪਹੁੰਚ ਨੂੰ ਸੰਭਵ ਬਣਾਇਆ ਜਾਵੇ, ਜੋ ਲੋਕਾਂ ਦੀਆਂ ਭੋਜਨ ਸਬੰਧੀ ਲੋੜਾਂ ਅਤੇ ਅੰਨ ਨੂੰ ਪਹਿਲ ਦੇ ਅਧਾਰ 'ਤੇ ਇੱਕ ਗਤੀਸ਼ੀਲ ਅਤੇ ਤੰਦਰੁਸਤ ਜ਼ਿੰਦਗੀ ਨੂੰ ਬਣਾਈ ਰੱਖੇ।" ਭਾਰਤ ਦੇ ਸੰਵਿਧਾਨ ਦੀ ਦਿਲ-ਖਿੱਚਵੀ ਭੂਮਿਕਾ ਵਾਂਗੂੰ ਇਸ ਖਰੜੇ ਦੀ ਭੂਮਿਕਾ ਵੀ ਮਨਮੋਹਣੀ ਹੈ। ਇਸ ਦੀ ਭੂਮਿਕਾ ਵਿੱਚ ਕਿਹਾ ਗਿਆ ਹੈ ਕਿ 'ਇਹ ਇੱਕ ਅਜਿਹਾ ਕਨੂੰਨ ਹੈ ਜੋ ਭਾਰਤ ਦੇ ਵਸਨੀਕਾਂ ਦੀ ਗਤੀਸ਼ੀਲ ਅਤੇ ਤੰਦਰੁਸਤ ਜ਼ਿੰਦਗੀ ਦੇ ਵਾਸਤੇ ਅੰਨ ਸੁਰੱਖਿਆ ਨੂੰ ਲਾਜ਼ਮੀ ਬਣਾਏਗਾ ਤਾਂ ਕਿ ਉਹ ਕੌਮੀ-ਉਸਾਰੀ ਵਿੱਚ ਆਪਣਾ ਸਰਗਰਮ ਹਿੱਸਾ ਪਾਉਣ ਦੇ ਯੋਗ ਹੋਣ।' ਜਿੱਥੇ ਇੱਕ ਪਾਸੇ ਤਾਂ ਇਹ ਕਨੂੰਨ ਆਪਣੀ ਭੂਮਿਕਾ ਵਿੱਚ ਦੇਸ਼ ਦੇ ਸਾਰੇ ਵਸਨੀਕਾਂ ਲਈ ਅੰਨ ਸੁਰੱਖਿਆ ਦੀ ਗੱਲ ਕਰਦਾ ਹੈ, ਉੱਥੇ ਦੂਜੇ ਪਾਸੇ ਧਾਰਾ 3.1 ਵਿੱਚ ਇਸ ਨੂੰ ਯੋਜਨਾ ਵਿਭਾਗ ਰਾਹੀਂ ਤੈਅ ਕੀਤੀ ਗਰੀਬੀ ਰੇਖਾ ਦੇ ਅਨੁਮਾਨ ਤੱਕ ਸੀਮਤ ਕਰ ਦਿੱਤਾ ਹੈ। ਖਰੜੇ ਦੀ ਧਾਰਾ 4.1 ਦੇ ਅਨੁਸਾਰ 'ਅਨੁਮਾਨੀ ਸਰਵਜਨਕ ਵੰਡ ਪ੍ਰਣਾਲੀ' ਨੂੰ ਸਿਰਫ਼ ਬੀ. ਪੀ. ਐਲ. ਪਰਿਵਾਰਾਂ ਤੱਕ ਸੀਮਤ ਕਰ ਦਿੱਤਾ ਹੈ। ਦੂਜੇ ਪਾਸੇ ਧਾਰਾ 4.2 ਅਧੀਨ ਗਰੀਬ ਪਰਿਵਾਰਾਂ ਦੀ ਗਿਣਤੀ ਦੇ ਅਨੁਮਾਨ ਵਾਸਤੇ 'ਅੰਨ ਅਤੇ ਵੰਡ ਮੰਤਰਾਲੇ' ਰਾਜਾਂ ਵਿੱਚ ਬੀ. ਪੀ. ਐਲ. ਪਰਿਵਾਰਾਂ ਦੀ ਗਿਣਤੀ ਤੈਅ ਕਰੇਗਾ। ਧਿਆਨ ਰੱਖੋ ਕਿ ਇਸ ਦਾ ਨਿਰਧਾਰਨ ਯੋਜਨਾ ਕਮਿਸ਼ਨ ਕਰਦਾ ਹੈ ਅਤੇ ਹਰ ਵਰ੍ਹੇ ਅੰਕੜਿਆਂ ਦੀ ਬਾਜ਼ੀਗਰੀ ਨਾਲ਼ ਗਰੀਬਾਂ ਦੀ ਗਿਣਤੀ ਨੂੰ ਲਗਾਤਾਰ ਘਟਾਕੇ ਵਖਾਉਂਦਾ ਹੈ। ਇਸ ਦੀ ਚਰਚਾ ਅਸੀਂ ਅੱਗੇ ਕਰਾਂਗੇ। ਇਸ ਅੰਨ ਸੁਰੱਖਿਆ ਖਰੜੇ ਵਿੱਚ ਏ. ਪੀ. ਐਲ. (ਗਰੀਬੀ ਰੇਖਾ ਤੋਂ ਉੱਤੇ) ਪਰਿਵਾਰਾਂ ਨੂੰ ਬਾਹਰ ਧੱਕਣ ਦੀ ਪੂਰੀ ਟਿੱਲ ਲਾਈ ਗਈ ਹੈ ਅਤੇ ਇਸ ਦੇ ਲਈ ਯੋਜਨਾ ਕਮਿਸ਼ਨ ਨੂੰ ਸਾਰੇ ਹੱਕ ਦਿੱਤੇ ਗਏ ਹਨ।

ਇਸ ਖਰੜੇ ਮੁਤਾਬਿਕ ਹਰੇਕ ਬੀ. ਪੀ. ਐਲ. ਪਰਿਵਾਰ ਨੂੰ 25 ਕਿਲੋਗ੍ਰਾਮ ਅੰਨ ਦੇਣ ਦੀ ਯੋਜਨਾ ਹੈ ਜੋ ਮੌਜੂਦਾ ਬੀ. ਪੀ. ਐਲ. ਅਤੇ ਅੰਨਯੋਦਯ ਅੰਨ ਯੋਜਨਾ ਦੇ ਕਾਰਡ ਹੋਲਡਰਾਂ ਦੇ 35 ਕਿਲੋ ਦੇ ਮਾਪਦੰਡ ਤੋਂ ਘੱਟ ਹੈ। ਖਰੜੇ ਦੇ ਕਨੂੰਨ ਦੀ ਧਾਰਾ 3 (2) 'ਚ ਅੰਨ ਦੀ ਕੀਮਤ ਤੈਅ ਕਰਨ ਦਾ ਹੱਕ ਸਰਕਾਰ ਕੋਲ ਹੈ। ਜਿਸ

ਨੂੰ ਵੇਲੇ ਸਿਰ ਵਧਾਇਆ ਜਾ ਸਕਦਾ ਹੈ ਅਤੇ ਇਹਦੇ ਵਾਸਤੇ ਕਨੂੰਨ 'ਚ ਸੋਧ ਕਰਨ ਦੀ ਵੀ ਕੋਈ ਲੋੜ ਨਹੀਂ ਹੈ।

ਮੌਜੂਦਾ ਖਰੜੇ ਮੁਤਾਬਿਕ ਅੰਨ ਸੁਰੱਖਿਆ ਦੀ ਜ਼ਿੰਮੇਵਾਰੀ ਕੇਂਦਰ ਅਤੇ ਰਾਜ ਸਰਕਾਰਾਂ ਮਿਲਕੇ ਚੁੱਕਣਗੀਆਂ।ਅੰਨ ਮੁਹੱਈਆ ਕਰਾਉਣ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੋਵੇਗੀ ਅਤੇ ਵੰਡਣ ਅਤੇ ਸਟੋਰ ਕਰਕੇ ਰੱਖਣ ਦਾ ਇੰਤਜ਼ਾਮ ਰਾਜ ਸਰਕਾਰਾਂ ਕਰਨਗੀਆਂ। ਇਹੀ ਤਰੀਕਾ ਨਾਗਰਿਕਾਂ ਨੂੰ ਅੰਨ ਮੁਹੱਈਆ ਨਾ ਹੋਣ 'ਤੇ ਉੱਠਣ ਵਾਲ਼ੇ ਸਵਾਲਾਂ 'ਤੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਇੱਕ ਦੂਜੇ ਦੇ ਮੱਥੇ ਦੋਸ਼ ਮੜ੍ਹਕੇ ਬਚ ਨਿਕਲਣ ਵਿੱਚ ਸਹਾਈ ਹੋਵੇਗਾ। ਖਰੜੇ ਦੀਆਂ ਕਈ ਧਾਰਾਵਾਂ ਅਜਿਹੀਆਂ ਹਨ ਜਿਹੜੀਆਂ ਅੰਨ ਮੁਹੱਈਆ ਨਾ ਹੋਣ 'ਤੇ ਪਰਿਵਾਰਾਂ ਨੂੰ ਨਗਦ ਅਦਾਇਗੀ ਦੀ ਗੱਲ ਕਰਦੀਆਂ ਹਨ, ਪਰ ਉਸ ਨਗਦ ਅਦਾਇਗੀ ਨੂੰ ਮੰਡੀ ਵਿਚਲੀਆਂ ਕੀਮਤਾਂ ਰਾਹੀਂ ਤੈਅ ਕਰਨ ਦਾ ਕੋਈ ਵਸੀਲਾ ਨਹੀਂ ਹੈ। ਇਸ ਨਾਲ਼ ਲੋਕ ਮੰਡੀ ਦੇ ਰਹਿਮ ਉੱਤੇ ਜਿਉਣ ਲਈ ਮਜਬੂਰ ਹੋ ਜਾਣਗੇ। ਦੂਜੇ ਪਾਸੇ ਅੰਨ ਦੀ ਥਾਂ 'ਤੇ ਨਗਦ ਅਦਾਇਗੀ ਭ੍ਰਿਸ਼ਟਾਚਾਰ ਵਧਾਏਗੀ ਅਤੇ ਦਿਹਾਤੀ ਖੇਤਰਾਂ 'ਚ ਸਰਮਾਏ ਦੇ ਦਲਾਲਾਂ ਨੂੰ ਪੈਦਾ ਕਰੇਗੀ ਅਤੇ ਸਰਮਾਏ ਰਾਹੀਂ ਕਿਰਤ ਦੀ ਲੁੱਟ ਨੂੰ ਹੋਰ ਜ਼ਿਆਦਾ ਵਧਾਏਗੀ। ਇਹ ਸਰਮਾਏਦਾਰੀ ਹਕੂਮਤ ਦੇ 'ਆਪ ਲੁੱਟੋ ਅਤੇ ਆਪਣੇ ਚੇਲੇ-ਚਪਟਿਆਂ ਨੂੰ ਲੁੱਟਣ ਦਾ ਮੌਕਾ ਦਿਓ' ਦੀ ਬਾਣੀ ਨੂੰ ਲਾਗੂ ਕਰੇਗਾ।

ਖਰੜੇ ਦੀ ਧਾਰਾ 3 (2) ਦੇ ਅਧੀਨ ਹਰੇਕ ਬੀ. ਪੀ. ਐਲ. ਪਰਿਵਾਰ ਨੂੰ 25 ਕਿਲੋ ਅੰਨ ਮਿਲੇਗਾ ਜਦੋਂ ਕਿ ਮੌਜੂਦਾ ਬੀ. ਪੀ. ਐਲ. ਅਤੇ ਅੰਤਯੋਦਯ ਪਰਿਵਾਰ 35 ਕਿਲੋ ਅੰਨ ਪ੍ਰਾਪਤ ਕਰਦਾ ਹੈ। ਜੇ ਇਸ ਵੇਲੇ 35 ਕਿਲੋ ਅੰਨ 5 ਰੁਪੈ ਪ੍ਰਤੀ ਕਿਲੋ ਦੇ ਹਿਸਾਬ ਨਾਲ਼ ਮਿਲਦਾ ਹੈ ਤਾਂ ਹਰੇਕ ਪਰਿਵਾਰ ਨੂੰ 35 ਕਿਲੋ ਅੰਨ ਲਈ 175 ਰੁਪੈ ਖਰਚਣੇ ਪੈਣਗੇ, ਪਰ ਖਰੜਾ ਕਨੂੰਨ ਅਨੁਸਾਰ 3 ਰੁਪੈ ਦੇ ਹਿਸਾਬ ਨਾਲ਼ 25 ਕਿਲੋ ਅੰਨ ਲਈ ਉਸ ਨੂੰ 75 ਰੁਪੈ ਖਰਚ ਕਰਨੇ ਪੈਣਗੇ। ਜੇ ਹੁਣ ਇਹ ਪਰਿਵਾਰ 10 ਕਿਲੋ ਅੰਨ ਮੰਡੀ 'ਚੋਂ ਖਰੀਦੇਗਾ ਤਾਂ ਲਗਭਗ 20 ਰੁਪੈ ਦੇ ਹਿਸਾਬ ਨਾਲ਼ 200 ਰੁਪੈ ਇਸ ਲਈ ਅਦਾ ਕਰੇਗਾ। ਅਖੀਰ ਇਸ ਖਰੜੇ ਦੇ ਹਿਸਾਬ ਨਾਲ਼ ਹਰੇਕ ਪਰਿਵਾਰ ਨੂੰ 275 ਰੁਪੈ ਖਰਚ ਕਰਨੇ ਪੈਣਗੇ, ਪਰ ਮੌਜੂਦਾ ਸਕੀਮ ਅਧੀਨ ਉਸ ਨੂੰ ਸਿਰਫ਼ 175 ਰੁਪੈ 'ਚ 35 ਕਿਲੋ ਅੰਨ ਮਿਲ ਜਾਂਦਾ ਹੈ। ਮਤਲਬ ਅਜਿਹੇ ਪਰਿਵਾਰਾਂ ਨੂੰ ਇਸ ਲਈ 100 ਰੁਪੈ ਵੱਧ ਦੇਣੇ ਪੈਣਗੇ।

ਖਰੜਾ ਕਨੂੰਨ ਦੇ ਪੰਨੇ 6 'ਚ ਬੀ. ਪੀ. ਐਲ. ਕਾਰਡ ਹੋਲਡਰਾਂ ਦਾ ਨਿਰਧਾਰਨ ਹਰੇਕ 5 ਸਾਲਾਂ ਬਾਅਦ ਕਰਨ ਦੀ ਗੱਲ ਕਹੀ ਗਈ ਹੈ। ਮਹਿੰਗਾਈ ਦੀ ਤੇਜ਼ੀ ਨਾਲ਼ ਵਧਦੀ ਦਰ ਅਤੇ ਲਗਾਤਾਰ ਖੁਸਦੇ ਰੁਜ਼ਗਾਰ ਦੀ ਹਾਲਤ 'ਚ ਇਹ ਠੀਕ ਨਹੀਂ ਹੈ। ਇਹ ਲੰਮਾ ਅਰਸਾ ਬਹੁਤੇ ਪਰਿਵਾਰਾਂ ਨੂੰ ਜਦੋਂ ਭੁੱਖੇ ਮਰਨ ਲਈ ਮਜਬੂਰ ਕਰੇਗਾ ਤਾਂ ਮੌਜੂਦਾ ਕਨੂੰਨ ਉਨ੍ਹਾਂ ਦੀ ਅੰਨ ਸੁਰੱਖਿਆ ਦੀ ਕੋਈ ਗਰੰਟੀ ਨਹੀਂ ਲਵੇਗਾ। ਖਰੜੇ 'ਚ ਸਿਰਫ਼ ਬੀ. ਪੀ. ਐਲ. ਪਰਿਵਾਰਾਂ ਨੂੰ ਹੀ ਅੰਨ ਸੁਰੱਖਿਆ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਹੋਵੇਗਾ ਅਤੇ ਏ. ਪੀ. ਐਲ. ਪਰਿਵਾਰਾਂ ਦੀ ਹਾਲਤ 'ਚ ਇਹ ਭਾਰਤ ਸਰਕਾਰ ਦੇ ਪੂਲ ਤੋਂ ਜ਼ਿਆਦਾ ਸਟੋਰ ਕਰਨ 'ਤੇ ਨਿਰਭਰ ਕਰੇਗਾ। ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਕੁਪੋਸ਼ਣ ਦੀ ਮਾਰੀ ਬਹੁਗਿਣਤੀ ਘੱਟ ਆਮਦਨੀ ਵਾਲ਼ਾ ਏ. ਪੀ. ਐਲ. ਪਰਿਵਾਰਾਂ ਦਾ ਹਿੱਸਾ ਇਸ ਕਨੂੰਨ ਦੀਆਂ ਹੱਦਾਂ ਤੋਂ ਬਾਹਰ ਹੈ।ਅੰਨਪੂਰਨਾ ਸਕੀਮ, ਅੰਤਯੋਦਯ ਅੰਨ ਸਕੀਮ ਵਰਗੀਆਂ ਸਾਰੀਆਂ ਸਕੀਮਾਂ ਨੂੰ ਬੰਦ ਕਰਨ ਦਾ ਵਸੀਲਾ ਵੀ ਇਸ ਖਰੜੇ 'ਚ ਸ਼ਾਮਲ ਹੈ। ਖਰੜੇ ਦਾ ਪੈਰ੍ਹਾ 10 ਕਹਿੰਦਾ ਹੈ ਕਿ ਵੱਖ-ਵੱਖ ਬਹੁਪੱਧਰੀ ਸਕੀਮਾਂ ਨੂੰ ਬੰਦ ਕਰ ਦਿੱਤਾ ਜਾਵੇਗਾ। ਇਸ ਨਾਲ਼ ਸਮਾਜ ਦੇ ਅਜਿਹੇ ਤਬਕੇ, ਜੋ ਬੀ. ਪੀ. ਐਲ. ਦੇ ਘੇਰੇ 'ਚ ਨਹੀਂ ਆਉਂਦੇ ਮਤਲਬ ਜਿਸ ਕੋਲ ਕੋਈ ਸਥਾਈ ਟਿਕਾਣਾ ਨਹੀਂ ਹੈ ਜਾਂ ਜਿਹੜੇ ਹੋਸਟਲ ਜਾਂ ਕਲਿਆਣਕਾਰੀ ਸੰਸਥਾਵਾਂ ਜਾਂ ਅਨਾਥ-ਆਸ਼ਰਮਾਂ 'ਚ ਰਹਿੰਦੇ ਹਨ, ਨੂੰ ਇਹ ਕਨੂੰਨ ਅੰਨ ਸੁਰੱਖਿਆ ਦੀ ਕੋਈ ਗਰੰਟੀ ਨਹੀਂ ਦਿੰਦਾ।

ਆਪਾਵਿਰੋਧਾਂ ਨਾਲ਼ ਭਰੇ ਅਜਿਹੇ ਅਨੇਕਾਂ ਨੁਕਤੇ ਇਸ 'ਕੌਮੀ ਅੰਨ ਸੁਰੱਖਿਆ ਕਨੂੰਨ' ਦੇ ਖਰੜੇ 'ਚ ਹਨ, ਜਿਨ੍ਹਾਂ ਨਾਲ਼ ਕਈ ਸਫ਼ੇ ਭਰੇ ਜਾ ਸਕਦੇ ਹਨ। ਪਰ ਆਪਾਂ ਆਪਣਾ ਧਿਆਨ ਕੁਝ ਮੁੱਖ ਨੁਕਤਿਆਂ 'ਤੇ ਕੇਂਦਰਿਤ ਕਰਦੇ ਹਾਂ। ਪਹਿਲਾ – ਇਹ 'ਕੌਮੀ ਅੰਨ ਸੁਰੱਖਿਆ ਕਨੂੰਨ' ਖਰੜਾ ਭਾਰਤ ਦੇ ਸਾਰੇ ਵਸਨੀਕਾਂ ਨੂੰ ਅੰਨ ਸੁਰੱਖਿਆ ਦਿੰਦਾ ਹੈ। ਨਹੀਂ ਬਿਲਕੁਲ ਨਹੀਂ! ਇਸ ਦਾ ਜਵਾਬ 'ਨਹੀਂ' ਹੀ ਹੈ ਕਿਉਂਕਿ ਜਿਸ ਤਰ੍ਹਾਂ ਭਾਰਤੀ ਸੰਵਿਧਾਨ ਦਾ ਅਨੁਛੇਦ 21 ਕਹਿੰਦਾ ਹੈ ਕਿ "ਕਨੂੰਨ ਰਾਹੀਂ ਬਣਾਏ ਨਿਯਮਾਂ ਤੋਂ ਬਿਨਾਂ ਕੋਈ ਵੀ ਵਿਅਕਤੀ ਆਪਣੀ ਜ਼ਿੰਦਗੀ ਅਤੇ ਨਿੱਜੀ ਅਜ਼ਾਦੀ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ" ਅਤੇ 1947 ਤੋਂ ਬਾਅਦ 64 ਸਾਲ ਬੀਤਣ ਮਗਰੋਂ ਵੀ ਬਹੁਗਿਣਤੀ ਲੋਕ ਰੁਜ਼ਗਾਰ ਵਿਹੂਣੇ ਹੁੰਦੇ ਜਾ ਰਹੇ ਹਨ, ਲੋਕਾਂ ਦੀ ਰੋਜ਼ੀ ਖੁੱਸ ਰਹੀ ਹੈ, ਲੁੱਟ ਦੀ ਅੰਨ੍ਹੀ ਹਵਸ 'ਚ 12-12 ਘੰਟੇ ਕੰਮ ਕਰਨ ਮਗਰੋਂ ਵੀ 80 ਫੀਸਦੀ ਅਬਾਦੀ ਕੁਪੋਸ਼ਿਤ ਹੈ ਅਤੇ ਭੁੱਖੇ ਢਿੱਡ ਸੌਣ ਲਈ ਛੋਕੀ ਹੋਈ ਹੈ, ਬਿਲਕੁਲ ਇਸੇ ਤਰ੍ਹਾਂ ਇਹ ਕਨੂੰਨ ਆਪਣੀ ਭੂਮਿਕਾ ਵਿੱਚ ਤਾਂ ਭਾਰਤ ਦੇ ਸਾਰੇ ਵਸਨੀਕਾਂ ਨੂੰ ਅੰਨ ਸੁਰੱਖਿਆ ਦੇਣ ਦੀ ਗੱਲ ਕਹੀ ਹੈ ਪਰ ਬਹੁਤ ਚਲਾਕੀ ਨਾਲ਼ ਇਸ ਨੂੰ ਸਿਰਫ਼ ਬੀ. ਪੀ. ਐਲ. ਪਰਿਵਾਰਾਂ ਤੱਕ ਹੀ ਸੀਮਤ ਕਰ ਦਿੱਤਾ।ਦੂਜੀ ਗੱਲ ਅੰਨ ਸੁਰੱਖਿਆ ਦਾ ਮਤਲਬ 'ਲੋੜ ਮੁਤਾਬਿਕ, ਸੁਰੱਖਿਅਤ ਅਤੇ ਪੋਸ਼ਟਿਕ' ਭੋਜਨ ਨਾਲ਼ ਹੈ। ਪਰ ਮੌਜੂਦਾ ਖਰੜਾ ਕਨੂੰਨ ਚੌਲ਼ ਅਤੇ ਕਣਕ ਵੰਡਕੇ ਲੋਕਾਂ ਦੇ ਹੱਥ 'ਚ ਅੰਨ ਸੁਰੱਖਿਆ ਦਾ ਛੁਣਛੁਣਾ ਫੜਾਕੇ ਖੁਸ਼ ਕਰਨ ਦੀ ਗੱਲ ਹੈ। ਇਹ ਕਨੂੰਨ ਹਾਕਮਾਂ ਦੀ ਬਹੁਤ ਚਲਾਕੀ ਨਾਲ਼ ਆਪਣੀ ਤਾਨਾਸ਼ਾਹੀ ਕਿਰਤੀ ਅਬਾਦੀ 'ਤੇ ਥੋਪਣ ਦੀ ਸਾਜ਼ਸ਼ ਹੈ ਅਤੇ ਇਸ ਦੇਸ਼ ਦੇ ਮੱਧਵਰਗ ਸਾਹਮਣੇ ਆਪਣੇ ਮਨੁੱਖਦੋਖੀ ਚਿਹਰੇ ਨੂੰ ਮਨੁੱਖਤਾ ਦੇ ਮਖੌਟੇ ਨਾਲ਼ ਕੱਜਣ ਦੀ ਕੋਸ਼ਿਸ਼ ਹੈ।

ਆਓ ਦੇਖੀਏ, ਜਿਹੜੀ ਗਰੀਬੀ ਰੇਖਾ (ਬੀ. ਪੀ. ਐਲ.) 'ਤੇ ਇਸ ਕਨੂੰਨ ਦੀ ਬੁਨਿਆਦ ਟਿਕੀ ਹੈ, ਉਹ ਅਸਲ 'ਚ ਹੈ ਕੀ ? ਗਰੀਬੀ ਰੇਖਾ ਦਾ ਅਧਾਰ ਪਿੰਡਾਂ 'ਚ 2400 ਕੈਲੋਰੀ ਅਤੇ ਸ਼ਹਿਰਾਂ 'ਚ 2100 ਕੈਲੋਰੀ ਪ੍ਰਤੀਦਿਨ ਹਰੇਕ ਵਿਅਕਤੀ ਦੁਆਰਾ ਉਪਭੋਗ ਨੂੰ ਮੰਨਿਆ ਗਿਆ ਹੈ। ਧਿਆਨ ਦੇਣ ਵਾਲੀ ਗੱਲ ਹੈ ਕਿ 1973-74 ਵਿੱਚ ਪਹਿਲੀ ਵਾਰੀ ਇਹ ਮਾਪਦੰਡ ਤੈਅ ਕੀਤੇ ਗਏ ਤਾਂ ਸਿੱਖਿਆ, ਸਿਹਤ ਅਤੇ ਬਸੇਰੇ ਸਬੰਧੀ ਸਹੂਲਤਾਂ ਨੂੰ ਰਾਜ ਦੀ

ਜ਼ਿੰਮੇਵਾਰੀ ਮੰਨਿਆ ਗਿਆ ਸੀ। ਪਰ ਨਾ ਉਦੋਂ ਰਾਜ ਇਸ ਨੂੰ ਪੂਰਾ ਕਰ ਰਿਹਾ ਸੀ ਤੇ ਨਾ ਹੀ ਅੱਜ ਕਰ ਰਿਹਾ ਹੈ। ਅੱਜ ਦੇ ਇਨ੍ਹਾਂ ਸਾਰੇ ਖਰਚਿਆਂ ਨੂੰ ਮਿਲਾ ਲਿਆ ਜਾਵੇ ਤਾਂ ਉਹ ਅੰਦਾਜ਼ਨ 9500 ਰੁਪੈ ਮਹੀਨਾ ਬਣਦਾ ਹੈ। ਇਹੀ ਨਹੀਂ ਭੋਜਨ ਪਕਾਉਣ ਲਈ ਬਾਲਣ ਅਤੇ ਪਹਿਨਣ ਲਈ ਕੱਪੜਾ ਵੀ ਗਰੀਬੀ ਰੇਖਾ ਦੇ ਮਾਪਦੰਡ ਵਿੱਚ ਨਹੀਂ ਜੋੜਿਆ ਗਿਆ। ਜ਼ਾਹਰ ਹੈ ਕਿ ਇਸ ਦੇਸ਼ ਦੀਆਂ ਸਰਕਾਰਾਂ ਗਰੀਬਾਂ ਨੂੰ ਮਨੁੱਖ ਹੀ ਨਹੀਂ ਸਮਝਦੀਆਂ, ਇਸੇ ਕਰਕੇ ਤਾਂ ਉਹ ਸਿਰਫ਼ ਕੱਚੇ (ਅਣਪੱਕੇ) ਅੰਨ ਨੂੰ ਹੀ ਗਰੀਬੀ ਦਾ ਮਾਪਦੰਡ ਸਮਝਦੀਆਂ ਹਨ। ਦੂਜੀ ਗੱਲ ਸਰਕਾਰ ਦੇ ਅਰਥ-ਸ਼ਾਸਤਰੀ 1973-74 ਦੇ ਸਾਲ ਨੂੰ ਬੁਨਿਆਦ ਬਣਾਕੇ ਤੈਅ ਕੀਤੀ ਗਰੀਬੀ ਰੇਖਾ ਨੂੰ ਵਾਰ-ਵਾਰ ਉਪਭੋਗਤਾ ਕੀਮਤ ਸੂਚਕਾਂਕ ਦੇ ਅਧਾਰ 'ਤੇ ਸੋਧਦੇ ਰਹੇ ਹਨ। ਇਸ ਖਰਚੇ ਨੂੰ ਸਿੱਧੇ ਪ੍ਰਚੂਨ ਦੀਆਂ ਕੀਮਤਾਂ ਨਾਲ਼ ਮਿਲਾਕੇ ਤੈਅ ਨਹੀਂ ਕਰਦੇ ਅਤੇ ਕਾਗਜ਼ੀ ਗਰੀਬੀ ਨੂੰ ਦੂਰ ਕਰਦੇ ਰਹਿੰਦੇ ਹਨ। 'ਕੌਮੀ ਨਮੂਨਾ ਸਰਵੇਖਣ' ਦੇ ਅੰਕੜਿਆਂ ਮੁਤਾਬਕ ਦਿਹਾਤੀ ਇਲਾਕਿਆਂ 'ਚ 356.30 ਰੁਪੈ ਮਹੀਨਾਵਾਰ ਅਤੇ ਸ਼ਹਿਰੀ ਇਲਾਕਿਆਂ 'ਚ 538.70 ਰੁਪੈ ਮਹੀਨਾਵਾਰ ਜੇ ਕੋਈ ਜਣਾ ਖਰਚ ਕਰਦਾ ਹੈ ਤਾਂ ਉਹ ਗਰੀਬ ਨਹੀਂ ਹੈ। ਮਤਲਬ ਇਸ ਮਹਿੰਗਾਈ ਦੇ ਬਾਵਜੂਦ ਜੇ ਪਿੰਡਾਂ 'ਚ 11.88 ਰੁਪੈ ਅਤੇ ਸ਼ਹਿਰਾਂ 'ਚ 17.96 ਰੁਪੈ ਪ੍ਰਤੀਦਿਨ ਆਪਣੇ ਲਈ ਖਰਚਦਾ ਹੈ ਤਾਂ ਸਰਕਾਰ ਉਹ ਨੂੰ ਗਰੀਬ ਨਹੀਂ ਮੰਨਦੀ। ਇਹ ਹੈ ਸਰਕਾਰ ਦਾ ਲੋਕਾਂ ਦੀ ਗਰੀਬੀ ਦਾ ਮਾਪਦੰਡ ਅਤੇ ਇਹ ਦੇ 'ਤੇ ਖੜ੍ਹਾ ਹੈ ਇਹ ਅੰਨ ਸੁਰੱਖਿਆ ਕਨੂੰਨ। 'ਕੌਮੀ ਨਮੂਨਾ ਸਰਵੇਖਣ' ਦੇ ਅੰਕੜਿਆਂ ਮੁਤਾਬਕ 1993-94 'ਚ ਸ਼ਹਿਰਾਂ 'ਚ ਮਹੀਨਾਵਾਰ ਹਰੇਕ ਵਿਅਕਤੀ ਰਾਹੀਂ ਕੀਤਾ ਜਾਂਦਾ ਅੰਨ ਉਪਭੋਗ 10.60 ਕਿਲੋ ਅਤੇ ਪਿੰਡਾਂ 'ਚ ਮਹੀਨਾਵਾਰ ਪ੍ਰਤੀ ਵਿਅਕਤੀ ਅੰਨ ਉਪਭੋਗ 13.40 ਕਿਲੋ ਸੀ, ਜਿਹੜਾ 2007 ਵਿੱਚ ਘੱਟ ਕੇ ਸ਼ਹਿਰਾਂ 'ਚ 9.60 ਕਿਲੋ ਅਤੇ ਪਿੰਡਾਂ 'ਚ 11.70 ਕਿਲੋ ਹੋ ਗਿਆ ਹੈ। ਮਤਲਬ ਲੋਕਾਂ ਦੇ ਢਿੱਡ ਵਿਚਲਾ ਖਾਲੀ ਹਿੱਸਾ ਲਗਾਤਾਰ ਵਧ ਰਿਹਾ ਹੈ ਅਤੇ ਸਰਕਾਰੀ ਅੰਕੜੇ ਕਹਿੰਦੇ ਹਨ ਕਿ ਗਰੀਬੀ ਘੱਟ ਰਹੀ ਹੈ। ਸਾਫ਼ ਹੈ ਕਿ ਅੱਧਨੰਗਾ, ਭੁੱਖਾ-ਢਿੱਡ ਸੁੰਗੜਾ ਕੇ ਚਲਦਾ ਗਰੀਬ ਹਾਕਮਾਂ ਦੀ ਨਜ਼ਰੀਂ ਕਿਉਂ ਪਵੇਗਾ?

ਆਓ ਦੇਖੀਏ ਵਿਕਾਸ ਦੀ ਧੂੰਆਧਾਰ ਗਤੀ ਨਾਲ਼ ਚੱਲ ਰਹੇ ਅਰਥਚਾਰੇ 'ਚ ਭਾਰਤ ਦੀ ਗਰੀਬੀ ਦੀ ਅਸਲ ਤਸਵੀਰ ਕੀ ਹੈ? ਭਾਰਤ ਦੇ ਵੱਖ ਵੱਖ ਖੇਤਰਾਂ ਦੇ ਲੋਕਾਂ ਦੇ ਸਰੀਰਿਕ ਪੁੰਜ ਸੂਚਕਾਂਕ (Body Mass Index) ਦੇ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਭਾਰਤ ਦੇ 70 ਫੀਸਦੀ ਲੋਕ ਗਰੀਬ ਅਤੇ ਕੁਪੋਸ਼ਿਤ ਹਨ। 'ਸੰਯੁਕਤ ਰਾਸ਼ਟਰ ਸੰਘ' ਦੇ ਮੁਤਾਬਿਕ ਭਾਰਤ 'ਚ 41 ਕਰੋੜ ਲੋਕ ਗਰੀਬੀ ਰੇਖਾ ਤੋਂ ਥੱਲੇ ਹਨ। 'ਦਿਹਾਤੀ ਵਿਕਾਸ ਮੰਤਰਾਲੇ' ਦੁਆਰਾ ਬਿਠਾਈ ਸਕਸੇਨਾ ਕਮੇਟੀ ਦਾ ਮੰਨਣਾ ਹੈ ਕਿ 50 ਫੀਸਦੀ ਭਾਰਤੀ ਅਬਾਦੀ ਗਰੀਬੀ ਰੇਖਾ ਤੋਂ ਥੱਲੇ ਹੈ। ਸਰਵਉੱਚ ਅਦਾਲਤ ਰਾਹੀਂ ਬਣਾਈ ਬਧਹਾ ਕਮੇਟੀ ਅਨੁਸਾਰ 100 ਰੁਪੈ ਪ੍ਰਤੀਦਿਨ ਇੱਕ ਬਾਲਗ ਦੀ ਆਮਦਨੀ ਨੂੰ ਗਰੀਬੀ ਰੇਖਾ ਦਾ ਮਾਪਦੰਡ ਮੰਨਿਆ ਜਾਵੇ ਨਾ ਕਿ 11 ਰੁਪੈ ਨੂੰ। ਭਾਰਤ ਸਰਕਾਰ ਦੁਆਰਾ ਬਣਾਈ ਅਰਜੁਨ ਸੇਨ ਗੁਪਤਾ ਕਮੇਟੀ ਦੀ ਰਿਪੋਰਟ ਮੁਤਾਬਿਕ ਅੱਜ ਦੇਸ਼ ਦੀ 77 ਫੀਸਦੀ ਅਬਾਦੀ ਮਤਲਬ ਤਕਰੀਬਨ 84 ਕੋਰੜ ਲੋਕ ਸਿਰਫ਼ 20 ਰੁਪੈ ਜਾਂ ਉਸ ਤੋਂ ਘੱਟ ਆਮਦਨ 'ਤੇ ਗੁਜ਼ਾਰਾ ਕਰ ਰਹੇ ਹਨ, ਜਿਸ ਵਿੱਚੋਂ 27 ਕਰੋੜ ਲੋਕ ਸਿਰਫ਼ 11 ਰੁਪੈ ਰੋਜ਼ਾਨਾ ਦੀ ਆਮਦਨੀ 'ਤੇ ਜਿਉਂ ਰਹੇ ਹਨ। ਇੱਕ ਸਿਹਤ ਸੰਸਥਾ ਦੀ ਰਿਪੋਰਟ ਮੁਤਾਬਿਕ ਦੇਸ਼ ਦੇ 46 ਫੀਸਦੀ ਬੱਚੇ ਕੁਪੋਸ਼ਣ ਤੋਂ ਪੀੜਿਤ ਹਨ। 55 ਫੀਸਦੀ ਔਰਤਾਂ ਦਾ ਵਜ਼ਨ ਤੰਦਰੁਸਤ ਨਾ ਹੋਣ ਦੀ ਹੱਦ ਤੱਕ ਘੱਟ ਹੈ। ਦੇਸ਼ ਦੇ 18 ਕਰੋੜ ਲੋਕ ਬੇਘਰੇ ਹਨ ਅਤੇ ਤਕਰੀਬਨ 18 ਕਰੋੜ ਲੋਕ ਝੁੱਗੀਆਂ 'ਚ ਰਹਿੰਦੇ ਹਨ। ਇਸ ਸਭ ਬਿਨਾਂ ਸਰਕਾਰੀ ਅੰਕੜੇ ਸਿਰਫ਼ 28.6 ਫੀਸਦੀ ਹੀ ਗਰੀਬ ਦਸਦੇ ਹਨ ਅਤੇ ਅਜਿਹਾ ਹੋਵੇ ਵੀ ਕਿਉਂ ਨਾ, ਜਦੋਂ ਅੰਕੜਿਆਂ ਦੇ ਬਾਜ਼ੀਗਰ ਅਰਥ-ਸ਼ਾਸਤਰੀ ਦੇਸ਼ ਦੇ ਗਰੀਬਾਂ ਦਾ ਮੁਲਾਂਕਣ ਕਰਨਗੇ।

ਇਸ ਕਨੂੰਨ ਦੇ ਖਰੜੇ ਨੂੰ ਲੈ ਕੇ ਕਾਂਗਰਸ ਦੀ ਚੀਫ਼ ਅਤੇ 'ਕੌਮੀ ਸੁਰੱਖਿਆ ਪਰੀਸ਼ਦ' ਦੀ ਪ੍ਰਧਾਨ ਸ਼੍ਰੀਮਤੀ ਸੋਨੀਆ ਗਾਂਧੀ ਵੀ ਗੁੱਸੇ ਹਨ। ਉਨ੍ਹਾਂ ਦਾ ਗੁੱਸਾ ਅੰਨ ਦੀ ਮਾਤਰਾ ਨੂੰ ਲੈ ਕੇ ਹੈ। ਉਨ੍ਹਾਂ ਦੀ ਇੱਛਾ ਹੈ ਕਿ ਖਰੜੇ ਵਿਚਲੀ ਅੰਨ ਸੀਮਾ ਨੂੰ ਵਧਾ ਕੇ 25 ਕਿਲੋ ਤੋਂ 35 ਕਿਲੋ ਕੀਤਾ ਜਾਵੇ। ਪਹਿਲੀ ਨਜ਼ਰੇ ਸ਼੍ਰੀਮਤੀ ਸੋਨੀਆਂ ਗਾਂਧੀ ਦਾ ਇਹ ਫ਼ਿਕਰ ਬਹੁਗਿਣਤੀ ਲੋਕਾਂ ਦਾ ਫ਼ਿਕਰ ਲੱਗ ਸਕਦਾ ਹੈ। ਪਰ ਇਹ ਗਰੀਬੀ ਰੇਖਾ ਦੇ ਮਾਪਦੰਡ ਅਤੇ ਖਰੜੇ ਦੇ 'ਲੋੜ ਮੁਤਾਬਿਕ ਸੁਰੱਖਿਅਤ ਅਤੇ ਪੋਸ਼ਟਿਕ ਭੋਜਨ' ਦੀ ਗੱਲ 'ਤੇ ਵਿਚਾਰ ਨਹੀਂ ਕਰਦਾ। ਗੱਲ ਸਾਫ਼ ਹੈ ਕਿ ਵੋਟ-ਬਟੋਰੂ ਪਾਰਟੀਆਂ ਨੂੰ ਜੇ ਮਜਬੂਰੀ ਵੱਸ ਲੋਕਾਂ ਦੀ ਫ਼ਿਕਰ ਕਰਨੀ ਵੀ ਪਵੇ ਤਾਂ ਉਹ ਸਿਰਫ਼ ਓਨੀ ਹੀ ਫ਼ਿਕਰ ਕਰਦੀਆਂ ਹਨ, ਜਿੰਨੇ ਨਾਲ਼ ਲੋਕ ਭਲਾਈ ਦਾ ਨਕਾਬ ਸੁਰੱਖਿਅਤ ਰਹੇ ਅਤੇ ਵੋਟ-ਬੈਂਕ ਵੀ ਹੱਥੋਂ ਨਾ ਨਿੱਕਲ਼ੇ। ਦੂਜੀ ਗੱਲ, ਸੋਨੀਆ ਗਾਂਧੀ ਸਾਰੇ ਝੰਜਟਾਂ ਅਤੇ ਵਿਵਾਦਾਂ ਤੋਂ ਆਪਣੇ ਆਪ ਨੂੰ ਦੂਰ ਰੱਖਦੀ ਹੈ। ਉਹ ਜਾਣਦੀ ਹੈ ਕਿ ਸਾਰੇ ਮੋਹਰੇ ਪਿੱਟ ਜਾਣ ਤੋਂ ਬਾਅਦ ਵੀ ਆਪਣੀ 'ਲੋਕਪੱਖੀ, ਨਿਆਂਸ਼ੀਲ ਅਤੇ ਉਦਾਰ' ਸ਼ਖਸ਼ੀਅਤ ਨੂੰ ਬਰਕਰਾਰ ਰੱਖ ਸਕਦੀ ਹੈ। ਇਹੀ ਕਾਰਨ ਹੈ ਕਿ ਕੌਮੀ ਸਲਾਹਕਾਰ ਪਰਸ਼ਿਦ ਵਰਗੀ ਇੱਕ ਸੰਸਥਾ ਦੀ ਉਸਾਰੀ ਕੀਤੀ ਗਈ ਜਿਹੜੀ ਵੱਧ ਤੋਂ ਵੱਧ ਕਲਿਆਣਕਾਰੀ ਸਲਾਹ ਦੇਵੇ, ਅਤੇ ਮਨਮੋਹਨ ਸਿੰਘ ਦੀ ਸਰਕਾਰ ਉਹੀ ਕਰਦੀ ਹੈ ਜੋ ਉਹ ਕਰਦੀ ਰਹੀ ਹੈ ਭਾਵ ਲੋਕ-ਵਿਰੋਧੀ ਨੀਤੀਆਂ ਨੂੰ ਲਾਗੂ ਕਰਦੇ ਰਹਿਣਾ।

ਇੱਥੇ ਕੁਝ ਬਹਿਸ ਗਰੀਬ ਪਰਿਵਾਰਾਂ ਦੀ ਗਿਣਤੀ ਨੂੰ ਲੈ ਕੇ ਵੀ ਹੋ ਰਹੀ ਹੈ। ਕੇਂਦਰ ਸਰਕਾਰ ਮੁਤਾਬਿਕ ਦੇਸ਼ 'ਚ 6.52 ਕਰੋੜ ਬੀ. ਪੀ. ਐਲ. ਪਰਿਵਾਰ ਹਨ ਪਰ ਰਾਜ ਸਰਕਾਰਾਂ ਦੇ ਅੰਕੜੇ ਇਹ ਗਿਣਤੀ 10.96 ਕਰੋੜ ਪੇਸ਼ ਕਰਦੇ ਹਨ। ਕੇਂਦਰ ਸਰਕਾਰ ਜੇ ਰਾਜ ਸਰਕਾਰ ਦੇ ਅੰਕੜਿਆਂ ਨੂੰ ਮੰਨਦੀ ਹੈ ਤਾਂ ਐਨ. ਐਫ. ਐਸ. ਏ. ਕੌਮੀ ਅੰਨ ਸੁਰੱਖਿਆ ਕਨੂੰਨ ਦੀ ਸਬਸਿਡੀ ਲਾਗਤ 44,744 ਕਰੋੜ ਰੁਪੈ ਆਵੇਗੀ। ਰਾਜ ਸਰਕਾਰਾਂ ਬਿਲ ਦੇ ਮੌਜੂਦਾ ਖਰੜੇ 'ਤੇ ਬੀ. ਪੀ. ਐਲ. ਪਰਿਵਾਰਾਂ ਦੇ 10.96 ਕਰੋੜ ਲਾਗੂ ਕਰਨ ਦਾ ਦਬਾਅ ਬਣਾ ਰਹੀਆਂ ਹਨ। ਮੌਜੂਦਾ ਕਨੂੰਨ ਨੂੰ ਕਈ ਲੋਕ ਤੇਂਦੂਲਕਰ ਕਮੇਟੀ ਦੁਆਰਾ ਤੈਅ ਕੀਤੇ ਗਰੀਬੀ ਮਾਪਦੰਡਾਂ ਤੱਕ ਲਿਜਾਣ ਦੀ ਗੱਲ ਕਰ ਰਹੇ ਹਨ ਜੋ ਕਿ 37.2 ਫੀਸਦੀ ਹੈ।

ਪਰ ਜੇ ਸਰਕਾਰ ਤੇਂਦੂਲਕਰ ਕਮੇਟੀ ਦੇ ਮਾਪਦੰਡਾਂ ਨੂੰ ਮੰਨਦੀ ਹੈ ਤਾਂ ਇਹ ਉਸਦੀ ਗਿਣਤੀ-ਮਿਣਤੀ 'ਚ ਸਭ ਤੋਂ ਨੇੜੇ ਹੋਵੇਗਾ। ਧਿਆਨ ਰੱਖੋ ਕਿ ਤੇਂਦੂਲਕਰ ਕਮੇਟੀ ਦੇ ਬੀ. ਪੀ. ਐਲ. ਮਾਪਦੰਡ ਨੂੰ ਇਹ 1700 ਕੈਲੋਰੀ ਤੱਕ ਤੈਅ ਕਰਦੀ ਹੈ। ਕੇਂਦਰ ਸਰਕਾਰ ਦੀ ਮਜਬੂਰੀ ਐਨ. ਐਫ. ਐਸ. ਏ. ਦੀ ਸਬਸਿਡੀ ਨੂੰ ਲੈ ਕੇ ਹੈ। ਸਾਲ 2010-11 ਲਈ ਇਹ ਅੰਦਾਜ਼ਾ ਤਕਰੀਬਨ 56,000 ਕਰੋੜ ਰੁਪੈ ਲਾਇਆ ਜਾ ਰਿਹਾ ਹੈ। ਜਿਸ ਵਾਸਤੇ ਸਰਕਾਰ ਆਪਣੇ ਆਪ ਨੂੰ ਅਸਮਰਥ ਕਹਿ ਰਹੀ ਹੈ। ਅੰਦਾਜ਼ੇ ਮੁਤਾਬਿਕ ਦੇਸ਼ ਦੇ ਸਾਰੇ ਪਰਿਵਾਰਾਂ ਨੂੰ 35 ਕਿਲੋ ਅੰਨ ਦਿੱਤਾ ਜਾਵੇ ਤਾਂ ਕੁੱਲ 90 ਮਿਲੀਅਨ ਟਨ ਅੰਨ ਲੱਗੇਗਾ। ਜਿਸ ਦੀ ਕੁੱਲ ਲਾਗਤ 120,000 ਕਰੋੜ ਆਵੇਗੀ। ਮੌਜੂਦਾ ਮਦ ਮੁਤਾਬਿਕ ਦਿੱਤੀ ਜਾਣ ਵਾਲ਼ੀ ਸਬਸਿਡੀ 50,000 ਕਰੋੜ ਹੈ। ਆਖਰ 70,000 ਕਰੋੜ ਦੀ ਵਾਧੂ ਸਬਸਿਡੀ ਲੱਗੇਗੀ। ਸਰਕਾਰ ਗਰੀਬਾਂ ਨੂੰ ਅੰਨ ਵੰਡਣ ਲਈ 56,000 ਕਰੋੜ ਰੁਪੈ ਦੀ ਸਬਸਿਡੀ ਲਈ ਚੀਕ-ਚਿਹਾੜਾ ਪਾ ਰਹੀ ਹੈ ਕਿ ਇਸ ਨਾਲ਼ ਉਸ ਦਾ ਬਜਟ ਗੜਬੜਾ ਜਾਵੇਗਾ, ਅਤੇ ਉਹ ਤਬਾਹ ਹੋ ਜਾਵੇਗੀ। ਪਰ ਪਿਛਲੇ ਕੇਂਦਰੀ ਬਜਟ 'ਚ ਸਰਕਾਰ ਨੇ ਆਪਣੇ ਚਹੇਤੇ ਸਰਮਾਏਦਾਰਾਂ ਅਤੇ ਧਨੀ ਕਿਸਾਨਾਂ ਨੂੰ ਬਿਨਾਂ ਕਿਸੇ ਨੁਕਤਾਚੀਨੀ ਦੇ ਖੁੱਲੇਆਮ ਸਰਕਾਰੀ ਖਜਾਨੇ ਨੂੰ ਲੁਟਾਇਆ ਅਤੇ ਉਨ੍ਹਾਂ ਨੂੰ 5 ਲੱਖ ਕਰੋੜ ਰੁਪੈ ਪੈਕੇਜ਼ਾਂ ਅਤੇ ਕਰ-ਛੋਟ ਦੇ ਰੂਪ 'ਚ ਦਿੱਤੇ। ਇਸ ਬਜਟ 'ਚ ਨਿਗਮਾਂ (ਮਤਲਬ ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਅਤੇ ਕੰਪਨੀਆਂ) ਨੂੰ ਕਰਾਂ ਦੇ ਰੂਪ 'ਚ 80,000 ਕਰੋੜ ਰੁਪੈ ਦੀ ਛੋਟ ਦਿੱਤੀ ਗਈ। ਕਾਰਪੋਰੇਟ ਸੰਸਾਰ ਨੂੰ ਪੈਦਾਵਾਰੀ ਮਿਹਨਤਾਨੇ ਵਜੋਂ 170,756 ਕਰੋੜ ਰੁਪੈ ਦੀ ਛੋਟ, ਕਾਰਪੋਰੇਟ ਸੰਸਾਰ ਨੂੰ ਕਸਟਮ ਡਿਊਟੀ ਵਜੋਂ 2,49,921 ਕਰੋੜ ਰੁਪੈ ਦੀ ਛੋਟ ਦਿੱਤੀ ਗਈ। ਮਤਲਬ, ਕੁੱਲ ਮਿਲਾ ਕੇ ਤਕਰੀਬਨ ਲਗਭਗ 5,00,000 ਕਰੋੜ ਰੁਪੈ ਮਤਲਬ ਕੁੱਲ ਕੇਂਦਰੀ ਬਜਟ ਦਾ ਤਕਰੀਬਨ 50 ਫੀਸਦੀ ਛੋਟ ਦਿੱਤੀ ਗਈ। ਪਰ ਉਦੋਂ ਸਰਕਾਰੀ ਖਜਾਨੇ 'ਚ ਕੋਈ ਗੜਬੜ ਨਹੀਂ ਹੋਈ। ਇਸ ਸਰਕਾਰ ਦੇ ਫ਼ਿਕਰ ਅਤੇ ਜ਼ਿੰਮੇਵਾਰੀ ਸਾਫ਼ ਹੈ। ਦੇਸ਼ ਦੇ ਕੁੱਲ ਬਜਟ ਦਾ 11 ਫੀਸਦੀ ਫ਼ੌਜੀ ਖਰਚੇ 'ਚ ਜਾਂਦਾ ਹੈ, ਜਿਹੜਾ ਹੱਦਾਂ ਦੀ ਸੁਰੱਖਿਆ ਘੱਟ ਅਤੇ ਆਪਣੇ ਦੇਸ਼ ਦੇ ਵਾਸੀਆਂ 'ਤੇ ਜੁਲਮ ਕਰਨ ਲਈ ਵਧੇਰੇ ਵਰਤਿਆ ਜਾਂਦਾ ਹੈ। ਰਾਸ਼ਟਰ ਮੰਡਲ ਖੇਡ ਘਪਲਾ, 2-ਜੀ ਸਪੈਕਟ੍ਰਮ ਦਾ ਪੌਣੇ ਦੋ ਲੱਖ ਕਰੋੜ ਦਾ ਘਪਲਾ, ਹੁਣੇ-ਹੁਣੇ ਹੋਇਆ ਦੋ ਲੱਖ ਕਰੋੜ ਦਾ ਨਵਾਂ ਸਪੈਕਟ੍ਰਮ ਘਪਲਾ, ਆਦਰਸ਼ ਸੋਸਾਇਟੀ ਘਪਲਾ, ਉੱਤਰ ਪ੍ਰਦੇਸ਼ 'ਚ ਅੰਨ ਘਪਲਾ ਅਤੇ ਐਫ਼. ਸੀ. ਆਈ. ਦੇ ਗੁਦਾਮਾਂ 'ਚ ਸੜ ਰਹੇ ਅੰਨ ਨਾਲ਼ ਸਰਕਾਰ ਦੇ ਸੰਤੁਲਨ ਅਤੇ ਬਜਟ 'ਤੇ ਕੋਈ ਫ਼ਰਕ ਨਹੀਂ ਪੈਂਦਾ। ਪਰ ਜਦੋਂ ਗੱਲ ਮਜ਼ਦੂਰਾਂ, ਗਰੀਬਾਂ ਅਤੇ ਮਸੂਮਾਂ ਦੀ ਜ਼ਿੰਦਗੀ, ਭੁੱਖ ਅਤੇ ਕੁਪੋਸ਼ਣ ਦੀ ਹੁੰਦੀ ਹੈ ਤਾਂ ਸਰਕਾਰਾਂ ਬਜਟ ਘਾਟੇ ਦੀ ਮਾਲ਼ਾ ਜਪਣ ਲੱਗ ਪੈਂਦੀਆਂ ਹਨ।

ਪਰ ਇਹ ਧੋਖੇ ਅਤੇ ਚਾਲਬਾਜ਼ੀ ਭਰਿਆ 'ਕੌਮੀ ਅੰਨ ਸੁਰੱਖਿਆ ਕਨੂੰਨ' ਪਾਸ ਵੀ ਹੋ ਜਾਵੇ ਤਾਂ ਇਸ ਨਾਲ਼ ਭਾਰਤ ਦੀ ਗਰੀਬ ਕਿਰਤੀ ਅਬਾਦੀ ਦੇ ਜੀਵਨ 'ਤੇ ਕੋਈ ਫਰਕ ਨਹੀਂ ਪੈਣ ਲੱਗਾ। ਭਾਰਤੀ ਸੰਵਿਧਾਨ ਦੀ ਧਾਰਾ 21 ਲੋਕਾਂ ਨੂੰ ਜਿਉਣ ਦਾ ਹੱਕ ਦਿੰਦੀ ਹੈ ਪਰ ਲੋਕ ਰੋਜ਼ਾਨਾ ਦਵਾਈ ਦੀ ਘਾਟ ਨਾਲ਼, ਭੋਜਨ ਦੀ ਘਾਟ ਨਾਲ਼ ਮਰ ਰਹੇ ਹਨ। ਸੰਵਿਧਾਨ ਆਪ ਅਤੇ ਪਵਿੱਤਰਤਾ ਦੀ ਸੌਂਹ ਲੈਣ ਵਾਲ਼ੇ ਹਾਕਮ ਨਿੱਤ ਦਿਨ ਕਿਵੇਂ ਇਹ ਦਾ ਕਤਲ ਕਰਦੇ ਹਨ, ਆਓ ਇੱਕ ਨਜ਼ਰ ਇਸ 'ਤੇ ਵੀ ਮਾਰੀਏ।

16 ਅਪ੍ਰੈਲ 2001 ਨੂੰ ਪੀ. ਯੂ. ਸੀ. ਐਲ. ਦੁਆਰਾ ਸੁਪਰੀਮ ਕੋਰਟ 'ਚ ਦਰਜ ਅਪੀਲ, ਜਿਸ ਵਿੱਚ ਸੰਵਿਧਾਨ ਦੀ ਧਾਰਾ 21 ਦਾ ਹਵਾਲਾ ਦੇ ਕੇ ਭੁੱਖਮਰੀ ਨਾਲ਼ ਹੋਣ ਵਾਲੀਆਂ ਮੌਤਾਂ ਬਾਰੇ ਸਵਾਲ ਪੁੱਛਿਆ ਗਿਆ ਸੀ, ਦੇ ਜਵਾਬ 'ਚ ਸਰਵਉੱਚ ਅਦਾਲਤ ਨੇ 23 ਜੁਲਾਈ, 2001 ਨੂੰ ਸਰਕਾਰ ਅਤੇ ਇਹ ਦੀਆਂ ਏਜੰਸੀਆਂ ਨੂੰ ਹੁਕਮ ਦਿੰਦੇ ਹੋਏ ਕਿਹਾ ਸੀ - "ਸਾਡੇ ਖਿਆਲ ਮੁਤਾਬਿਕ ਜੋ ਸਭ ਤੋਂ ਮਹੱਤਵਪੂਰਨ ਹੈ ਉਹ ਬਜ਼ੁਰਗ, ਕਮਜ਼ੋਰ, ਬੇਸਹਾਰਾ ਔਰਤਾਂ-ਮਰਦ ਜੋ ਭੁੱਖਮਰੀ ਦੇ ਕੰਢੇ 'ਤੇ ਹਨ, ਗਰਭਵਤੀ ਅਤੇ ਬੱਚੇ ਨੂੰ ਦੁੱਧ ਪਿਆਉਂਦੀਆਂ ਔਰਤਾਂ, ਬੇਸਹਾਰਾ ਬੱਚੇ ਖਾਸ ਕਰ ਅਜਿਹੇ ਬੱਚੇ ਜਿਨ੍ਹਾਂ ਦੇ ਪਰਿਵਾਰ ਕੋਲ ਭੋਜਨ ਲਈ ਜ਼ਰੂਰੀ ਫੰਡਾਂ ਦੀ ਘਾਟ ਹੈ, ਨੂੰ ਭੋਜਨ ਦਿੱਤਾ ਜਾਵੇ। ਅਕਾਲ ਦੇ ਵੇਲੇ ਲਈ ਲੋੜ ਮੁਤਾਬਕ ਸਟੋਰ ਕਰਨ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਇੱਕ ਪਾਸੇ ਅੰਤ ਦੀ ਬਹੁਤਾਇਤ ਹੈ ਪਰ ਬਹੁਤ ਗਰੀਬ ਅਤੇ ਬੇਸਹਾਰਾ ਵਿੱਚ ਵੰਡ ਬਹੁਤ ਘੱਟ ਹੈ ਜੋ ਕਿ ਕੁਪੋਸ਼ਣ ਅਤੇ ਭੁੱਖਮਰੀ ਵਰਗੀਆਂ ਸਮੱਸਿਆਵਾਂ ਦੀ ਜੜ੍ਹ ਹੈ।"

3 ਸਤੰਬਰ, 2001 ਨੂੰ ਸਰਵਉੱਚ ਅਦਾਲਤ ਨੇ ਰਾਜ ਸਰਕਾਰਾਂ ਅਤੇ ਕੇਂਦਰੀ ਹਕੂਮਤ ਅਧੀਨ ਪ੍ਰਦੇਸ਼ਾਂ ਨੂੰ ਹੁਕਮ ਦਿੱਤਾ ਕਿ ਫੌਰੀ ਬੀ. ਪੀ. ਐਲ. ਪਰਿਵਾਰਾਂ ਦੇ ਅੰਕੜੇ ਤਿਆਰ ਕਰਕੇ ਉਨ੍ਹਾਂ ਨੂੰ ਮੱਦਦ ਦਿੱਤੀ ਜਾਵੇ। ਪਰ ਉਹ ਹੁਣ ਤੱਕ ਵੀ ਨਹੀਂ ਹੋ ਸਕਿਆ। ਜਿਹੜੀ ਰਾਜਸੱਤਾ ਗਰੀਬਾਂ ਰਾਹੀਂ ਚੁੱਕੀ ਜਾਂਦੀ ਅਵਾਜ਼ ਨੂੰ ਦਬਾਉਣ ਲਈ ਸੰਵਿਧਾਨ ਅਤੇ ਕੌਮੀ ਏਕਤਾ-ਅਖੰਡਤਾ ਦੀ ਗੱਲ ਕਰਦੀ ਹੈ, ਜਿਹੜੀ ਬਿਨਾਇਕ ਸੇਨ ਦੀ ਉਮਰਕੈਦ ਦਾ ਵਿਰੋਧ ਕਰਨ ਵਾਲ਼ਿਆਂ ਨੂੰ ਨਸੀਹਤ ਦਿੰਦੀ ਹੈ ਕਿ ਦੇਸ਼ ਦੀ ਸਰਵਉੱਚ ਅਦਾਲਤ 'ਚ ਨਿਆਂ ਲਈ ਬੇਨਤੀ ਕਰੋ, ਉਹੀ ਰਾਜ ਸੱਤਾ ਗਰੀਬਾਂ ਦੇ ਹੱਕ ਦੇ ਹਰੇਕ ਕਨੂੰਨੀ ਹੁਕਮ ਨੂੰ ਪੈਰਾਂ ਹੇਠਾਂ ਕੁਚਲਦੀ ਹੈ। ਹੁਣੇ ਕੁਝ ਦਿਨ ਪਹਿਲਾਂ ਜਦੋਂ ਦੇਸ਼ 'ਚ ਸਟੋਰ ਕੀਤੇ ਅੰਨ ਦੇ ਸੜਨ-ਗਲਣ ਦਾ ਮਾਮਲਾ ਸਾਹਮਣੇ ਆਇਆ ਤਾਂ ਸਰਵਉੱਚ ਅਦਾਲਤ ਨੇ ਦੇਸ਼ ਦੀ ਸਰਕਾਰ ਨੂੰ ਫਿੱਟ-ਲਾਅਨਤਾਂ ਪਾਉਂਦੇ ਹੋਏ ਅੰਨ ਨੂੰ ਗਰੀਬਾਂ 'ਚ ਵੰਡਣ ਦੀ ਸਲਾਹ ਦਿੱਤੀ। ਪਰ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਨਿਆਂਪਾਲਿਕਾ ਨੂੰ ਆਪਣੀਆਂ ਹੱਦਾਂ 'ਚ ਰਹਿਣ ਦੀ ਸਲਾਹ ਦਿੱਤੀ ਅਤੇ ਕਾਰਜਪਾਲਿਕਾ ਦੇ ਕੰਮਾਂ 'ਚ ਦਖ਼ਲ ਕਰਨ ਤੋਂ ਮਨ੍ਹਾ ਕਰ ਦਿੱਤਾ।

ਭਾਰਤ ਸਰਕਾਰ ਨਾ ਸਿਰਫ਼ ਸਰਵਉੱਚ ਅਦਾਲਤ ਦੇ ਹੁਕਮ ਦਾ, ਸਗੋਂ ਸਾਰੇ ਕੌਮਾਂਤਰੀ ਸਮਝੌਤਿਆਂ ਅਤੇ ਐਲਾਨਨਾਮਿਆਂ ਦਾ ਵੀ, ਜਿਨ੍ਹਾਂ 'ਤੇ ਉਨ੍ਹਾਂ ਨੇ ਦਸਤਖ਼ਤ ਕੀਤੇ ਹਨ, ਉਲੰਘਣ ਕਰਦੀ ਹੈ। ਮਨੁੱਖੀ ਅਧਿਕਾਰਾਂ ਦੇ ਸੰਸਾਰ ਪੱਧਰੀ ਮੈਨੀਫੈਸਟੋ 1948 ਦੀ ਧਾਰਾ 25(1) ਵਿੱਚ ਕਿਹਾ ਗਿਆ ਹੈ ਕਿ "ਹਰੇਕ ਵਿਅਕਤੀ ਅਤੇ ਉਹਦੇ ਪਰਿਵਾਰ ਨੂੰ ਯੋਗ ਜੀਵਨ ਪੱਧਰ ਦੇ ਲਈ, ਸਿਹਤ ਅਤੇ ਠੀਕ-ਠਾਕ ਰਹਿਣ ਲਈ ਭੋਜਣ ਦਾ ਅਧਿਕਾਰ ਹੈ।"

'ਇੰਟਰਨੈਸ਼ਨਲ ਕਨਵੈਨਸ਼ਨ ਆਨ ਇਕਨਾਮਿਕ, ਸ਼ੋਸ਼ਲ ਐਂਡ ਕਲਚਰਲ ਰਾਈਟ' (ਜੋ 1976 ਤੋਂ ਪ੍ਰਭਾਵ ਹੇਠ ਆਇਆ) ਕਹਿੰਦਾ ਹੈ ਕਿ "ਇਸ ਸਮਝੌਤੇ 'ਚ ਸ਼ਾਮਲ ਰਾਜ ਨੂੰ ਹਰੇਕ ਵਿਅਕਤੀ ਅਤੇ ਉਸ ਦੇ ਪਰਿਵਾਰ ਲਈ ਯੋਗ ਜੀਵਨ-ਪੱਧਰ ਬਣਾਉਣ ਦੀ ਜ਼ਿੰਮੇਵਾਰੀ ਤੈਅ ਕਰਨੀ ਹੋਵੇਗੀ, ਜਿਸ ਵਿੱਚ ਯੋਗ ਅਤੇ ਉੱਚਿਤ ਭੋਜਨ, ਕੱਪੜਾ ਅਤੇ ਮਕਾਨ... ਸ਼ਾਮਲ ਹਨ ਅਤੇ ਹਰੇਕ ਦਾ ਇਹ ਬੁਨਿਆਦੀ ਹੱਕ ਹੈ ਕਿ ਉਹ ਭੁੱਖਮਰੀ ਤੋਂ ਅਜ਼ਾਦ ਰਹਿ ਸਕੇ।" 12 ਮਈ 1999 ਨੂੰ 'ਸੰਯੁਕਤ ਰਾਸ਼ਟਰ ਦੀ ਆਰਥਿਕ ਸਮਾਜਿਕ ਅਤੇ ਸੱਭਿਆਚਾਰਕ ਹੱਕਾਂ ਲਈ ਹੋਈ ਸਭਾ' 'ਚ ਇਸ ਦੀ ਟਿਪਣੀ-12 (ਵੀਹਵਾਂ ਸ਼ੈਸ਼ਨ) 'ਚ "ਉਚਿੱਤ ਭੋਜਨ ਦਾ ਹੱਕ" (ਧਾਰਾ 11) ਦੀ ਗੱਲ ਕਹੀ ਗਈ ਹੈ। ਗੌਰ ਕਰੋ ਕਿ ਭਾਰਤ ਉਪਰੋਕਤ ਜਥੇਬੰਦੀਆਂ ਵਿੱਚ ਸ਼ਾਮਲ ਹੈ ਅਤੇ ਉਹ ਇਨ੍ਹਾਂ ਐਲਾਨਾਂ ਨਾਲ਼ ਬੱਝਾ ਹੋਇਆ ਹੈ। ਪਰ ਉਸ ਨੂੰ ਨਾ ਤਾਂ ਅੱਜ ਤੱਕ ਪੂਰਾ ਕਰ ਸਕਿਆ ਹੈ ਅਤੇ ਨਾ ਹੀ ਭਵਿੱਖ 'ਚ ਪੂਰਾ ਕਰਨਾ ਚਾਹੁੰਦਾ ਹੈ। ਇਹ ਅੰਨ ਸੁਰੱਖਿਆ ਦੇ ਨਾਂ 'ਤੇ ਬਣਾਏ ਜਾ ਰਹੇ ਕਨੂੰਨ ਤੋਂ ਹੀ ਸਿੱਧ ਹੁੰਦਾ ਹੈ। ਅਸਲ 'ਚ ਇਹਦੇ ਨਾਲ਼ ਬਚੀ-ਖੁਚੀ ਅੰਨ ਸੁਰੱਖਿਆ ਵੀ ਖ਼ਤਮ ਹੋ ਜਾਵੇਗੀ। ਇਹ ਨੂੰ ਤਾਂ ਅੰਨ ਅਸੁਰੱਖਿਆ ਕਨੂੰਨ ਕਿਹਾ ਜਾਣਾ ਚਾਹੀਦਾ ਹੈ। ਆਓ ਦੇਖੀਏ ਭਾਰਤ ਸਰਕਾਰ ਨੇ ਲੋਕਾਂ ਵਾਸਤੇ ਜਿਹੜੀ ਥੋੜ੍ਹੀ ਬਹੁਤੀ ਅੰਨ ਸੁਰੱਖਿਆ ਮੌਜੂਦ ਸੀ, ਉਹ ਨੂੰ ਕਿਵੇਂ ਮੁਕਾਇਆ ਅਤੇ ਮੁਕਾ ਰਹੀ ਹੈ।

1996 ਤੱਕ ਭਾਰਤ 'ਚ ਜਿਹੜੀ ਜਨਤਕ ਵੰਡ ਪ੍ਰਣਾਲੀ ਸੀ ਉਸ ਨੂੰ ਅਨੁਮਾਨੀ ਜਨਤਕ ਵੰਡ ਪ੍ਰਣਾਲੀ 'ਚ ਬਦਲ ਦਿੱਤਾ ਗਿਆ, ਤਾਂ ਕਿ ਉਸ ਨੂੰ ਨਵ-ਉਦਾਰਵਾਦੀ ਨੀਤੀਆਂ ਦੇ ਅਨੁਸਾਰੀ ਬਣਾਇਆ ਜਾ ਸਕੇ। ਇਹ ਗੱਲ ਗੌਰ ਕਰਨ ਲਾਇਕ ਹੈ ਕਿ ਬੀਤੇ ਪੰਜ ਸਾਲਾਂ 'ਚ ਏ. ਪੀ. ਐਲ. ਪਰਿਵਾਰਾਂ ਦੇ ਰਾਸ਼ਨ ਦੇ ਅਨੁਦਾਨ 'ਚ ਲਗਾਤਾਰ ਕਟੌਤੀ ਕਰਕੇ ਉਸਨੂੰ ਪਹਿਲਾਂ ਦੇ ਅਨੁਦਾਨ ਦਾ 20-25 ਫੀਸਦੀ ਕਰ ਦਿੱਤਾ ਗਿਆ ਹੈ। 1991 'ਚ ਜਨਤਕ ਵੰਡ ਪ੍ਰਣਾਲੀ ਦੇ 20.8 ਮਿਲੀਅਨ ਟਨ ਮਾਤਰਾ ਨੂੰ 1999-2000 'ਚ ਘੱਟ ਕਰਕੇ 10.9 ਮਿਲੀਅਨ ਟਨ ਕਰ ਦਿੱਤਾ ਗਿਆ। ਸੰਸਾਰ ਦੀ ਸਭ ਤੋਂ ਵੱਡੀ ਸਲੱਮ ਬਸਤੀ ਧਾਰਾਵੀ (ਬੰਬੇ) 'ਚ ਸਰਕਾਰੀ ਅੰਕੜੇ 'ਚ ਸਿਰਫ਼ 153 ਬੀ. ਪੀ. ਐਲ. ਪਰਿਵਾਰ ਮਿਲ਼ੇ। ਖੇਤੀ ਖੇਤਰ ਨੂੰ ਵਾਰ-ਵਾਰ ਅਣਦੇਖਿਆ ਕੀਤਾ ਜਾਂਦਾ ਰਿਹਾ ਹੈ। ਭਾਰਤ ਅੱਜ ਖੰਡ ਦੇ ਸਭ ਤੋਂ ਵੱਡੇ ਉਤਪਾਦਕ ਖੇਤਰ ਦੀ ਥਾਂ ਬਰਾਮਦ ਕਰਨ ਵਾਲ਼ਾ ਪਹਿਲੇ ਦਰਜੇ ਦਾ ਦੇਸ਼ ਬਣ ਚੁੱਕਿਆ ਹੈ। ਗੁਲਾਬ ਅਤੇ ਹੋਰ ਫੁੱਲਾਂ ਦੀ ਖੇਤੀ ਜਾਂ ਜੈਵਿਕ ਬਾਲਣ ਦੀ ਖੇਤੀ ਭਾਰਤ ਦੇ ਨੀਤੀ ਘਾੜਿਆਂ ਵਾਸਤੇ ਅੰਨ ਦੀ ਖੇਤੀ ਤੋਂ ਵੱਧ ਮਹੱਤਵ ਰੱਖਦੀ ਹੈ। ਸਾਲ 2009 'ਚ ਭਾਰਤ ਸਰਕਾਰ ਨੇ ਐਲਾਨ ਕੀਤਾ ਕਿ ਸਾਲ 2017 ਤੱਕ ਭਾਰਤ ਦੇ ਸਾਰੇ ਬਾਲਣ ਉਪਭੋਗ ਦਾ 20 ਫੀਸਦੀ ਹਿੱਸਾ ਜੈਵਿਕ ਬਾਲਣ ਹੋਵੇਗਾ। ਸਾਫ਼ ਹੈ ਕਿ ਸਾਡੇ ਨਿਯਮ-ਘਾੜਿਆਂ ਨੂੰ 100 ਕਿਲੋ ਅੰਨ ਅਤੇ 1 ਲੀਟਰ ਪੈਟਰੋਲ 'ਚੋਂ ਪੈਟਰੋਲ ਵਧੇਰੇ ਪਿਆਰਾ ਹੈ, ਕਿਉਂਕਿ ਦੇਸ਼ ਦੇ ਨਵੇਂ ਧਨਪਸ਼ੂਆਂ ਨੂੰ ਕਾਰ ਦੀ ਸਵਾਰੀ ਜੋ ਕਰਾਉਣੀ ਹੋਈ। ਸਾਲ 2009 'ਚ 17,368 ਕਿਸਾਨਾਂ ਨੇ ਖੁਸਕੁਸ਼ੀਆਂ ਕੀਤੀਆਂ। 1997 ਤੋਂ ਹੁਣ ਤੱਕ ਕੁੱਲ 2,16,500 ਕਿਸਾਨ ਮੌਤ ਦੀ ਨੀਂਦਰ ਸੌਂ ਚੁੱਕੇ ਹਨ ਅਤੇ ਭਾਰਤ ਦਾ ਸੈਂਸੇਕਸ ਤੇਜ਼ੀ ਨਾਲ਼ ਭੱਜ ਰਿਹਾ ਹੈ ਅਤੇ ਵਿਕਾਸ ਦੇ ਮੀਨਾਰ ਤੇਜ਼ੀ ਨਾਲ਼ ਵਧ ਰਹੇ ਹਨ।

ਇੱਕ ਗੱਲ ਹੋਰ ਜਿਸ ਨੂੰ ਕਈ ਵਾਰ ਦੇਸ਼ ਦੀ ਵਾਗਡੋਰ ਸੰਭਾਲਣ ਵਾਲ਼ੇ ਸਿਆਸੀ ਲੀਡਰ ਅਕਸਰ ਦੁਹਰਾਉਂਦੇ ਰਹਿੰਦੇ ਹਨ ਅਤੇ ਉਹ ਹੈ ਅੰਨ ਦੀ ਪੈਦਾਵਾਰ ਦਾ ਸੰਕਟ। ਪਿਛਲੇ ਸਾਲ ਭਾਰਤ ਅੰਨ ਦੀ ਪੈਦਾਵਰ 'ਚ ਵਧੇਰੇ ਚੰਗੀ ਹਾਲਤ 'ਚ ਰਿਹਾ। ਇੱਕ ਤਿਮਾਹੀ 'ਚ ਖੇਤੀ ਪੈਦਾਵਰ 'ਚ ਨਵਾਂ ਰਿਕਾਰਡ ਵੀ ਬਣਿਆ ਅਤੇ ਅਜਿਹੀ ਹਾਲਤ ਚੰਗਾ ਪ੍ਰਬੰਧ ਕਰਕੇ ਹੋਰ ਵੀ ਵਧੀਆ ਬਣਾਈ ਜਾ ਸਕਦੀ ਹੈ। ਦੇਸ਼ ਦਾ ਕੁੱਲ ਭੂਗੋਲਿਕ ਖੇਤਰਫਲ 328.70 ਮਿਲੀਅਨ ਹੈਕਟੇਅਰ ਹੈ। ਜਿਹਦੇ ਵਿੱਚੋਂ ਕੁੱਲ ਖੇਤੀ ਕਰਨ ਯੋਗ ਉਪਜਾਊ ਖੇਤਰ 193.7 ਮਿਲੀਅਨ ਹੈਕਟੇਅਰ ਹੈ ਅਤੇ ਘੱਟ ਉਪਜਾਊ ਖੇਤਰ 140.30 ਮਿਲੀਅਨ ਹੈਕਟੇਅਰ ਹੈ। ਉਪਜਾਊ ਖੇਤਰ 'ਚੋਂ 85.80 ਮਿਲੀਅਨ ਹੈਕਟੇਅਰ ਸਿੰਚਾਈਯੋਗ ਅਤੇ 60.90 ਮਿਲੀਅਨ ਹੈਕਟੇਅਰ ਖੇਤਰ 'ਚ ਸਿੰਚਾਈ ਸਾਧਨ ਸੀਮਤ ਹਨ। ਮਤਲਬ ਅੱਜ ਵੀ ਸਿੰਚਾਈ ਦੀ ਸੁਵਿਧਾ ਮਸਾਂ ਕੁ 50 ਫੀਸਦੀ ਭੂ-ਖੇਤਰ 'ਤੇ ਹੀ ਹੈ। ਅੱਜ ਵੀ ਦੇਸ਼ ਦੀ 55.7 ਫੀਸਦੀ ਖੇਤੀ ਲਾਇਕ ਜ਼ਮੀਨ ਮੀਂਹ 'ਤੇ ਨਿਰਭਰ ਰਹਿੰਦੀ ਹੈ। ਜਦੋਂ ਦੇਸ਼ 'ਚ ਪਾਣੀ ਦੇ ਸਰੋਤ ਅਸੀਮਤ ਹਨ, ਲੋੜ ਹੈ ਸਿਰਫ਼ ਉਨ੍ਹਾਂ ਦੇ ਠੀਕ ਪ੍ਰਬੰਧਨ ਦੀ। ਭਾਰਤ ਦੀ ਅਬਾਦੀ 'ਚ ਨੌਜਵਾਨਾਂ ਦਾ ਹਿੱਸਾ ਸੰਸਾਰ 'ਚ ਸਭ ਤੋਂ ਵਧੇਰੇ ਹੈ। ਕੁੱਲ ਅਬਾਦੀ ਦਾ 35.4 ਫੀਸਦੀ ਹਿੱਸਾ 0 ਤੋਂ 15 ਸਾਲ ਦੀ ਉਮਰ ਵਿਚਕਾਰ, 57.77 ਫੀਸਦੀ ਹਿੱਸਾ 15-60 ਸਾਲ ਦੀ ਉਮਰ ਵਿਚਲਿਆ ਦਾ ਆਉਂਦਾ ਹੈ। ਮਤਲਬ ਦੇਸ਼ ਮਨੁੱਖੀ

ਸਾਲ	1990-91	2000-01	2006-07	2007-08	2008-09
ਕੁੱਲ ਅੰਨ ਪੈਦਾਵਾਰ (ਮਿਲੀਅਨ ਟਨ 'ਚ)	176.4	199.50	217.30	230.80	229.90
(ਸਰੋਤ : ਇਕਨਾਮਿਕ ਸਰਵੇ ਆਫ਼ ਇੰਡੀਆ, 2008-09, ਕੰਪਾਈਲਡ)					
			ਤਕਰੀਬਨ @ 1.5 ਕਰੋੜ ਹਰ ਸਾਲ		
ਅਬਾਦੀ ਕਰੋੜਾਂ 'ਚ	84.64	102.87	111.87	113.37	114.87
ਪ੍ਰਤੀ ਵਿਅਕਤੀ ਔਸਤ ਅੰਨ ਗ੍ਰਾਮ/ਨਿੱਤ ਦਿਨ	571	531	532	558	548

ਧਨ, ਪਾਣੀ-ਧਨ ਅਤੇ ਖੇਤੀ ਕਰਨ ਲਾਇਕ ਜ਼ਮੀਨ ਦੀ ਕੋਈ ਘਾਟ ਨਹੀਂ ਹੈ। ਫਿਰ ਵੀ ਦੇਸ਼ ਦੀ 80 ਫੀਸਦੀ ਅਬਾਦੀ ਕੁਪੋਸ਼ਤ ਹੈ। ਕੀ ਅਜਿਹਾ ਇਸ ਕਰਕੇ ਹੈ ਕਿ ਪੈਦਾਵਾਰ ਹੀ ਬਹੁਤ ਘੱਟ ਹੁੰਦੀ ਹੈ ? ਆਓ ਇਸ 'ਤੇ ਵੀ ਚਰਚਾ ਕਰੀਏ।

ਸਿੰਚਾਈ ਦੀ ਘਾਟ, ਸੋਕਾ, ਹੜ੍ਹ ਆਦਿ ਕਾਰਨਾਂ ਕਰਕੇ ਵੀ ਭਾਰਤ 'ਚ ਕੁਝ ਸਾਲਾਂ ਦੀ ਅੰਨ ਪੈਦਾਵਾਰ 'ਤੇ ਨਜ਼ਰ ਮਾਰਦੇ ਹਾਂ। ਇੱਥੇ ਅਸੀਂ ਸੌਖ ਵਾਸਤੇ ਸਿਰਫ਼ ਅੰਨ ਪੈਦਾਵਾਰ ਹੀ ਲੈ ਰਹੇ ਹਾਂ। ਜਿਹੜਾ ਸਾਰਣੀ 'ਚ ਦਿੱਤਾ ਗਿਆ ਹੈ।

ਸੰਤੁਲਿਤ ਪੋਸ਼ਣ ਦੇ ਮਾਪਦੰਡ ਮੁਤਾਬਿਕ ਔਸਤਨ ਕਿਰਤ ਕਰਨ ਵਾਲੇ ਬਾਲਗ ਵਿਅਕਤੀ ਨੂੰ 520 ਗ੍ਰਾਮ ਅੰਨ (ਕਣਕ, ਚੌਲ) ਔਸਤਨ ਕਿਰਤ ਕਰਨ ਵਾਲ਼ੀ ਔਰਤ ਨੂੰ 440 ਗ੍ਰਾਮ ਅੰਨ ਅਤੇ 10-18 ਸਾਲ ਦੇ ਮੁੰਡੇ ਲਈ 420 ਗ੍ਰਾਮ ਅੰਨ ਦੀ ਜ਼ਰੂਰਤ ਨਿੱਤ ਦਿਨ ਹੁੰਦੀ ਹੈ। ਅਤੇ 10-18 ਸਾਲ ਦੀ ਉਮਰ ਵਿਚਲੀ ਕੁੜੀ ਨੂੰ 380 ਗ੍ਰਾਮ ਅੰਨ ਦੀ ਲੋੜ ਪੈਂਦੀ ਹੈ। ਜੇ ਇਹਦੇ ਵਿੱਚ ਦਾਲ ਦੀ ਮਾਤਰਾ ਨੂੰ ਵੀ ਮਿਲਾ ਲਿਆ ਜਾਵੇ ਤਾਂ ਔਸਤਨ ਕਿਰਤ ਕਰਨ ਵਾਲ਼ੇ ਬਾਲਗ ਨੂੰ 50 ਗ੍ਰਾਮ, ਔਸਤ ਕਿਰਤ ਕਰਨ ਵਾਲ਼ੀ ਔਰਤ ਨੂੰ 45 ਗ੍ਰਾਮ ਅਤੇ 10-18 ਸਾਲ ਦੇ ਮੁੰਡੇ-ਕੁੜੀਆਂ ਨੂੰ ਵੀ 45 ਗ੍ਰਾਮ ਦਾਲ ਦੀ ਲੋੜ ਹੁੰਦੀ ਹੈ। ਜੇ ਇਸ ਦਾ ਔਸਤ ਕੱਢਿਆ ਜਾਵੇ ਜਿਸ 'ਚ ਦਾਲਾਂ ਵੀ ਸ਼ਾਮਲ ਹੋਣ ਤਾਂ ਇਹ ਸਿਰਫ਼ 500 ਗ੍ਰਾਮ ਹਰੇਕ ਵਿਅਕਤੀ ਨਿੱਤ ਦਿਨ ਬਣਦਾ ਹੈ। ਜਦੋਂ ਕਿ ਪੈਦਾਵਾਰ 531 ਗ੍ਰਾਮ ਤੋਂ 571 ਗ੍ਰਾਮ ਹਰੇਕ ਵਿਅਕਤੀ ਨਿੱਤ ਦਿਨ ਹੈ।

ਉਪਰੋਕਤ ਪੜਤਾਲ ਤੋਂ ਪਤਾ ਲੱਗਦਾ ਹੈ ਕਿ ਦੇਸ਼ 'ਚ ਭੁੱਖਮਰੀ ਅਤੇ ਕੁਪੋਸ਼ਣ ਦੀ ਸਮੱਸਿਆ ਦਾ ਕਾਰਨ ਅੰਨ ਪੈਦਾਵਾਰ ਦੀ ਘਾਟ ਨਹੀਂ ਹੈ। ਬਗੈਰ ਇਸ ਤੋਂ ਕਿ ਖੇਤੀ, ਹੜ੍ਹ ਅਤੇ ਅਕਾਲ ਦੇ ਬਾਵਜੂਦ ਖੇਤੀ ਯੋਗ ਜ਼ਮੀਨ 'ਤੇ 50 ਫੀਸਦੀ ਤੋਂ ਵੀ ਘੱਟ ਸਿੰਚਾਈ ਪ੍ਰਬੰਧ ਹੋਣ ਦੇ ਬਾਅਦ ਵੀ ਇਸ ਦੇਸ਼ ਦੇ ਕਿਰਤੀ ਲੋਕ ਇੰਨੀ ਪੈਦਾਵਾਰ ਅੱਜ ਵੀ ਕਰ ਲੈਂਦੇ ਹਨ ਕਿ ਹਰੇਕ ਵਿਅਕਤੀ ਤੱਕ ਸੰਤੁਲਿਤ ਪੋਸ਼ਟਿਕ ਅੰਨ ਦੀ ਜ਼ਰੂਰੀ ਮਾਤਰਾ ਪੁਚਾਈ ਜਾ ਸਕੇ। ਇਸ ਕਰਕੇ ਅੰਨ ਦੀ ਘਾਟ ਨੂੰ ਲੈ ਕੇ ਸਰਕਾਰ ਦੁਆਰਾ ਮਚਾਈ ਜਾਣ ਵਾਲ਼ੀ ਹਾਇ-ਬੂ ਬੇਕਾਰ ਹੈ।

ਅੰਨ ਅਤੇ ਨਾਗਰਿਕ ਸਪਲਾਈ ਨੂੰ ਜ਼ਰੂਰੀ ਬਣਾਉਣ ਲਈ ਬਣਾਏ ਗਏ 'ਜ਼ਰੂਰੀ ਵਸਤੂ ਧਾਰਾ-1955' ਜਿਸ ਵਿੱਚ ਚੀਜ਼ਾਂ ਦੀ ਪੂਰਤੀ ਬਣਾਈ ਰੱਖਣ ਲਈ ਕਾਲਾਬਜ਼ਾਰੀ, ਜਮ੍ਹਾਂਖੋਰੀ, ਬੇਈਮਾਨੀ ਅਤੇ ਵਪਾਰੀਆਂ ਦੀ ਲੁੱਟ ਤੋਂ ਖਹਿੜਾ ਛੁਡਾਉਣ ਲਈ ਜਿਹੜੇ ਨਿਯਮ ਬਣਾਏ ਗਏ ਸਨ, ਤਕਰੀਬਨ ਸਾਰੇ ਰਾਜਾਂ 'ਚੋਂ ਉਨ੍ਹਾਂ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਸਾਰੇ ਰਾਜਾਂ 'ਚ ਅੰਨ ਸਟੋਰ ਕਰਨ, ਇੱਕ ਥਾਂ ਤੋਂ ਦੂਜੀ ਥਾਂ 'ਤੇ ਭੇਜਣ ਸਬੰਧੀ ਨਿਯਮਾਂ ਅਤੇ ਧਾਰਾਵਾਂ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਅੰਨ ਦੇ ਖੇਤਰਾਂ 'ਚ ਵਾਇਦਾ ਕਾਰੋਬਾਰਾਂ ਨੂੰ ਕਨੂੰਨੀ ਲਬਾਦੇ 'ਚ ਲਪੇਟ ਦਿੱਤਾ ਗਿਆ ਹੈ। ਸਾਲ 1989 'ਚ ਜ਼ਰੂਰੀ ਚੀਜ਼ਾਂ ਦੀ ਸੂਚੀ 'ਚ 70 ਚੀਜ਼ਾਂ ਸ਼ਾਮਲ ਸਨ। ਅੱਜ ਉਦਾਰੀਕਰਨ ਅਤੇ ਨਿੱਜੀਕਰਨ ਦੀ ਦਾਬ ਹੇਠ ਸਰਮਾਏ ਦੀ ਲੁੱਟ ਅਧੀਨ ਸਿਰਫ਼ 7 ਚੀਜ਼ਾਂ ਬਚੀਆਂ ਹਨ। ਅੱਜ ਸਰਮਾਏਦਾਰੀ ਮੁਨਾਫ਼ੇ ਦੀ ਲੁੱਟ ਸਨਅਤੀ ਖੇਤਰਾਂ ਦੇ ਨਾਲ਼ ਖੇਤੀ ਖੇਤਰ ਵਿੱਚ ਵੀ ਨੰਗਾ ਨਾਚ ਕਰ ਰਹੀ ਹੈ। ਜਮ੍ਹਾਂਖੋਰੀ, ਸੱਟੇਬਾਜ਼ੀ, ਅੰਨ ਮੰਡੀ ਦਾ ਨਿਯਮ-ਰਹਿਤ ਹੋਣਾ ਵਧਦੀਆਂ ਕੀਮਤਾਂ ਲਈ ਜ਼ਿੰਮੇਵਾਰ ਹੈ। 2010 ਦੇ ਅੰਕੜੇ ਅਨੁਸਾਰ ਭਾਰਤ ਸਰਕਾਰ ਦੇ ਬਫ਼ਰ-ਮਾਪਦੰਡ 'ਚ ਕਣਕ ਦਾ ਘੱਟੋ-ਘੱਟ ਮਾਪਦੰਡ 82 ਲੱਖ ਟਨ ਤੋਂ ਜ਼ਿਆਦਾ 230.02 ਲੱਖ ਟਨ ਸੀ ਅਤੇ ਚੌਲਾਂ ਦਾ ਘੱਟੋ-ਘੱਟ ਮਾਪਦੰਡ 118 ਲੱਖ ਟਨ ਦੀ ਥਾਂ 234.53 ਲੱਖ ਟਨ ਸੀ। ਕੁੱਲ ਘੱਟੋ-ਘੱਟ ਬਫ਼ਰ-ਮਾਪਦੰਡ 200 ਲੱਖ ਟਨ ਦੀ ਥਾਂ 474.45 ਲੱਖ ਟਨ ਬਫ਼ਰ-ਸਟਾਕ ਮੌਜੂਦ ਸੀ। ਪਰ ਕੀਮਤਾਂ 'ਤੇ ਕਾਬੂ ਰੱਖਣ ਲਈ ਉਨ੍ਹਾਂ ਨੂੰ ਮੰਡੀ 'ਚ ਨਹੀਂ ਲਿਆਂਦਾ ਗਿਆ। ਕਿਉਂਕਿ ਜੇ ਇਹ ਅੰਨ ਮੰਡੀ 'ਚ ਆ ਜਾਂਦਾ ਤਾਂ ਕੀਮਤਾਂ ਡਿੱਗ ਜਾਂਦੀਆਂ ਅਤੇ ਸਰਮਾਏਦਾਰਾਂ ਦਾ ਮੁਨਾਫ਼ਾ ਮਰ ਜਾਂਦਾ।

ਜੇ ਸੱਚਾਈਆਂ 'ਤੇ ਹੋਰ ਡੂੰਘੀ ਨਜ਼ਰ ਮਾਰੀ ਜਾਵੇ ਤਾਂ ਅਸਲ 'ਚ ਅੰਨ ਸੁਰੱਖਿਆ ਮੁਹੱਈਆ ਕਰਾਉਣਾ ਸਰਕਾਰ ਦਾ ਮਨੋਰਥ ਹੈ ਹੀ ਨਹੀਂ। ਜਿਵੇਂ ਨਰੇਗਾ ਨੇ ਯੂ. ਪੀ. ਏ. ਸਰਕਾਰ ਨੂੰ ਇੱਕ ਕਾਰਜਕਾਲ ਦੀ ਸੁਗਾਤ ਦੇ ਦਿੱਤੀ, ਉਸੇ ਤਰ੍ਹਾਂ ਯੂ. ਪੀ. ਏ. ਦੀ ਸਰਕਾਰ ਅੰਨ ਸੁਰੱਖਿਆ ਕਨੂੰਨ ਦੇ ਨਵੇਂ ਢੰਗ ਨਾਲ਼ ਇੱਕ ਹੋਰ ਕਾਰਜ-ਕਾਲ ਜਿੱਤਣਾ ਚਾਹੁੰਦੀ ਹੈ। ਇਸ ਤੋਂ ਲੋਕਾਂ ਨੂੰ ਕੁਝ ਨਹੀਂ ਮਿਲਣ ਲੱਗਾ, ਉਲ਼ਟਾ ਉਸ ਕੋਲ ਜੋ ਵੀ ਹੈ ਉਹ ਵੀ ਖੋਹ ਲਿਆ ਜਾਵੇਗਾ।•

(ਪੰਨਾ 25 ਦਾ ਬਾਕੀ ਹਿੱਸਾ)

ਜਾਂਦੇ ਹਨ ਅਤੇ ਪੀਣ ਲਈ ਵੀ ਵਰਤਿਆ ਜਾਂਦਾ ਹੈ।

ਹੁਣ ਬਾਗ ਅਤੇ ਮਜ਼ਦੂਰਾਂ ਦੀ ਹਾਲਤ 'ਤੇ ਕੋਈ ਫੈਸਲਾ ਲੈਣ ਲਈ ਇੱਕ ਤੋਂ ਬਾਅਦ ਇੱਕ ਮੀਟਿੰਗ ਹੋ ਰਹੀ ਹੈ, ਪਰ ਕੋਈ ਹੱਲ ਨਹੀਂ ਹੋ ਰਿਹਾ ਹੈ। ਜਨਵਰੀ 2012 'ਚ ਕਾਚਰ ਦੇ ਡੀ. ਸੀ. ਨੇ ਮੀਟਿੰਗ 'ਚ ਤੈਅ ਕੀਤਾ ਕਿ 23 ਜਨਵਰੀ ਨੂੰ ਬਾਗ ਖੋਲ੍ਹ ਦਿੱਤਾ ਜਾਵੇਗਾ, ਪਰ ਅਜਿਹਾ ਨਹੀਂ ਹੋਇਆ। ਉਸ ਤੋਂ ਬਾਅਦ 25 ਜਨਵਰੀ, 2012 ਨੂੰ ਇੱਕ ਹੋਰ ਮੀਟਿੰਗ ਹੋਈ, ਜਿਸ 'ਚ ਏ. ਡੀ. ਸੀ., ਸਹਾਇਕ ਲੇਬਰ ਕਮਿਸ਼ਨਰ, ਐਮ. ਐਲ. ਏ., ਬਰਾਕ ਚਾਹ ਕਿਰਤੀ ਯੂਨੀਅਨ ਦੇ ਸੈਕਟਰੀ ਅਤੇ ਬਾਗ ਦੇ ਸਹਾਇਕ ਮੈਨੇਜਰ ਸ਼ਾਮਲ ਹੋਏ। ਇਸ ਮੀਟਿੰਗ 'ਚ ਤੈਅ ਹੋਇਆ ਕਿ ਲਕਖੀਪੁਰ ਸਬ ਡਿਵੀਜਨ ਦੇ ਐਸ. ਡੀ. ਓ. ਦੇ ਨਿਰਦੇਸ਼ਾਂ ਹੇਠ ਇੱਕ ਕਮੇਟੀ ਬਣਾਈ ਜਾਵੇਗੀ, ਜਿਹੜੀ ਬਾਗ ਦਾ ਮਾਮਲਾ ਹਲ ਕਰੇਗੀ। ਹੁਣ ਮਜ਼ਦੂਰ ਮੌਤ ਦੇ ਮੁਹਾਣੇ 'ਤੇ ਬੈਠ ਕੇ ਭਵਿੱਖ ਦੀ ਉਮੀਦ 'ਚ ਭੁੱਖ ਨਾਲ਼ ਦਮ ਤੋੜ ਰਹੇ ਹਨ।

ਬਾਗਾਂ ਦੇ ਮਜ਼ਦੂਰਾਂ ਦੇ ਦਰਦ ਨੂੰ ਸਮਝਣਾ ਕਿਸੇ ਕਿਰਤੀ ਲਈ ਮੁਸ਼ਕਲ ਨਹੀਂ ਹੈ, ਕਿਉਂਕਿ ਹਰ ਥਾਂ ਮਜ਼ਦੂਰ ਲਗਭਗ ਅਜਿਹੀਆਂ ਹੀ ਹਾਲਤਾਂ 'ਚ ਹਨ।

ਪਰ ਅਸਾਮ ਦੇ ਮਜ਼ਦੂਰਾਂ ਦੀ ਦਾਸਤਾਨ ਸਾਡੇ ਦਿਲਾਂ 'ਚ ਸਿਰਫ਼ ਦਰਦ ਬਣ ਕੇ ਨਾ ਰਹਿ ਜਾਵੇ। ਸਾਨੂੰ ਇਸ ਦਰਦ ਨੂੰ ਪਕਾ ਕੇ ਇਸ ਢਾਂਚੇ ਵਿਰੁੱਧ ਵਿਰੋਧ 'ਚ ਬਦਲਣਾ ਹੋਵੇਗਾ। ਅਤੇ ਸਾਰੇ ਕਿਰਤੀਆਂ ਦੀ ਫੌਲਾਦੀ ਏਕਤਾ ਕਾਇਮ ਕਰਕੇ, ਇਸ ਹੱਤਿਆਰੀ, ਅਣਮਨੁੱਖੀ ਢਾਂਚੇ ਨੂੰ ਤਹਸ-ਨਹਸ ਕਰ ਦੇਣਾ ਹੋਵੇਗਾ।•

ਸਮਕਾਲ

ਕੌਮੀ ਪੇਂਡੂ ਸਿਹਤ ਮਿਸ਼ਨ ਘਪਲ਼ਾ

ਭ੍ਰਿਸ਼ਟ ਢਾਂਚੇ ਦਾ ਇੱਕ ਹੋਰ ਕਾਰਨਾਮਾ...

• **ਲਖਵਿੰਦਰ**

ਦੇਸ਼ ਦੇ ਗਰੀਬਾਂ ਦੀ ਸਿਹਤ ਨਾਲ਼ ਖੇਡਣਾ ਲਗਾਤਾਰ ਜਾਰੀ ਹੈ। ਗਰੀਬ ਲੋਕ ਜਿੱਥੇ ਕੰਮ ਅਤੇ ਰਿਹਾਇਸ਼ ਦੀਆਂ ਭੈੜੀਆਂ ਹਾਲਤਾਂ, ਪੋਸ਼ਟਿਕ ਖੁਰਾਕ ਅਤੇ ਅਰਾਮ ਨਾ ਮਿਲਣ ਕਾਰਣ ਸਿਹਤ ਸਬੰਧੀ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ ਉੱਥੇ ਰੋਗਾਂ ਦੇ ਇਲਾਜ ਲਈ ਜ਼ਰੂਰੀ ਸਹੂਲਤਾਂ ਤੱਕ ਪਹੁੰਚ ਨਾ ਹੋਣ ਕਾਰਨ ਉਹਨਾਂ ਨੂੰ ਹੋਰ ਵੀ ਗੰਭੀਰ ਹਾਲਤ ਵਿੱਚ ਧੱਕ ਦਿੱਤਾ ਹੈ। ਮੁਨਾਫ਼ਾਖੋਰ ਸਰਮਾਏਦਾਰਾ ਢਾਂਚੇ ਤੋਂ ਹੋਰ ਆਸ ਵੀ ਕੀ ਕੀਤੀ ਜਾ ਸਕਦੀ ਹੈ। ਜੋ ਢਾਂਚਾ ਹੀ ਲਾਇਲਾਜ ਰੋਗਾਂ ਨਾਲ਼ ਗ੍ਰਸਿਆ ਹੋਵੇ ਉਹ ਲੋਕਾਂ ਦੇ ਰੋਗ ਕਿਵੇਂ ਦੂਰ ਕਰ ਸਕਦਾ ਹੈ? ਇਹ ਗੱਲ ਇਸ ਢਾਂਚੇ ਦਾ ਜੀਵਨ ਰੱਖਿਅਕਾਂ (ਯਾਨੀ ਸਰਕਾਰਾਂ) ਨੂੰ ਵੀ ਪਤਾ ਹੈ। ਪਰ ਉਹ ਕਦੇ ਵੀ ਲੋਕਾਂ ਵਿੱਚ ਢਾਂਚੇ ਪ੍ਰਤੀ ਝੂਠੀਆਂ ਆਸਾਂ ਪੈਦਾ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ ਤੋਂ ਬਾਜ ਨਹੀਂ ਆਉਂਦੇ। ਸੰਨ 2005 ਵਿੱਚ ਦੇਸ਼ ਦੇ ਮੁੱਖ ਤੌਰ 'ਤੇ ਅਠਾਰ੍ਹਾਂ ਸੂਬਿਆਂ ਵਿੱਚ ਸ਼ੁਰੂ ਕੀਤਾ ਗਿਆ ਕੌਮੀ ਪੇਂਡੂ ਸਿਹਤ ਮਿਸ਼ਨ (ਐਨ. ਆਰ. ਐਚ. ਐਮ.) ਭਾਰਤ ਦੇ ਸਰਮਾਏਦਾਰ ਹਾਕਮਾਂ ਦੀ ਲੋਕਾਂ ਨੂੰ ਭਰਮਗ੍ਰਸਤ ਕਰਨ ਦੀ ਅਜਿਹੀ ਹੀ ਵੱਡੀ ਯੋਜਨਾ ਸੀ। ਪਰ ਅਫਸੋਸ! ਉਹਨਾਂ ਦੀ ਇਹ ਯੋਜਨਾ ਢਾਂਚੇ ਦੇ ਇੱਕ ਲਾਇਲਾਜ ਰੋਗ – ਭਾਵ ਭ੍ਰਿਸ਼ਟਾਚਾਰ – ਦੀ ਬਲ਼ੀ ਚੜ੍ਹ ਗਈ।

ਕੇਂਦਰ ਸਰਕਾਰ ਦੇ ਸਿਹਤ ਮੰਤਰਾਲੇ ਦੁਆਰਾ ਸੰਚਾਲਤ ਕੌਮੀ ਪੇਂਡੂ ਸਿਹਤ ਮਿਸ਼ਨ ਨੂੰ ਸ਼ੁਰੂ ਕਰਨ ਵੇਲੇ ਇਹ ਦਾਅਵਾ ਕੀਤਾ ਗਿਆ ਸੀ ਕਿ ਪੇਂਡੂ ਭਾਰਤ ਵਿੱਚ ਸਿਹਤ ਸਹੂਲਤਾਂ ਦੀ ਪਹੁੰਚ ਨੂੰ ਬਿਹਤਰ ਬਣਾਇਆ ਜਾਵੇਗਾ। ਇਸਦੇ ਲਈ "ਆਸ਼ਾ", "ਜਨਨੀ ਸੁਰੱਖਿਆ ਯੋਜਨਾ", ਬੱਚਿਆਂ ਦੇ ਟੀਕਾਕਰਣ, ਗਰੀਬਾਂ ਨੂੰ ਦਵਾਈਆਂ ਦੀ ਪੂਰਤੀ, ਸਿਹਤ ਪ੍ਰਤੀ ਲੋਕਾਂ ਨੂੰ ਚੇਤੰਨ ਕਰਨ ਜਿਹੀਆਂ ਕਈ ਯੋਜਨਾਵਾਂ ਪੇਸ਼ ਕੀਤੀਆਂ ਗਈਆਂ। ਐਨ. ਆਰ. ਐਚ. ਐਮ. ਤਹਿਤ ਹਾਈਜੀਨ ਅਤੇ ਸੈਨੀਟੇਸ਼ਨ ਇਨਫ੍ਰਾਸਟ੍ਰਕਚਰ ਨੂੰ ਬਿਹਤਰ ਬਣਾਉਣ ਦੇ ਵੱਡੇ-ਵੱਡੇ ਦਾਅਵੇ ਵੀ ਪੇਸ਼ ਕੀਤੇ ਗਏ। ਕਈ ਵੱਡੇ ਪੂੰਜੀਵਾਦੀ ਅਰਥਸ਼ਾਸਤਰੀਆਂ ਨੇ ਇਸ ਯੋਜਨਾਂ ਦੀ ਭਰਪੂਰ ਮਹਿੰਮਾ ਗਾਈ ਅਤੇ ਇਸ ਨੂੰ ਹੁਣ ਤੱਕ ਦੀ ਸਭ ਤੋਂ ਵੱਡੀ ਪੇਂਡੂ ਸਿਹਤ ਪਹਿਲਕਦਮੀ ਕਿਹਾ। ਇਹ ਮਿਸ਼ਨ ਮੁੱਖ ਤੌਰ 'ਤੇ ਅਠਾਰ੍ਹਾਂ ਸੂਬਿਆਂ – ਉੱਤਰ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਅਸਾਮ, ਬਿਹਾਰ, ਛੱਤੀਸਗੜ੍ਹ, ਹਿਮਾਚਲ ਪ੍ਰਦੇਸ਼, ਝਾਰਖੰਡ, ਜੰਮੂ ਕਸ਼ਮੀਰ, ਮਨੀਪੁਰ, ਮਿਜ਼ੋਰਮ, ਮੇਘਾਲਿਆ, ਮੱਧ ਪ੍ਰਦੇਸ਼, ਨਾਗਾਲੈਂਡ, ਉੜੀਸਾ, ਰਾਜਸਥਾਨ, ਸਿੱਕਿਮ, ਤ੍ਰਿਪੁਰਾ ਅਤੇ ਉੱਤਰਾਖੰਡ ਵਿੱਚ ਸ਼ੁਰੂ ਕੀਤਾ ਗਿਆ। ਉਸ ਯੋਜਨਾ ਦੇ ਖਰਚ ਦਾ 85 ਫੀਸਦੀ ਕੇਂਦਰ ਅਤੇ 15 ਫੀਸਦੀ ਸੂਬਾ ਸਰਕਾਰ ਨੇ ਚੁੱਕਣਾ ਹੁੰਦਾ ਹੈ।

ਇਸ ਮਿਸ਼ਨ ਤਹਿਤ ਸਭ ਤੋਂ ਵੱਡਾ ਪ੍ਰੋਗਰਾਮ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਲਈ ਉਲੀਕਿਆ ਗਿਆ। ਭਾਂਵੇ ਬਾਕੀ ਸੂਬਿਆਂ ਵਿੱਚ ਵੀ ਐਨ. ਆਰ. ਐਚ. ਐਮ. ਭ੍ਰਿਸ਼ਟਾਚਾਰ ਤੋਂ ਅਣਛੂਹਿਆ ਨਹੀਂ ਰਿਹਾ ਪਰ ਉੱਤਰ ਪ੍ਰਦੇਸ਼ ਵਿੱਚ ਇਹ ਮਿਸ਼ਨ ਮਹਾਂਘਪਲ਼ੇ ਦਾ ਸ਼ਿਕਾਰ ਹੋ ਚੁੱਕਾ ਹੈ। 2005 ਤੋਂ ਲੈ ਕੇ 2011 ਵਿਚਕਾਰ ਉੱਤਰ ਪ੍ਰਦੇਸ਼ ਲਈ 8,657 ਕਰੋੜ ਰੁਪਏ ਜਾਰੀ ਹੋਏ। ਉੱਤਰ ਪ੍ਰਦੇਸ਼ ਦੇ ਉੱਚ ਸਿਹਤ ਅਧਿਕਾਰੀਆਂ – ਦੋ ਚੀਫ਼ ਮੈਡੀਕਲ ਅਫ਼ਸਰਾਂ – ਦੇ ਲਖਨਊ ਵਿੱਚ ਹੋਏ ਕਤਲਾਂ ਤੋਂ ਬਾਅਦ ਇਸ ਧਨ ਦੇ ਵੱਡੇ ਹਿੱਸੇ ਦਾ ਘਪਲ਼ਾ ਰੋਸ਼ਨੀ 'ਚ ਆਇਆ। ਡਾ. ਵਿਨੋਦ ਆਰਿਆ ਦੀ ਅਕਤੂਬਰ 2010 ਅਤੇ ਡਾ. ਬੀ. ਪੀ. ਸਿੰਘ ਦੀ ਅਪ੍ਰੈਲ 2011 ਵਿੱਚ ਮੋਟਰ ਸਾਈਕਲ ਸਵਾਰਾਂ ਨੇ ਇੱਕੋਂ ਹੀ ਹਥਿਆਰ ਨਾਲ ਕਤਲ ਕਰ ਦਿੱਤਾ ਸੀ। ਘਪਲੇ ਦੀ ਅਸਲ ਤਸਵੀਰ ਤਾਂ ਅਜੇ ਵੀ ਸਾਹਮਣੇ ਆਉਣੀ ਬਾਕੀ ਹੈ ਪਰ ਮੁੱਢਲੀ ਜਾਂਚ-ਪੜਤਾਲ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਜਾਰੀ ਹੋਏ ਕੁਲ 8,657 ਕਰੋੜ 'ਚੋਂ 5,700 ਕਰੋੜ ਰੁਪਏ ਦਾ ਸਿੱਧਾ-ਸਿੱਧਾ ਘਪਲ਼ਾ ਕੀਤਾ ਗਿਆ ਹੈ। ਜੋ ਪੈਸਾ ਗਰੀਬਾਂ ਦੇ ਦਵਾ-ਇਲਾਜ, ਬਿਮਾਰੀਆਂ ਦੀ ਰੋਕਥਾਮ ਲਈ ਜਾਰੀ ਹੋਇਆ ਸੀ ਉਹ ਲੀਡਰਾਂ, ਸਰਕਾਰੀ ਅਧਿਕਾਰੀਆਂ, ਡਾਕਟਰਾਂ, ਠੇਕੇਦਾਰਾਂ ਦੀਆਂ ਜੇਬਾਂ ਵਿੱਚ ਚਲਾ ਗਿਆ। ਇਹਨਾਂ ਨੇ ਲੋਕਾਂ ਦਾ ਪੈਸਾ ਜਾਅਲੀ ਬਿਲ ਬਣਾਕੇ ਆਪਸ 'ਚ ਵੰਡ ਲਿਆ। ਐਨ. ਆਰ. ਐਚ. ਐਮ. ਤਹਿਤ ਮੋਬਾਈਲ ਮੈਡੀਕਲ ਗੱਡੀਆਂ, ਹਸਪਤਾਲਾਂ-ਡਿਸਪੈਂਸਰੀਆਂ ਦੀ ਉਸਾਰੀ, ਸਾਫ਼ ਪੀਣ ਵਾਲ਼ਾ ਪਾਣੀ, ਕੂੜੇ-ਕਰਕਟ ਦੀ ਸਫ਼ਾਈ ਅਤੇ ਹੋਰ ਕੰਮਾਂ ਵਿੱਚ ਠੇਕੇ ਦੇਣ ਵਿੱਚ ਵੱਡੀਆਂ ਗੜਬੜਾਂ ਕੀਤੀਆਂ ਗਈਆਂ। ਕਈ ਉਸਾਰੀ ਏਜੰਸੀਆਂ ਨਾਲ਼ ਕੋਈ ਰਸਮੀ ਸਮਝੌਤਾ ਤੱਕ ਨਹੀਂ ਕੀਤਾ ਗਿਆ ਸੈਂਕੜੇਂ ਕਰੋੜ ਰੁਪਏ ਦਾ ਪਹਿਲਾਂ ਹੀ ਭੁਗਤਾਨ ਕਰ ਦਿੱਤਾ ਗਿਆ। ਸਿਹਤ ਅਤੇ ਇਲਾਜ ਬਾਰੇ ਚੇਤਨਾ ਪੈਦਾ ਕਰਨ ਲਈ ਪੇਸ਼ ਕੀਤੇ ਗਏ ਪ੍ਰੋਗਰਾਮਾਂ ਤਹਿਤ ਪ੍ਰਚਾਰ-ਪ੍ਰਸਾਰ ਅਤੇ ਸਿਹਤ ਸਹੂਲਤਾਂ ਪਹੁੰਚਾਉਣ ਤਹਿਤ ਵਾਹਨਾਂ ਦਾ ਝੂਠ-ਮੂਠ ਹੀ ਕੀਤੀ ਗਈ ਵਰਤੋਂ ਵਿਖਾਕੇ ਜਾਅਲੀ ਭੁਗਤਾਨ, ਇਲਾਜ ਕੇਂਦਰਾਂ ਵਿੱਚ ਜਨਰੇਟਰਾਂ ਦੇ ਡੀਜਲ ਦੇ ਜਾਅਲੀ ਭੁਗਤਾਨ, ਕਰਮੀਆਂ ਦੀ ਅਸਲ ਸੰਖਿਆਂ ਤੋਂ ਵੱਧ ਸੰਖਿਆ ਦਿਖਾਕੇ, ਦਵਾਈਆਂ ਅਤੇ ਮੈਡੀਕਲ ਉਪਕਰਨਾਂ ਦੇ ਜਾਅਲੀ ਭੁਗਤਾਨ, ਜਨਨੀ ਸੁਰੱਖਿਆ ਯੋਜਨਾ ਤਹਿਤ ਜਾਅਲੀ ਭੁਗਤਾਨ ਆਦਿ ਅਨੇਕਾਂ ਜਾਅਲੀ ਭੁਗਤਾਨਾਂ ਜ਼ਰੀਏ ਹਜਾਰਾਂ ਕਰੋੜ ਰੁਪਏ ਸਿਆਸਤਦਾਨਾਂ, ਸਰਕਾਰੀ ਅਧਿਕਾਰੀਆਂ, ਡਾਕਟਰਾਂ, ਠੇਕੇਦਾਰਾਂ ਆਦਿ ਨੇ ਡਕਾਰ ਲਿਆ। ਜੇਕਰ ਇਹ ਪੈਸਾ ਅਸਲ ਵਿੱਚ ਸਹੀ ਢੰਗ ਨਾਲ਼ ਖਰਚ ਕੀਤਾ ਜਾਂਦਾ ਤਾਂ ਲੋਕਾਂ ਨੂੰ ਕੁਝ ਫਾਇਦਾ ਤਾਂ ਹਾਸਲ ਹੋਣਾ ਹੀ ਸੀ। ਪਰ ਜਦੋਂ ਇੱਕ ਪਾਸੇ ਲੋਕ ਦਿਮਾਗੀ ਬੁਖ਼ਾਰ, ਟੀ. ਬੀ., ਮਲੇਰੀਆ, ਡੇਂਗੂ ਜਿਹੀਆਂ ਬਿਮਾਰੀਆਂ ਨਾਲ਼ ਮਰ ਰਹੇ ਸਨ ਉਸ ਸਮੇਂ ਇਹ ਭ੍ਰਿਸ਼ਟਾਚਾਰੀ ਅੱਯਾਸ਼ੀ ਨਾਲ਼ ਲੋਕਾਂ ਦਾ ਪੈਸਾ

ਹੜੱਪ ਰਹੇ ਸਨ।

ਉੱਤਰ ਪ੍ਰਦੇਸ਼ ਦੀਆਂ ਚੋਣਾਂ ਵਿੱਚ ਸਾਰੀਆਂ ਰਾਜਸੀ ਪਾਰਟੀਆਂ ਨੇ ਇਸ ਮੁੱਦੇ ਦਾ ਫਾਇਦਾ ਲੈਣ ਦੀ ਕੋਸ਼ਿਸ਼ ਕੀਤੀ ਹੈ। ਮਾਇਆਵਤੀ ਸਰਕਾਰ ’ਤੇ ਸਾਰੀਆਂ ਵਿਰੋਧੀ ਪਾਰਟੀਆਂ ਨੇ ਇਸ ਘਪਲ਼ੇ ਦਾ ਦੋਸ਼ ਲਾਇਆ। ਬਸਪਾ ਨੇ ਇਸ ਘਪਲ਼ੇ ਦਾ ਠੀਕਰਾ ਕਾਂਗਰਸ ਅਤੇ ਸਪਾ ਦੇ ਸਿਰ ਭੰਨਿਆ। ਪਰ ਕਹਿਣ ਦੀ ਲੋੜ ਨਹੀਂ ਕਿ ਇਸ ਹਮਾਮ ਵਿੱਚ ਇਹ ਸਭ ਨੰਗੇ ਹਨ। ਇਹ ਘੋਟਾਲਾ ਕਿਸੇ ਇੱਕ ਪੂੰਜੀਵਾਦੀ ਪਾਰਟੀ ਦੇ ਲੀਡਰਾਂ ਦਾ ਅਪਰਾਧ ਨਹੀਂ ਹੈ ਸਗੋਂ ਹੁਣ ਭਾਂਡਾ ਭੰਨੇ ਜਾਣ ਤੋਂ ਬਾਅਦ ਇੱਕ ਦੂਜੇ ’ਤੇ ਗਾਲ਼ਾ ਦੀ ਬਾਛੜ ਕਰ ਰਹੀਆਂ ਸਾਰੀਆਂ ਪਾਰਟੀਆਂ ਦੇ ਲੀਡਰ ਸਾਹਿਬਾਨ ਅਤੇ ਇਹਨਾਂ ਨਾਲ਼ ਜੁੜੇ ਠੇਕੇਦਾਰ ਗਿਰੋਹ ਇਸ ਖ਼ੂਨੀ ਘਪਲ਼ੇ ਨਾਲ਼ ਕਿਸੇ ਨਾ ਕਿਸੇ ਰੂਪ ਵਿੱਚ ਜੁੜੇ ਹੋਏ ਹਨ।

ਘਪਲ਼ੇ ਦੀ ਜਾਂਚ ਸੀ.ਬੀ.ਆਈ. ਕਰ ਰਹੀ ਹੈ। ਇਸ ਜਾਂਚ ਦਾ ਹਾਲ ਕੀ ਹੋਵੇਗਾ ਇਹ ਸਾਰੇ ਜਾਣਦੇ ਹਨ। ਪਰ ਜਦੋਂ ਤੋਂ ਇਹ ਜਾਂਚ ਸ਼ੁਰੂ ਹੋਈ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਇਸ ਘਪਲੇ ਨਾਲ਼ ਸਬੰਧਤ ਸੱਤ ਹੋਰ ਕਤਲ ਹੋ ਚੁੱਕੇ ਹਨ। ਡਿਪਟੀ-ਸੀ.ਐਮ.ਓ. ਵਾਈ. ਐਸ. ਸਚਾਨ ਜਿਸਨੂੰ ਉਪਰੋਕਤ ਚੀਫ਼ ਮੈਡੀਕਲ ਅਫ਼ਸਰਾਂ ਦੇ ਕਤਲਾਂ ਦੇ ਦੋਸ਼ ਵਿੱਚ ਜੇਲ੍ਹ ’ਚ ਬੰਦ ਕੀਤੀ ਗਿਆ ਸੀ, ਦਾ ਜੇਲ੍ਹ ’ਚ ਹੀ ਕਤਲ ਕਰ ਦਿੱਤਾ ਗਿਆ। ਲੰਘੀ ਸੱਤ ਫਰਵਰੀ ਨੂੰ ਇਸ ਘਪਲ਼ੇ ਨਾਲ਼ ਸਬੰਧਤ ਨੌਵਾਂ ਕਤਲ ਹੋਇਆ। ਲਖਮੀਪੁਰ ਖੀਰਾ ਦੇ ਪਸਗਾਂਵ ਹੈਲਥ ਸੈਂਟਰ ’ਚ ਐਨ. ਆਰ. ਐਚ. ਐਮ. ਦੇ ਇੱਕ ਕਲਰਕ ਮਹੇਂਦਰ ਸ਼ਰਮਾ ਦੀ ਲਾਸ਼ ਮਿਲੀ। ਕਿਹਾ ਜਾ ਰਿਹਾ ਹੈ ਕਿ ਉਸ ਕੋਲ ਘਪਲ਼ੇ ਨਾਲ਼ ਸਬੰਧਤ ਦਸਤਾਵੇਜ ਸਨ ਜੋ ਉਹ ਸੀ. ਬੀ. ਆਈ. ਨੂੰ ਸੌਂਪ ਸਕਦਾ ਸੀ।

ਇਹ ਘਪਲ਼ਾ ਅਤੇ ਇਸ ਨਾਲ਼ ਸਬੰਧਤ ਕਤਲਾਂ ਦਾ ਇਹ ਘਟਨਾਕ੍ਰਮ ਮੌਜੂਦਾ ਢਾਂਚੇ ’ਚ ਗਰੀਬ ਲੋਕਾਂ ਦੀ ਸਿਹਤ ਨਾਲ਼ ਖੇਡਣ, ਢਾਂਚੇ ’ਚ ਫੈਲੇ ਭ੍ਰਿਸ਼ਟਾਚਾਰ ਅਤੇ ਇਸਦੇ ਹੋ ਚੁੱਕੇ ਅਪਰਾਧੀਕਰਨ ਦੀ ਪ੍ਰਤੀਨਿਧ ਉਦਾਹਰਣ ਹੈ।•

ਭੁੱਖ ਨਾਲ਼ ਮਰਦੇ ਅਸਾਮ ਦੇ ਚਾਹ ਬਾਗਾਂ ਦੇ ਮਜ਼ਦੂਰ

• ਨਮਿਤਾ

ਅਸਾਮ ਦੇ 3000 ਚਾਹ ਬਾਗਾਨ ਮਜ਼ਦੂਰ ਅਤੇ ਉਹਨਾਂ ਦੇ ਪਰਿਵਾਰ ਬਾਗਾਂ ਦੇ ਪ੍ਰਬੰਧਕਾਂ ਅਤੇ ਸਰਕਾਰੀ ਢਾਂਚੇ ਦੇ ਭਿਆਨਕ ਲੁੱਟ-ਦਾਬੇ ਕਰਕੇ ਲਗਾਤਾਰ ਭੁੱਖਮਰੀ ਦੇ ਕੰਢੇ ’ਤੇ ਖੜ੍ਹੇ ਹਨ। ਬਰਾਕ ਮਨੁੱਖੀ ਅਧਿਕਾਰ ਸੁਰੱਖਿਆ ਕਮੇਟੀ ਦੀ ਰਿਪੋਰਟ ਅਨੁਸਾਰ ਹੁਣ ਤੱਕ 11 ਮਜ਼ਦੂਰਾਂ ਦੀ ਮੌਤ ਭੁੱਖ, ਕੁਪੋਸ਼ਣ ਅਤੇ ਜ਼ਰੂਰੀ ਦਵਾ-ਦਾਰੂ ਦੀ ਥੁੜ੍ਹ ਕਾਰਨ ਹੋ ਚੁੱਕੀ ਹੈ।

ਇਹ ਬਾਗ ਅਸਾਮ ਦੇ ਕਚਾਰ ਜ਼ਿਲ੍ਹੇ ’ਚ ਭੁਵਨ ਵੈਲੀ ਚਾਹ ਬਗਾਨ ਦੇ ਨਾਂ ਨਾਲ਼ ਮਸ਼ਹੂਰ ਹੈ ਜਿਸ ਦਾ ਮਾਲਕ ਇੱਕ ਨਿੱਜੀ ਸਰਮਾਏਦਾਰ ਹੈ।

ਧਿਆਨ ਦੇਣ ਯੋਗ ਹੈ ਕਿ ਬਾਗਾਂ ਦੇ ਪ੍ਰਬੰਧਕਾਂ ਨੇ 8 ਅਕਤੂਬਰ 2011 ਨੂੰ ਯਕਮੁਸ਼ਤ ਹੀ ਬਾਗ ਨੂੰ ਬੰਦ ਕਰ ਦਿੱਤਾ ਅਤੇ ਮਜ਼ਦੂਰਾਂ ਦੀ 9 ਹਫ਼ਤੇ ਭਾਵ ਸਵਾ ਦੋ ਮਹੀਨੇ ਦੀ ਮਜ਼ਦੂਰੀ ਵੀ ਹਜ਼ਮ ਕਰ ਗਏ। ਇਸ ਤੋਂ ਬਿਨਾਂ ਗੁਜ਼ਾਰੇ ਦਾ ਕੋਈ ਹੋਰ ਪ੍ਰਬੰਧ ਕੀਤੇ ਬਿਨਾਂ ਮਜ਼ਦੂਰਾਂ ਨੂੰ ਭੁੱਖੇ ਮਰਨ ਲਈ ਛੱਡ ਦਿੱਤਾ। ਭੁੱਖ ਅਤੇ ਕੁਪੋਸ਼ਣ ਕਾਰਨ ਲਗਾਤਾਰ ਮਜ਼ਦੂਰਾਂ ਦੀ ਮੌਤ ਹੋ ਰਹੀ ਹੈ।

ਬਰਾਕ ਮਨੁੱਖੀ ਅਧਿਕਾਰ ਸੁਰੱਖਿਆ ਕਮੇਟੀ ਨੇ ਜੋ ਰਿਪੋਰਟ ਜਾਰੀ ਕੀਤੀ ਹੈ ਉਸ ਦੇ ਅੰਕੜਿਆਂ ਤੋਂ ਇੱਕ ਵਾਰ ਫੇਰ ਸਾਬਤ ਹੋ ਗਿਆ ਹੈ ਕਿ ਸਰਮਾਏਦਾਰਾਂ ਦੀਆਂ ਨਜ਼ਰਾਂ ’ਚ ਮਜ਼ਦੂਰਾਂ ਦੀ ਜ਼ਿੰਦਗੀ ਦਾ ਕੋਈ ਮੁੱਲ ਨਹੀਂ।

ਚਾਹ ਬਾਗਾਂ ਦੇ ਸਾਰੇ ਮੌਜੂਦਾ ਅਤੇ ਪਹਿਲਾਂ ਦੇ ਮਜ਼ਦੂਰ ਆਪਣੀ ਰੋਜ਼ੀ ਰੋਟੀ ਲਈ ਚਾਹ ਦੇ ਬਾਗਾਂ ’ਤੇ ਹੀ ਨਿਰਭਰ ਹਨ। ਪੱਤੀਆਂ ਨੂੰ ਤੋੜਣ ਲਈ ਉਹਨਾਂ ਨੂੰ ਲਗਾਤਾਰ ਘੰਟਿਆਂ ਬੱਧੀ ਖੜ੍ਹੇ ਹੋ ਕੇ ਕੰਮ ਕਰਨਾ ਪੈਂਦਾ ਹੈ, ਜਿਸ ਕਰਕੇ ਜ਼ਿਆਦਾਤਰ ਮਜ਼ਦੂਰਾਂ ਦੇ ਪੈਰ੍ਹਾਂ ’ਚ ਭਿਆਨਕ ਸੋਜ਼ ਆ ਜਾਂਦੀ ਹੈ। ਅਤੇ ਇਲਾਜ ਨਾ ਕਰਵਾ ਸਕਣ ਕਾਰਨ ਇੱਕ ਸਮੇਂ ਬਾਅਦ ਪੈਰ ਬਿਲਕੁਲ ਹੀ ਨਕਾਰਾ ਹੋ ਜਾਂਦੇ ਹਨ ਅਤੇ ਉਹ ਹੋਰ ਕੋਈ ਕੰਮ ਕਰਨ ਲਾਇਕ ਨਹੀਂ ਰਹਿੰਦੇ।

ਇੱਕ ਮਜ਼ਦੂਰ, ਜਿਸ ਦਾ ਪੈਰ ਬਹੁਤ ਦੇਰ ਤੋਂ ਸੁੱਜਿਆ ਹੋਇਆ ਸੀ ਅਤੇ ਬਹੁਤ ਜ਼ਿਆਦਾ ਤਕਲੀਫ਼ ’ਚ ਸੀ ਪਰ ਫੇਰ ਵੀ ਉਹ ਕਿਸੇ ਤਰ੍ਹਾਂ ਕੰਮ ਕਰ ਰਿਹਾ ਸੀ। ਪਰ ਹੁਣ ਉਸ ਦਾ ਪੈਰ ਬਿਲਕੁਲ ਹੀ ਨਕਾਰਾ ਹੋ ਚੁੱਕਿਆ ਹੈ। ਉਹ ਇਸ ਕਾਰਨ ਹੁਣ ਬਿਸਤਰੇ ਤੋਂ ਉੱਠ ਵੀ ਨਹੀਂ ਸਕਦਾ ਤੇ ਨਾ ਹੀ ਮਜ਼ਦੂਰੀ ਕਰ ਸਕਦਾ ਹੈ। ਉਸ ਨੇ ਦੱਸਿਆ ਕਿ ਹੁਣ ਤੱਕ ਉਸ ਨੂੰ ਪ੍ਰਾਵੀਡੈਂਟ ਫੰਡ, ਗ੍ਰੇਚਉਟੀ ਅਤੇ ਬਕਾਇਆ ਮਜ਼ਦੂਰੀ ਵੀ ਨਹੀਂ ਮਿਲੀ। ਉਸ ਨੇ ਦੱਸਿਆ ਕਿ ਉਸਦੀ ਦੇਖਭਾਲ਼ ਲਈ ਕੋਈ ਨਹੀਂ ਹੈ ਅਤੇ ਨਾ ਹੀ ਉਹ ਕਿਸੇ ਨੂੰ ਰੱਖ ਸਕਦਾ ਹੈ। ਸਰਕਾਰ ਅਤੇ ਪ੍ਰਸ਼ਾਸ਼ਨ ਦੀ ਬੇਰੁਖੀ ਕਾਰਨ ਉਹ ਅੰਤਮ ਪਲਾਂ ਦਾ ਇੰਤਜ਼ਾਰ ਕਰ ਰਿਹਾ ਹੈ।

ਸਰਕਾਰ ਅਤੇ ਪ੍ਰਸ਼ਾਸ਼ਨ ਦੀ ਨਿਰੰਕੁਸ਼ ਅਤੇ ਬੇਰੁਖੀਭਰੇ ਰਵੱਈਏ ਨੂੰ ਦੱਸਦੇ ਹੋਏ ਇੱਕ ਅੱਸੀ ਸਾਲਾਂ ਮਜ਼ਦੂਰ ਕਹਿੰਦਾ ਹੈ ਕਿ ਉਹ ਅਤੇ ਉਸ ਦੀ ਨੂੰਹ ਦੋਨਾਂ ਦੇ ਪੈਰਾਂ ’ਚ ਭਿਅੰਕਰ ਸੋਜ਼ ਹੈ। ਉਹਨਾਂ ਦੀ ਨੌਕਰੀ, ਪਿਛਲਾ ਬਕਾਇਆ ਅਤੇ ਡਾਕਟਰੀ ਇਲਾਜ ਤੱਕ ਉਹਨਾਂ ਤੋਂ ਖੋਹ ਲਿਆ ਗਿਆ ਹੈ। ਉਹ ਖੁਦ, ਨੂੰਹ, ਤਿੰਨ ਕੁੜੀਆਂ ਅਤੇ ਤਿੰਨ ਪੋਤੀਆਂ ਬਹੁਤ ਦਿਨਾਂ ਤੋਂ ਅੱਧਾ ਢਿੱਡ ਭੋਜਣ ’ਤੇ ਗੁਜ਼ਾਰਾ ਕਰ ਰਹੇ ਹਨ। ਹੁਣ ਜਦ ਉਸ ਦਾ ਸਰੀਰ ਲਗਭਗ ਬੇਕਾਰ ਹੋ ਚੁੱਕਿਆ ਹੈ ਅਤੇ ਕਿਸੇ ਤਰ੍ਹਾਂ ਦਾ ਮਾਨਸਿਕ ਕੰਮ ਕਰਨ ਦੀ ਯੋਗਤਾ ਉਸ ’ਚ ਨਹੀਂ ਹੈ, ਇਸ ਲਈ ਉਸ ਦੀਆਂ ਤਿੰਨੋ ਪੋਤੀਆਂ (ਜੋ ਕਿ 12, 15 ਅਤੇ 17 ਸਾਲ ਦੀਆਂ ਹਨ) ਮਜ਼ਬੂਰੀਵਸ ਪੜ੍ਹਾਈ ਛੱਡ ਕੇ ਕਾਫ਼ੀ ਦੂਰ ਜੰਗਲ ਜਾ ਕੇ ਬਾਲਣ ਲਈ ਲਕੜਾਂ ਕੱਠੀਆਂ ਕਰਦੀਆਂ ਹਨ ਅਤੇ ਫਿਰ ਦੂਰ ਬਜ਼ਾਰ ’ਚ ਉਹਨਾਂ ਨੂੰ ਵੇਚ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦੀਆਂ ਹਨ। ਉਹ

ਮਜ਼ਦੂਰ ਅਤੇ ਉਸ ਦੀ ਨੂੰਹ ਤਾਂ ਭਿਆਨਕ ਕੋਪੁਸ਼ਣ ਕਾਰਨ ਮੌਤ ਦੇ ਕੰਢੇ ’ਤੇ ਖੜ੍ਹੇ ਹਨ।

75 ਸਾਲਾਂ ਦੀ ਮਹਿਲਾ ਮਜ਼ਦੂਰ, ਜਿਹੜੀ ਕਿ ਬਹੁਤ ਕਮਜ਼ੋਰ ਹੋ ਚੁੱਕੀ ਹੈ, ਹੁਣ ਆਪਣੇ ਆਖ਼ਰੀ ਸਾਹ ਗਿਣ ਰਹੀ ਹੈ। ਭਾਵੇਂ ਉਸ ਦਾ ਪੁੱਤਰ ਬਾਗ ’ਚ ਪੱਕੀ ਨੌਕਰੀ ਕਰਦਾ ਸੀ ਫੇਰ ਵੀ ਪਿਛਲੇ ਛੇ ਮਹੀਨਿਆਂ ਤੋਂ ਕਿਸੇ ਤਰ੍ਹਾਂ ਦਾ ਰਾਸ਼ਨ, ਦਵਾਈ ਜਾਂ ਮਜ਼ਦੂਰੀ ਨਹੀਂ ਮਿਲੀ। ਅਤੇ ਹੱਦ ਤਾਂ ਉਦੋਂ ਹੋ ਜਾਂਦੀ ਹੈ ਜਦੋਂ ਉਹਨਾਂ ਦੇ ਪਰਿਵਾਰ ਨੂੰ ਗਰੀਬੀ ਰੇਖਾ ਤੋਂ ਉੱਪਰ ਮਨ ਕੇ ਉਹਨਾਂ ਨੂੰ ਕਿਸੇ ਤਰ੍ਹਾਂ ਦੀ ਸਰਕਾਰੀ ਯੋਜਨਾ ਦਾ ਲਾਭ ਨਹੀਂ ਦਿੱਤਾ ਜਾਂਦਾ। ਉਸ ਦੇ ਪਰਿਵਾਰ ’ਚ ਛੇ ਮੈਂਬਰ ਹਨ ਅਤੇ ਉਹ ਖ਼ਤਰੇ ਭਰੇ ਕੰਮ ਕਰਨ ਲਈ ਮਜ਼ਬੂਰ ਹਨ। ਉਹ ਦੂਰ ਅੰਦਰ ਤੱਕ ਜੰਗਲ ’ਚ ਜਾ ਕੇ ਬਾਲਣ ਲਈ ਲਕੜਾਂ ਇਕੱਠੀਆਂ ਕਰਕੇ ਵੇਚ ਕੇ ਆਪਣੇ ਪਰਿਵਾਰ ਅਤੇ ਆਪਣਾ ਅੱਧਾ ਅਧੂਰਾ ਗੁਜ਼ਰਾ ਕਰ ਰਹੇ ਹਨ।

ਇੱਕ ਹੋਰ 50 ਸਾਲਾਂ ਮਜ਼ਦੂਰ ਆਪਣੀ ਦੁਖਭਰੀ ਕਹਾਣੀ ਦਸਦੇ ਹੋਏ ਅੱਥਰੂ ਕੇਰਨ ਲਗ ਜਾਂਦਾ ਹੈ। ਉਸ ਨੇ ਦੱਸਿਆ ਕਿ ਉਸ ਦਾ ਪੈਰ ਬਿਲਕੁਲ ਨਕਾਰਾ ਹੋ ਚੁੱਕਿਆ ਹੈ। ਉਹ ਕੋਈ ਕੰਮ ਕਰਨ ਯੋਗ ਨਹੀਂ ਤੇ ਹੁਣ ਉਸ ਕੋਲ ਭੀਖ ਮੰਗਣ ਤੋਂ ਸਿਵਾ ਹੋਰ ਕੋਈ ਹੱਲ ਨਹੀਂ।

ਮਜ਼ਦੂਰਾਂ ਨੇ ਦੱਸਿਆ ਕਿ ਉਹਨਾਂ ਦੀ ਇਹ ਹਾਲਤ ਕੋਈ ਇੱਕ ਦਿਨ ’ਚ ਨਹੀਂ ਹੋਈ, ਸਗੋਂ ਦਹਾਕਿਆਂ ਤੋਂ ਉਹ ਪ੍ਰਬੰਧਕਾਂ ਦੀਆਂ ਅਨਿਆਂਈ ਅਤੇ ਨਿਰੰਕੁਸ਼ ਨੀਤੀਆਂ ਦੀ ਮਾਰ ਝੱਲ ਰਹੇ ਹਨ। ਉਹਨਾਂ ਨੇ ਦੱਸਿਆ ਕਿ ਪੂਰੇ ਅਸਾਮ ਦੀ ਔਸਤ ਮਜ਼ਦੂਰੀ ਬਹੁਤ ਘੱਟ ਹੈ, ਮਜ਼ਦੂਰੀ ਦੀ ਅਦਾਇਗੀ ਨਹੀਂ ਕੀਤੀ ਜਾਂਦੀ, ਬਿਨਾਂ ਭੁਗਤਾਨ ਦੇ ਓਵਰਟਾਈਮ ਕਰਵਾਇਆ ਜਾਂਦਾ ਹੈ। ਸਿਹਤ ਦੀ ਬੁਰੀ ਹਾਲਤ ਹੈ। ਕੁਝ ਮਜ਼ਦੂਰ ਪੱਕੀ ਨੌਕਰੀ ’ਤੇ ਹਨ ਫੇਰ ਵੀ ਉਹਨਾਂ ਦੀ ਦਿਹਾੜੀ 50 ਰੁਪੈ ਹੈ। ਜਿਹੜੇ ਪੱਕੇ ਨਹੀਂ ਹਨ ਉਹਨਾਂ ਨੂੰ ਰੋਜ਼ਾਨਾ 41 ਰੁਪੈ ਮਿਲਦੇ ਹਨ। ਇਸ ਤੋਂ ਇਲਾਵਾ ਉਹਨਾਂ ਨੂੰ ਰਹਿਣ ਲਈ ਕੋਈ ਰਹਾਇਸ਼ੀ ਥਾਂ ਨਹੀਂ ਦਿੱਤੀ ਜਾਂਦੀ।

ਅਤੇ ਜਦੋਂ ਉਹ ਪ੍ਰਬੰਧਕਾਂ ਦੀਆਂ ਅਨਿਆਂਈ ਅਤੇ ਬਰਬਰ ਨੀਤੀਆਂ ਵਿਰੁੱਧ ਅਵਾਜ਼ ਬੁਲੰਦ ਕਰਦੇ ਹਨ ਤਾਂ ਯੂਨੀਅਨ ’ਤੇ ਕਬਜ਼ਾ ਕਰੀ ਬੈਠੇ ਗੱਦਾਰ, ਮੌਕਾਪ੍ਰਸਤ ਅਤੇ ਸਮਝੌਤਾਪ੍ਰਸਤ ਲੀਡਰ ਉਹਨਾਂ ਦੀ ਅਵਾਜ਼ ਨੂੰ ਜ਼ੋਰਦਾਰ ਢੰਗ ਨਾਲ਼ ਬੁਲੰਦ ਨਹੀਂ ਕਰਨ ਦਿੰਦੇ, ਉਲ਼ਟਾ ਉਸਨੂੰ ਦਬਾਉਣ ਦੀ ਕੋਸ਼ਿਸ਼ ਕਰਦੇ ਹਨ।

ਮਜ਼ਦੂਰਾਂ ਨੇ ਦੱਸਿਆ ਕਿ ਲੰਮੇਂ ਸਮੇਂ ਤੋਂ ਉਹਨਾਂ ਨੂੰ ਮਜ਼ਦੂਰੀ ਨਹੀਂ ਦਿੱਤੀ ਗਈ ਹੈ। ਅਤੇ ਜਦੋਂ ਉਹ ਮਾਲਕਾਂ ਤੋਂ ਇਸ ਦੀ ਮੰਗ ਕਰਦੇ ਹਨ ਤਾਂ ਮਾਲਕ ਇਹ ਆਖਦੇ ਹਨ ਕਿ ਬਾਗ ਬਹੁਤ ਘਾਟੇ ’ਚ ਜਾ ਰਿਹਾ ਹੈ। ਬਹੁਤ ਜਲਦੀ ਜਦੋਂ ਇਸ ਤੋਂ ਉਭਰ ਜਾਵਾਂਗੇ ਤਾਂ ਤੁਹਾਡੇ ਬਕਾਏ ਅਦਾ ਕਰ ਦਿੱਤੇ ਜਾਣਗੇ। ਪਰ ਉਹਨਾਂ ਦੀ ਜਲਦੀ ਕਦੀ ਨਹੀਂ ਆਉਂਦੀ। ਉਹਨਾਂ ਨੇ ਦੱਸਿਆ ਕਿ ਪ੍ਰਬੰਧਕਾਂ ਨੇ ਗੁੰਡਿਆਂ ਨੂੰ ਲਾ ਰੱਖਿਆ ਹੈ ਤਾਂ ਜੋ ਵਿਰੋਧ ਦੀ ਅਵਾਜ਼ ਨੂੰ ਦਬਾਇਆ ਜਾ ਸਕੇ।

ਫਿਲਹਾਲ ਪ੍ਰਬੰਧਕ ਅਜਿਹੀ ਹਾਲਤ ਬਣਾਉਣ ’ਚ ਲੱਗਿਆ ਹੋਇਆ ਹੈ ਕਿ ਮਜ਼ਦੂਰ ਰੁਜ਼ਗਾਰ ਦੇ ਬਦਲਵੇਂ ਮੌਕਿਆਂ ਲਈ ਮਜਬੂਰ ਹੋ ਜਾਣ ਅਤੇ ਆਪਣੇ ਬਕਾਏ ਨੂੰ ਭੁੱਲ ਜਾਣ। ਪਰ ਮਜ਼ਦੂਰਾਂ ਨੇ ਆਪਣੇ ਬਕਾਏ ਦੇ ਭੁਗਤਾਨ ਦੀ ਮੰਗ ਕਰਦੇ ਹੋਏ ਕੰਮ ਬੰਦ ਕਰ ਦਿੱਤਾ ਹੈ। ਜਦੋਂ ਤੋਂ ਬਾਗ ਬੰਦ ਹੈ ਤਦ ਤੋਂ ਪ੍ਰਬੰਧਕ ਮਜ਼ਦੂਰਾਂ ਦੇ ਸੰਘਰਸ਼ ਨੂੰ ਦਬਾਉਣ ਲਈ ਸਹਾਇਕ ਮੈਨੇਜਰ ਨੂੰ ਤੈਨਾਤ ਕਰਕੇ ਖੁਦ ਭੱਜ ਗਿਆ ਹੈ। ਅਤੇ ਕੋਈ ਰਾਹ ਨਾ ਦੇਖ ਕੇ ਮਜ਼ਦੂਰਾਂ ਨੇ ਫੇਰ ਪ੍ਰਸ਼ਾਸ਼ਨ ਕੋਲ ਤੋਂ ਮੰਗ ਕੀਤੀ। ਭਾਵੇਂ ਕਾਚਰ ਜ਼ਿਲ੍ਹੇ ਦੇ ਡੀ. ਸੀ. ਨੇ ਉਹਨਾਂ ਨੂੰ ਨਿਆਂ ਦਵਾਉਣ ਦਾ ਭਰੋਸਾ ਦਿੱਤਾ ਹੈ, ਪਰ ਮਜ਼ਦੂਰਾਂ ਨੂੰ ਸਰਕਾਰ ਜਾਂ ਪ੍ਰਬੰਧਕਾਂ ਤੋਂ ਕੋਈ ਉਮੀਦ ਨਹੀਂ ਹੈ।

ਬਰਾਕ ਮਨੁੱਖੀ ਅਧਿਕਾਰ ਸੁਰੱਖਿਆ ਕਮੇਟੀ ਦੀ ਰਿਪੋਰਟ ਅਨੁਸਾਰ ਮਜ਼ਦੂਰ ਅਤੇ ਉਹਨਾਂ ਦੇ ਪਰਿਵਾਰ ਫਿਲਹਾਲ ਬਾਗਾਂ ਦੇ ਇਲਾਕੇ ’ਚ ਹੀ ਰਹਿ ਰਹੇ ਹਨ ਕਿਉਂਕਿ ਕੇਂਦਰ ਅਤੇ ਰਾਜ ਸਰਕਾਰ ਵੱਲੋਂ ਚਲ ਰਹੀਆਂ ਕਲਿਆਣਕਾਰੀ ਯੋਜਨਾਵਾਂ ਤੋਂ ਵੀ ਉਹਨਾਂ ਨੂੰ ਵਾਂਝੇ ਕਰ ਦਿੱਤਾ ਗਿਆ ਹੈ।

ਭਾਵੇਂ ਕਿ ਇਹ ਸਰਕਾਰੀ ਕਲਿਆਣਕਾਰੀ ਯੋਜਨਾ ਵੀ ਗਰੀਬਾਂ ਦੀ ਮੱਦਦ ਜਾਂ ਕਿਸੇ ਭਲਮਾਣਸੀ ਕਰਕੇ ਨਹੀਂ ਕੀਤੀ ਜਾਂਦੀ, ਸਗੋਂ ਇਸ ਲਈ ਬਣਦੀਆਂ ਹਨ ਤਾਂ ਜੋ ਮਜ਼ਦੂਰ ਵਿਰੋਧ ਨਾ ਕਰ ਦੇਣ। ਉਹਨਾਂ ਦੇ ਵਿਰੋਧ ’ਤੇ ਪਾਣੀ ਦੇ ਛਿੱਟੇ ਮਾਰਨ ਲਈ ਅਜਿਹੀਆਂ ਯੋਜਨਾਵਾਂ ਨੂੰ ਲਾਗੂ ਕੀਤਾ ਜਾਂਦਾ ਹੈ।

ਪਰ ਫੇਰ ਜੋ ਥੋੜ੍ਹੀ ਬਹੁਤ ਰਾਹਤ ਦੇਣ ਦੀ ਕੋਸ਼ਿਸ਼ ਸਰਕਾਰੀ ਯੋਜਨਾਵਾਂ ਤੋਂ ਹੁੰਦੀ ਹੈ। ਉਸ ਦਾ ਲਾਭ ਵੀ ਅਸਲੀ ਲੋੜਵੰਦਾਂ ਨੂੰ ਨਹੀਂ ਮਿਲ ਪਾਉਂਦਾ। ਜਿਵੇਂ ਕਿ ਪੂਰੇ ਬਾਗ ’ਚ ਸਿਰਫ਼ 7 ਆਗਨਵਾੜੀ ਕੇਂਦਰ ਹਨ, ਜਿੱਥੇ 3000 ਤੋਂ ਵੱਧ ਲੋਕ ਰਹਿੰਦੇ ਹਨ। ਕੇਂਦਰ ਦੇ ਤਹਿਤ ਚਲਣ ਵਾਲ਼ੀ ‘ਬਾਲ ਵਿਕਾਸ ਯੋਜਨਾ’ ਬੱਚਿਆਂ, ਕਿਸ਼ੋਰਾਂ ਅਤੇ ਗਰਭਵਤੀ ਔਰਤਾਂ ਨੂੰ ਅਨਾਜ ਅਤੇ ਸਿਹਤ ਸਹੂਲਤਾਂ ਦੇਣ ਲਈ ਬਣਾਈ ਗਈ ਹੈ, ਪਰ ਉਸ ਦਾ ਕੋਈ ਲਾਭ ਮਜ਼ਦੂਰ ਨਹੀਂ ਲੈ ਪਾਉਂਦੇ।

ਇਸ ਤੋਂ ਇਲਾਵਾ ‘ਇੰਦਰਾ ਆਵਾਸ ਯੋਜਨਾ’ ਤਹਿਤ ਮਜ਼ਦੂਰਾਂ ਨੂੰ ਘਰ ਵੀ ਮਿਲੇ ਹੋਏ ਹਨ, ਪਰ ਉਸ ’ਤੇ ਸਿਰਫ਼ ਉਹਨਾਂ ਮਜ਼ਦੂਰਾਂ ਦਾ ਕਬਜ਼ਾ ਹੈ, ਜਿਹੜੇ ਪ੍ਰਬੰਧਕਾਂ ਜਾਂ ਮਜ਼ਦੂਰ ਯੂਨੀਅਨ (ਹਾਕਮ ਪਾਰਟੀਆਂ ਤੋਂ ਸਬੰਧਤ) ਨਾਲ਼ ਮਿਲ਼ੇ ਹੋਏ ਹਨ। ਜਿਨ੍ਹਾਂ ਨੂੰ ਸਹੀ ਮਾਅਨਿਆਂ ’ਚ ਘਰ ਦੀ ਲੋੜ ਹੈ, ਉਹ ‘ਇੰਦਰਾ ਆਵਾਸ ਯੋਜਨਾ’ ਤੋਂ ਵਾਂਝੇ ਹਨ।

ਇੱਕ ਸਰਕਾਰੀ ਹਸਪਤਾਲ ਵੀ ਚਲਦਾ ਹੈ, ਪਰ ਉਹ ਸਿਰਫ਼ ਇੱਕ ਇਮਾਰਤ ਹੈ। ਕਿਉਂਕਿ ਉਥੇ ਨਾ ਤਾਂ ਕੋਈ ਯੋਗ ਡਾਕਟਰ ਹੈ ਨਾ ਹੀ ਕੋਈ ਦਵਾਈਆਂ ਮੌਜੂਦ ਹਨ। ਭਾਵੇਂ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਹਰ ਸਾਲ 15 ਲੱਖ ਰੁਪੈ ਮੁੱਢਲੀ ਸਿਹਤ ਸਹੂਲਤਾਂ ਲਈ ਦਿੰਦਾ ਹੈ। ਪਰ ਇਹ ਪੈਸਾ ਕਿੱਥੇ ਜਾਂਦਾ, ਕਿੱਥੇ ਲੱਗਦਾ ਹੈ ਕਿਸੇ ਨੂੰ ਨਹੀਂ ਪਤਾ। ਮਰੀਜਾਂ ਨੂੰ ਲਜਾਣ ਲਈ ਇੱਕ ਐਂਬੂਲੈਂਸ ਵੀ ਹਸਪਤਾਲ ’ਚ ਮੌਜੂਦ ਹੈ, ਪਰ ਉਸ ਦਾ ਡਰਾਈਵਰ ਇੱਕ ਮਰੀਜ ਦਾ 400 ਰੁਪੈ ਮੰਗਦਾ ਹੈ, ਜੋ ਕੋਈ ਵੀ ਮਜ਼ਦੂਰ ਅਦਾ ਕਰਨ ਦੀ ਹਾਲਤ ’ਚ ਨਹੀਂ ਹੁੰਦਾ।

ਬਾਗ ਦੇ ਇਲਾਕੇ ’ਚ ਪਾਣੀ ਦਾ ਸਿਰਫ਼ ਇੱਕ ਸਰੋਤ ਹੈ ਨਹਿਰ। ਨਹਿਰ ਦੇ ਪਾਣੀ ਨੂੰ ਹਰ ਤਰ੍ਹਾਂ ਦੇ ਕੰਮ ’ਚ ਵਰਤਿਆ ਜਾਂਦਾ ਹੈ। ਜਿਸ ਨਹਿਰ ’ਚ ਨਹਾਂਦੇ ਹਨ, ਉਸੇ ’ਚ ਭਾਂਡੇ, ਕੱਪੜੇ ਵੀ ਧੋਤੇ

(ਬਾਕੀ ਪੰਨਾ 22 ’ਤੇ)


ਵਿਰਸਾ

ਵੀ. ਆਈ. ਉਲਿਆਨੋਵ ਲੈਨਿਨ

• ਵੀ. ਵਾਰੋਵਸਕੀ*

ਇਤਿਹਾਸਕ ਉੱਥਲ ਪੁੱਥਲਾਂ ਦੇ ਸ਼ਾਨਦਾਰ ਯੁੱਗ ਅਜਿਹੇ ਮਨੁੱਖਾਂ ਨੂੰ ਜਨਮ ਦਿੰਦੇ ਹਨ ਜਿਹੜੇ ਯੁੱਗਾਂ ਦੀ ਭਾਵਨਾ ਦਾ ਸਾਕਾਰ ਰੂਪ ਹੁੰਦੇ ਹਨ। ਉਹ ਨਵੇਂ, ਸਿਰ 'ਤੇ ਆਏ ਅਤੇ ਉਸ ਉੱਤਮ ਅੰਸਰ ਦੇ ਕੇਂਦਰਿਕ ਬਿੰਦੂ ਤੇ ਝੰਡਾ ਬਰਦਾਰ ਹੁੰਦੇ ਹਨ ਜਿਹੜਾ ਆਪਣੇ ਮਾਰਗ ਉੱਤੇ ਅੱਗੇ ਵੱਧ ਅਤੇ ਆਪਣੇ ਜੀਊਣ ਦੇ ਅਧਿਕਾਰ ਨੂੰ ਜਿੱਤ ਰਿਹਾ ਹੁੰਦਾ ਹੈ। ਵਲਾਦੀਮੀਰ ਇਲੀਇਚ ਉਲਿਆਨੋਵ – ਲੈਨਿਨ ਇਸ ਯੁੱਗ ਵਿੱਚ, ਸਰਮਾਏਦਾਰੀ ਤੋਂ ਸਮਾਜਵਾਦ ਵੱਲ ਮੋੜ ਦੇ ਦੌਰ ਵਿੱਚ, ਠੀਕ ਅਜਿਹੇ ਹੀ ਇੱਕ ਮਨੁੱਖ ਸਨ।

ਉਹ ਇੱਕ ਪੁਰਾਣਿਕ ਰੁੱਖ ਵਾਂਗ ਹਨ ਜਿਸ ਦੀਆਂ ਜੜ੍ਹਾਂ, ਰੂਸ ਦੇ ਕਿਰਤੀ ਲੋਕਾਂ ਵਿੱਚ ਡੂੰਘੀਆਂ ਤੇ ਮਜ਼ਬੂਤੀ ਨਾਲ਼ ਗੱਡੀਆਂ ਹੋਈਆਂ ਹਨ ਅਤੇ ਜਿਸ ਦੀ ਸਿਖ਼ਰ ਉਨ੍ਹਾਂ ਸਪੱਸ਼ਟ ਉਚਾਣਾਂ ਵਿੱਚ ਲਹਿਰਦੀ ਹੈ ਜਿੱਥੇ ਯੁੱਗਾਂ ਦੇ ਸਮਿਆਂ ਅੰਦਰ ਮਨੁੱਖ ਦੀਆਂ ਸਿਰਜੀਆਂ ਵਿਗਿਆਨਕ ਤੇ ਸੱਭਿਆਚਾਰਕ ਕਦਰਾਂ ਜੁੜੀਆਂ ਹੋਈਆਂ ਹਨ। ਉੱਚ ਪਾਦਰੀ ਤੇ ਇਨ੍ਹਾਂ ਖ਼ਜ਼ਾਨਿਆਂ ਦੇ ਰੱਖਿਅਕ ਹੈਰਾਨ ਹਨ ਕਿ ਇਹ ਰੁਖ ਉਨ੍ਹਾਂ ਕਦਰਾਂ ਨੂੰ ਸੁਤੇ ਸਿੱਧ ਤੇ ਬਿਨਾਂ ਕਿਸੇ ਉਚੇਚ ਦੇ ਹੇਠਾਂ ਉਸ ਜਨ-ਸਮੂਹ ਕੋਲ ਖਿੱਚ ਲਿਆਉਂਦਾ ਰਿਹਾ ਹੈ ਜਿਹੜਾ ਇਸ ਦੀਆਂ ਜੜ੍ਹਾਂ ਦਾ ਪਾਲਣ ਕਰਦਾ ਹੈ। ਇਸ ਦੇ ਬਦਲੇ ਵਿੱਚ ਅਤੇ ਉਹ ਇਸ ਗੱਲੋਂ ਹੋਰ ਵੀ ਭੈ-ਭੀਤ ਹੁੰਦੇ ਹਨ, ਇਹ ਪ੍ਰੋਲੇਤਾਰੀਆਂ ਦੀਆਂ ਹੀਏ ਵਾਲੀਆਂ ਤੇ ਲਾਜ਼ਮੀ ਮੰਗਾਂ ਨੂੰ ਉਨ੍ਹਾਂ ਦੀਆਂ ਖਾਮੋਸ਼ ਅਸਮਾਨੀ ਉਚਾਈਆਂ ਵਿੱਚ ਪੁਚਾਉਂਦਾ ਰਿਹਾ ਹੈ।



ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਲੈਨਿਨ ਦਾ ਨਾਂ, ਨਾ ਕੇਵਲ ਰੂਸ ਜਾਂ ਯੂਰਪ ਵਿੱਚ ਹੀ, ਸਗੋਂ ਸੰਸਾਰ ਭਰ ਵਿੱਚ ਮਜ਼ਦੂਰ ਜਮਾਤ ਦੀ ਅਜ਼ਾਦੀ ਦਾ ਚਿੰਨ੍ਹ ਬਣ ਗਿਆ ਹੈ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਦੁਨੀਆਂ ਦੇ ਕਿਰਤੀ ਲੋਕਾਂ ਦੀਆਂ ਕਰੋੜਾਂ ਅੱਖਾਂ, ਵਿਚਾਰ ਅਤੇ ਜਜ਼ਬੇ ਕ੍ਰੈਮਲਿਨ ਦੀ ਉਸ ਨੁਕਰ ਵੱਲ ਕੇਂਦਰਿਤ ਹਨ ਜਿੱਥੇ ਇੱਕੋ ਮਨੁੱਖ ਦੀ ਸੋਚ ਤੇ ਦ੍ਰਿੜ੍ਹਤਾ ਰਹੱਸਮਈ ਢੰਗ ਨਾਲ਼ ਕਰੋੜਾਂ ਲੋਕਾਂ ਦੇ ਇਨ੍ਹਾਂ ਭਾਵਾਂ ਤੇ ਵਿਚਾਰਾਂ ਨੂੰ ਜਨ-ਸਮੂਹ ਦੇ ਜੁਝਾਰ ਨਾਹਰਿਆਂ, ਬਲਵਾਨ ਲਹਿਰਾਂ ਦੇ ਚਾਨਣ-ਮੁਨਾਰਿਆਂ ਵਿੱਚ ਬਦਲ ਰਹੀ ਹੈ।

ਕਿਹੜੀ ਤਾਕਤ ਲੁਕੀ ਹੋਈ ਹੋਵੇਗੀ ਇਸ ਵਿਸ਼ੇਸ਼ ਮਨੁੱਖ ਵਿੱਚ। ਇਸ ਨੂੰ ਉਨ੍ਹਾਂ ਲੋਕਾਂ ਤੋਂ ਕਿੰਨਾ ਪਿਆਰ ਤੇ ਮੁਹੱਬਤ ਮਿਲੀ ਹੋਵੇਗੀ ਜਿਹੜੇ ਆਪਣੇ ਵਿਸ਼ਵਾਸੀ ਆਗੂ ਦੇ ਰੂਪ ਵਿੱਚ ਇਸ ਦੇ ਦਰਸ਼ਨ ਕਰਨ ਆਏ।

ਇੱਕ ਮਨੁੱਖ ਵਿੱਚ ਵਿਚਾਰ ਸ਼ਕਤੀ, ਇਰਾਦੇ ਦੀ ਮਜ਼ਬੂਤੀ ਤੇ ਭਾਵਾਂ ਦੀ ਡੂੰਘਾਈ ਦਾ ਇਸ ਤੋਂ ਵਧੇਰੇ ਕੇਂਦਰਿਤ ਹੋਣ ਦੀ ਕਲਪਣਾ ਕਰਨਾ ਮੁਸ਼ਕਲ ਹੈ; ਵਲਾਦੀਮੀਰ ਇਲੀਇਚ ਮਾਤ-ਭੂਮੀ ਦੀ ਚਟਾਨ ਦਾ ਇੱਕ ਅਜਿਹਾ ਟੁਕੜਾ ਹਨ ਜਿਸ ਵਿੱਚ ਇੱਕ ਵੀ ਦਰਾੜ ਨਾ ਹੋਵੇ। ਉਨ੍ਹਾਂ ਅੰਦਰਲੀ ਹਰ ਚੀਜ਼ ਪ੍ਰੋਲੇਤਾਰੀਆਂ ਦੇ ਕਾਜ਼ ਦੀ ਸੇਵਾ ਅਤੇ ਸਮਾਜਵਾਦ ਦੇ ਰਾਹ ਉੱਤੇ ਇਸ ਦੀ ਅਗਵਾਈ ਦੇ ਮਹਾਨ ਆਮ ਕਾਰਜ ਦੇ ਅਨੁਕੂਲ ਹੈ। ਭਾਵੇਂ ਤੁਸੀਂ ਉਨ੍ਹਾਂ ਦੇ ਜੀਵਨ 'ਤੇ ਕਿਸੇ ਪਾਸਿਉਂ ਵੀ ਝਾਤੀ ਪਾਓ ਤੁਸੀਂ ਅਵੱਸ਼ ਹੀ ਇਸ ਇੱਕ ਤੇ ਮਹਾਨ ਵਿਚਾਰ 'ਤੇ ਪੁਜੋਗੇ ਜਿਸ ਨੇ ਪੂਰਨ ਤੌਰ 'ਤੇ ਉਨ੍ਹਾਂ ਨੂੰ ਗ੍ਰਸਿਆ ਹੋਇਆ ਸੀ ਅਤੇ ਕੋਈ ਹੋਰ ਦਿਲਚਸਪੀ ਉਨ੍ਹਾਂ ਵਿੱਚ ਨਹੀਂ ਸੀ ਰਹਿਣ ਦਿੱਤੀ।

ਵਲਾਦੀਮੀਰ ਇਲੀਇਚ ਸਿਧਾਂਤ ਵੱਲ ਡੂੰਘਾ ਧਿਆਨ ਕਰਦੇ ਸਨ, ਪਰੰਤੂ ਮੁੱਖ ਗੱਲ ਇਹ ਹੈ ਕਿ ਸਿਧਾਂਤ ਆਪਣੇ ਆਪ ਲਈ ਉਨ੍ਹਾਂ ਸਾਹਮਣੇ ਕਦੇ ਵੀ ਕਦਰ ਵਾਲ਼ੀ ਚੀਜ਼ ਨਹੀਂ ਸੀ ਜਿਵੇਂ ਕਿ ਕਸਬੀ ਵਿਦਵਾਨਾਂ ਦੀ ਸੂਰਤ ਵਿੱਚ ਹੁੰਦਾ ਹੈ। ਉਨ੍ਹਾਂ ਸਦਾ ਹੀ ਇਸ ਨੂੰ ਸੰਸਾਰ ਨੂੰ ਅਨੁਭਵ ਕਰਨ ਦਾ ਸਾਧਨ ਮਾਤਰ ਹੀ ਸਮਝਿਆ ਹੈ ਜਿਸ ਵਿੱਚ ਪ੍ਰੋਲੇਤਾਰੀਆ ਰਹਿੰਦਾ ਹੈ, ਜਿਸ ਸੰਸਾਰ ਨਾਲ਼ ਇਸ ਨੇ ਜੂਝਣਾ ਹੈ, ਜਿਸ ਸੰਸਾਰ ਨੂੰ ਇਹ ਮੁੜ-ਉਸਾਰਨ ਦਾ ਜਤਨ ਕਰ ਰਿਹਾ ਹੈ। ਬਲਵਾਨ ਇਨਕਲਾਬੀ ਜਮਾਤ ਦੇ ਅਮਲੀ ਕਾਰਜਾਂ ਨਾਲ਼ ਸਿਧਾਂਤ ਦਾ ਇਹ ਡੂੰਘਾ ਸਬੰਧ ਹੀ ਹੈ ਜਿਸ ਨੇ ਲੈਨਿਨ ਦੇ ਵਿਚਾਰਾਂ ਵਿੱਚ ਠੁਕ ਤੇ ਤਿੱਖਾਪਨ ਲਿਆਂਦਾ ਅਤੇ ਉਨ੍ਹਾਂ ਨੂੰ ਹਰ ਪੂਰਵ-ਮਨੌਤ ਵਿੱਚੋਂ, ਭਾਵੇਂ ਉਹ ਦਿੱਸਣ ਨੂੰ ਕਿੰਨੀ ਵੀ ਦੁਰੇਡੀ ਹੋਵੇ, ਇੱਕ ਹਥਿਆਰ ਘੜਨ ਅਤੇ ਉਸ ਨੂੰ ਅਚੁੱਕ ਰੂਪ ਵਿੱਚ ਆਪਣੇ ਦੁਸ਼ਮਣਾਂ ਵਿਰੁੱਧ ਵਰਤਣ ਦੇ ਯੋਗ ਬਣਾਇਆ। ਇੱਥੇ ਅਹਿਮ ਗੱਲ ਜਮਾਤ ਤੇ ਇਸ ਦੇ ਦਾਰਸ਼ਨਿਕਾਂ ਵਿੱਚ ਰੂਹਾਨੀ ਸਬੰਧ ਹੈ, ਜਿਸ ਨਾਲ਼ ਨੌਜਵਾਨ, ਉਠ ਰਹੀ ਇਨਕਲਾਬੀ ਜਮਾਤ ਦਾ ਵਿਚਾਰਵਾਨ ਉਸ ਜਮਾਤ ਲਈ ਪ੍ਰੇਰਨਾ ਦਾ ਸਦੀਵੀ ਸੋਮਾ ਬਣਨ ਦੇ ਸਮਰੱਥ ਹੁੰਦਾ ਹੈ।

ਇਸ ਵਿਹਾਰਕ, ਲੈਨਿਨ ਦੇ ਸਿਧਾਂਤਕ ਵਿਚਾਰ ਦੇ ਬੁਨਿਆਦੀ ਸਜੀਵ ਖਾਸੇ ਨੇ, ਜਨ-ਸਮੂਹ ਨਾਲ਼ ਇਸ ਰੂਹਾਨੀ

ਸਬੰਧ ਨੇ, ਉਨ੍ਹਾਂ ਨੂੰ ਰਾਜਨੀਤਕ ਦੂਰ-ਦਰਸ਼ਤਾ ਦੀ ਅਚੰਭਾਦਾਇਕ ਦਾਤ, ਭਾਵ, ਨੇੜੇ ਦੇ ਭਵਿੱਖ ਵਿੱਚ ਇਤਿਹਾਸਕ ਵਿਕਾਸ ਦੀ ਲੀਹ ਲਭਣ, ਲਹਿਰ ਦੀਆਂ ਸੰਭਾਵਨਾਵਾਂ ਨੂੰ ਜਾਂਚਣ, ਭਵਿੱਖ ਦੀਆਂ "ਲੁਪਤ ਹੋਣੀਆਂ" ਵਿੱਚ ਡੂੰਘਾ ਝਾਕ ਸਕਣ ਦੀ ਯੋਗਤਾ ਪ੍ਰਦਾਨ ਕੀਤੀ ਹੈ। ਇਕ ਮੀਨਾਰ ਉੱਤੇ ਖੜ੍ਹੇ ਚੌਕੀਦਾਰ ਵਾਂਗ ਉਹ ਆਉਣ ਵਾਲ਼ੀਆਂ ਘਟਨਾਵਾਂ ਨੂੰ ਦੂਰੋਂ ਹੀ ਅਨੁਭਵ ਕਰ ਸਕਦੇ ਹਨ ਅਤੇ ਉਨ੍ਹਾਂ ਸਬੰਧੀ ਆਪਣੇ ਤਿਆਰ-ਬਰ-ਤਿਆਰ ਸਾਥੀਆਂ ਨੂੰ ਉਚਿੱਤ ਚਿਤਾਵਨੀ ਦੇ ਸਕਦੇ ਹਨ।

ਇਤਿਹਾਸਕ ਦੂਰਦਰਸ਼ਤਾ ਦੀ ਇਸ ਪ੍ਰਤਿਭਾ ਨਾਲ਼ ਲੈਸ ਅਤੇ ਜਨਤਾ ਦੇ ਵਿਚਾਰਾਂ ਤੇ ਉਸ ਦੀਆਂ ਉਮੰਗਾਂ ਸਬੰਧੀ ਆਪਣੀ ਡੂੰਘੀ ਸੋਘ ਸਦਕਾ, ਵਲਾਦੀਮੀਰ ਇਲੀਇਚ ਕੁਦਰਤੀ ਹੀ ਇੱਕ ਤੀਖਣ ਬੁੱਧੀ ਵਾਲ਼ੇ ਵਿਹਾਰੀ ਰਾਜਨੇਤਾ ਹਨ। ਉਹ ਨਿਸਚਿਤ ਸਮੇਂ ਦੀਆਂ ਲੋੜਾਂ ਨੂੰ ਇੱਕ ਸਪੱਸ਼ਟ ਨਾਹਰੇ ਵਿੱਚ ਪਰੋਣ ਜਨਤਾ ਨੂੰ ਆਪਣੇ ਯੁੱਗ ਦੀਆਂ ਅਹਿਮ ਲੋੜਾਂ ਨਾਲ਼ ਮੇਲ ਖਾਣ ਦੇ ਸਮਰੱਥ ਕਰਨ ਲਈ ਸਧਾਰਨ ਵਿਸਤ੍ਰਿਤ ਕਾਰਜ ਸੌਂਪਣ ਦੇ ਮਾਹਿਰ ਹਨ। ਇੱਕ ਤਜਰਬਾਕਾਰ ਮਾਂਝੀ ਵਾਂਗ ਜਿਹੜਾ ਆਪਣੇ ਜਾਹਜ਼ ਨੂੰ ਚੱਟਾਨਾਂ ਵਾਲ਼ੇ ਰਸਤੇ ਵਿੱਚੋਂ ਸਹੀ ਸਲਾਮਤ ਕੱਢ ਲਿਜਾਂਦਾ ਹੈ, ਉਹ ਜਨਤਾ ਦੀ ਸੁਤੇ ਸੁੱਧ ਪੈਦਾ ਹੋਈ ਲਹਿਰ ਦੀ ਰਾਹਨੁਮਾਈ ਲਈ ਆਪਣੇ ਅਮਲੀ ਨਾਹਰੇ ਤੇ ਕਾਰਜ ਮਿੱਥਦੇ ਹਨ ਅਤੇ ਨਾਲ਼ ਹੀ ਇਨ੍ਹਾਂ ਕਦਮਾਂ ਸਬੰਧੀ ਜਨਤਾ ਦੇ ਪ੍ਰਤੀਕਰਮਾਂ ਤੋਂ ਤੇ ਇਸ ਗੱਲੋਂ ਸੁਚੇਤ ਰਹਿੰਦੇ ਹਨ ਕਿ ਲਹਿਰ ਦੇ ਵੱਖ ਵੱਖ ਦੌਰ ਕਿਸ ਹੱਦ ਤੱਕ ਆਮ ਪ੍ਰਵਿਰਤੀਆਂ ਤੇ ਆਸ਼ਿਆਂ ਦੀ ਪੁਸ਼ਟੀ ਕਰਦੇ ਹਨ। ਅਤੇ ਇੱਕ ਨਾਹਰਾ ਉਨ੍ਹਾਂ ਦੀਆਂ ਆਸਾਂ ਉਮੀਦਾਂ ਤੇ ਪੂਰਾ ਉਤਰਨੋਂ ਅਸਮਰੱਥ ਹੁੰਦਾ ਹੀ ਹੈ ਜਾਂ ਆਪਣਾ ਕੰਮ ਹਾਲੇ ਮੁਕਾਉਂਦਾ ਹੀ ਹੈ ਕਿ ਮਾਂਝੀ ਪਤਵਾਰਾਂ ਨੂੰ ਤੇਜ਼ੀ ਅਤੇ ਸੁਯੋਗਤਾ ਨਾਲ਼ ਇੱਕ ਅਜਿਹਾ ਗੇੜ ਦਿੰਦਾ ਹੈ ਕਿ ਜਨ-ਸਮੂਹ ਦੇ ਵਿਚਾਰਾਂ ਤੇ ਦ੍ਰਿੜ੍ਹਤਾ ਨੂੰ ਨਵੇਂ ਰਾਹਾਂ ਵੱਲ ਰਾਹਨੁਮਾਈ ਦੇਣ ਵਾਲ਼ਾ ਇੱਕ ਨਵਾਂ ਨਾਹਰਾ ਉਪਜ ਪੈਂਦਾ। ਪਤਵਾਰਾਂ ਦੇ ਇਹ ਜ਼ਬਰਦਸਤ ਮੋੜ ਕਈ ਵਾਰ ਇਤਨੇ ਅਚਨਚੇਤ ਹੁੰਦੇ ਕਿ ਲੈਨਿਨ ਦੇ ਅਤਿ ਨੇੜੇ ਦੇ ਸਾਥੀ ਵੀ ਝੁੰਜਲਾ ਜਾਂਦੇ ਕਿ ਉਹ ਇਨ੍ਹਾਂ ਦੀ ਪ੍ਰਸੰਸਾ ਕਰਨ ਜਾਂ ਇਨ੍ਹਾਂ ਵਿਰੁਧ ਰੋਸ ਪ੍ਰਗਟਾਉਣ। ਖ਼ੁਸ਼ਕਿਸਮਤੀ ਨਾਲ਼ ਸਾਡੇ ਲਈ, ਹਕੀਕਤਾਂ ਨੇ ਸਭ ਸ਼ੰਕੇ ਨਵਿਰਤ ਕਰ ਦਿੱਤੇ ਹੋਏ ਹਨ।

ਇਹ ਸਮਝਿਆ ਜਾ ਸਕਦਾ ਹੈ ਕਿ ਵਲਾਦੀਮੀਰ ਲੈਨਿਨ ਉਹ ਧਕੜਸ਼ਾਹ ਹੈ ਜਿਸ ਇਤਿਹਾਸ ਦੇ ਚੱਕਰ ਨੂੰ ਫੜ ਲਿਆ ਹੈ ਅਤੇ ਜਿਹੜਾ ਕਿਸੇ ਨੂੰ ਗਿਣਤੀ ਵਿੱਚ ਨਹੀਂ ਲਿਆਉਂਦਾ। ਇਸ ਤੋਂ ਵਧੇਰੇ ਗੱਲਤ ਗੱਲ ਹੋਰ ਕੋਈ ਨਹੀਂ ਹੋ ਸਕਦੀ। ਹੋਣੀ ਦੇ ਲਡਿਕਿਆਂ ਵਿੱਚ ਜਿਸ ਨੂੰ ਇਤਿਹਾਸ ਨੇ ਨਾ ਕੇਵਲ ਲੋਕਾਂ ਉੱਤੇ, ਸਗੋਂ ਲੋਕਾਂ ਦੇ ਦਿਲਾਂ ਉੱਤੇ — ਅਤੇ ਇਹ ਗੱਲ ਹਜ਼ਾਰ ਗੁਣਾਂ ਵਧੇਰੇ ਮਹੱਤਵਪੂਰਨ ਹੈ — ਇਤਨੀ ਮਹਾਨ ਸੱਤਾ ਬਖ਼ਸ਼ੀ ਹੋਵੇ, ਕਦੇ ਕੋਈ ਅਜਿਹਾ ਆਦਮੀ ਨਹੀਂ ਹੋਇਆ ਜਿਸ ਸਰਕਾਰੀ ਮਸ਼ੀਨਰੀ ਵਿੱਚ ਆਦਮੀ ਦੇ ਰੋਲ ਦੀ ਇਤਨੀ ਵੱਡੀ ਕੀਮਤ ਪਾਈ ਹੋਵੇ। ਉਹ ਦੂਜਿਆਂ ਦੀ ਆਪਣੇ ਜਿੰਨੀ ਹੀ ਕਦਰ ਕਰਦੇ ਹਨ; ਅਤੇ ਕਈ ਵਾਰ ਇਸ ਤੋਂ ਲੋਕਾਂ ਨੂੰ ਕਠਨਾਈ ਹੁੰਦੀ ਹੈ, ਕਿਉਂਕਿ ਉਹ ਅਕਸਰ ਉਨ੍ਹਾਂ ਬਾਰੇ ਵਧਾ ਕੇ ਅਨੁਮਾਨ ਲਾਉਂਦੇ ਹਨ ਇਹ ਸਮਝਦੇ ਹਨ ਕਿ ਦੂਜੇ ਵੀ ਉਨ੍ਹਾਂ ਵਾਂਗ ਉਸੇ ਮਹਾਨ ਬਲ ਦੇ ਧਾਰਨੀ ਹਨ ਅਤੇ ਉਨ੍ਹਾਂ ਨੂੰ ਖਿੱਝ ਆਉਂਦੀ ਹੈ ਜਦੋਂ ਉਹ ਲੋਕ ਉਨ੍ਹਾਂ ਦੀਆਂ ਆਸਾਂ 'ਤੇ ਪੂਰੇ ਉਤਰਨੋਂ ਅਸਮਰੱਥ ਰਹਿੰਦੇ ਹਨ। ਭਾਵੇਂ ਕੁਝ ਵੀ ਹੋਵੇ, ਉਹ ਕਦੇ ਵੀ ਕੋਈ ਫ਼ੈਸਲਾ ਨਹੀਂ ਲੈਣਗੇ, ਕਦੇ ਵੀ ਕੋਈ ਅਜਿਹਾ ਕਦਮ ਨਹੀਂ ਚੁੱਕਣਗੇ ਜਿਸ ਬਾਰੇ ਉਨ੍ਹਾਂ ਨੂੰ ਇਹ ਯਕੀਨ ਨਾ ਹੋ ਜਾਏ ਕਿ ਇਸ ਫ਼ੈਸਲੇ ਵਿੱਚ ਕੇਵਲ ਉਨ੍ਹਾਂ ਦੀ ਨਿੱਜੀ ਰਾਏ ਹੀ ਨਹੀਂ ਸਗੋਂ ਉਨ੍ਹਾਂ ਦੇ ਬਹੁਤ ਸਾਰੇ ਸਾਥੀਆਂ ਵੱਲੋਂ ਪ੍ਰਗਟ ਕੀਤੇ ਗਏ ਵਿਚਾਰ ਦਾ ਵੀ ਹੱਥ ਹੈ। ਜਿਹੜੇ ਉਨ੍ਹਾਂ ਦੇ ਆਸ-ਪਾਸ ਰਹਿੰਦੇ ਹਨ ਅਤੇ ਜਿਹੜੇ ਉਨ੍ਹਾਂ ਨੂੰ ਅਕਸਰ ਮਿਲਦੇ ਹਨ, ਕਦੇ ਇਹ ਅਨੁਮਾਨ ਨਹੀਂ ਲਾ ਸਕਦੇ ਕਿ ਉਨ੍ਹਾਂ ਦੀ ਸਾਂਝੀ ਚਿੰਤਾ ਅਤੇ ਫਿਕਰ ਨੇ ਅਤੇ ਉਨ੍ਹਾਂ ਦੇ ਤਜਰਬੇ ਨੇ ਕਿਸ ਹੱਦ ਤਕ ਵਲਾਦੀਮੀਰ ਇਲੀਇਚ ਦੇ ਖਿਆਲਾਂ ਤੇ ਫੈਸਲਿਆਂ ਨੂੰ ਪ੍ਰੇਰਤ ਕੀਤਾ ਹੈ। ਉਨ੍ਹਾਂ ਦੀ ਵਿਕੋਲਿਤਰੀ ਯੋਗਤਾ ਦਾ ਅਧਾਰ ਠੀਕ ਇਹ ਸਮਰੱਥਾ ਹੀ ਸੀ ਉਹ ਬਹੁਤ ਸਾਰਿਆਂ ਦੇ ਤਜਰਬੇ ਅਤੇ ਗਿਆਨ ਨੂੰ ਆਪਣੇ ਅੰਦਰ ਇੱਕ ਨਤੋਦਰ ਦਰਪਣ ਵਾਂਗ ਕੇਂਦਰਿਤ ਕਰ ਲੈਂਦੇ ਹਨ ਤੇ ਇਸ ਨੂੰ ਆਪਣੇ ਮਨ ਦੀ ਪ੍ਰਯੋਗਸ਼ਾਲਾ ਵਿੱਚ ਆਮ ਵਿਚਾਰਾਂ ਤੇ ਨਾਹਰਿਆਂ ਵਿੱਚ ਬਦਲ ਦਿੰਦੇ ਹਨ।

ਕੁਦਰਤੀ ਹੀ ਇਹ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਕੀ ਇਹ ਗੁਣ ਉਨ੍ਹਾਂ ਨੂੰ ਇੱਕ ਰੁਖੇ ਸਿਆਸਤਦਾਨ ਦਾ ਰੂਪ ਨਹੀਂ ਦਿੰਦੇ ਜਿਸ ਲਈ ਲੋਕ ਕਠ-ਪੁਤਲੀਆਂ ਤੇ ਸ਼ਤਰੰਜ ਦੇ ਮੋਹਰਿਆਂ ਤੋਂ ਵੱਧ ਕੁਝ ਨਹੀਂ ਹੁੰਦੇ। ਅਜਿਹੀ ਧਾਰਨਾ ਵੀ ਗਲਤ ਹੋਵੇਗੀ ਕਿਉਂਕਿ ਵਲਾਦੀਮੀਰ ਇਲੀਇਚ ਉਨ੍ਹਾਂ ਲੋਕਾਂ ਨੂੰ ਬੜਾ ਚਾਹੁੰਦੇ ਹਨ ਜਿਨ੍ਹਾਂ ਨਾਲ਼ ਉਹ ਕੰਮ ਕਰਦੇ ਹਨ ਅਤੇ ਇਹ ਸਭਨਾਂ ਦੇ ਹਿੱਤਾਂ ਲਈ ਜੂਝਦੇ ਹਨ। ਉਨ੍ਹਾਂ ਨੇ ਉਨ੍ਹਾਂ ਲਈ ਬੇਹੱਦ ਕੋਮਲਤਾ ਤੇ ਚਿੰਤਾ ਦਾ ਵਖਾਲਾ ਕੀਤਾ ਹੈ — ਮਾਨਵੀ ਪ੍ਰਕਾਰ ਦੀ ਇੱਕ ਹਮਦਰਦੀ ਜਿਹੜੀ ਲੱਛੇਦਾਰ ਸ਼ਬਦਾਵਲੀ ਤੇ ਸੰਕੇਤਾਂ ਤੋਂ ਬੱਚੀ ਰਹਿੰਦੀ ਹੈ। ਪਰੰਤੂ, ਇਸ ਵਿੱਚ ਵੀ ਉਹ ਆਪਣੇ ਆਪ ਨੂੰ ਸੱਚੇ ਹਨ, ਕਿਉਂਕਿ ਜਿਹੜਾ ਆਦਮੀ ਆਪਣੇ ਕਰਤੱਵ ਤੇ ਘੁਲਾਟੀਆਂ ਦੀਆਂ ਸਫਾਂ ਨੂੰ ਦਗਾ ਦੇ ਜਾਂਦਾ ਹੈ, ਜਿੱਥੋਂ ਤੱਕ ਲੈਨਿਨ ਦਾ ਸਬੰਧ ਹੈ, ਉਸ ਦੀ ਹੋਂਦ ਹੀ ਨਹੀਂ ਰਹਿੰਦੀ। ਕਮਿਊਨਿਸਟ ਪਾਰਟੀ ਦੀਆਂ ਸਫ਼ਾਂ ਵਿੱਚ ਪ੍ਰੋਲੇਤਾਰੀਆਂ ਦੇ ਕਾਜ਼ ਲਈ ਘੋਲ਼ — ਇਹ ਹੈ ਮਾਪ ਜਿਹੜਾ ਲੈਨਿਨ ਦੇ ਆਦਮੀ ਵੱਲ ਵਤੀਰੇ ਨੂੰ ਨੇਮ-ਬੱਧ ਕਰਦਾ ਹੈ : "ਸੱਚ" ਦੇ ਉਨ੍ਹਾਂ ਲਈ "ਪਲਾਟੋ" ਨਾਲ਼ੋਂ ਵਧੇਰੇ ਅਰਥ ਹਨ। ਇੱਥੇ ਅਸੀਂ ਨਿੱਜੀ ਸਦਾਚਾਰ ਦੇ ਬੁਨਿਆਦੀ ਲੱਛਣ ਵੱਲ ਆਉਂਦੇ ਹਾਂ ਜਿਹੜੇ ਲੈਨਿਨ ਦੀ ਖਾਸ ਵਿਸ਼ੇਸ਼ਤਾ ਤੇ ਉਸ ਵਿਚਲੀ ਖਿੱਚ ਹਨ। ਉਨ੍ਹਾਂ ਅੰਦਰ ਆਮ ਤੇ ਖਾਸ ਵਿੱਚ ਕੋਈ ਵੰਡ ਨਹੀਂ, ਉਨ੍ਹਾਂ ਦੇ ਸਮਾਜੀ ਤੇ ਨਿੱਜੀ ਜੀਵਨ ਵਿੱਚ ਕੋਈ ਅੰਤਰ ਨਹੀਂ। ਉਹ ਇਸ ਪੱਖੋਂ ਵੀ ਇੱਕ ਚੱਟਾਨ ਦੇ ਬਣੇ ਹੋਏ ਹਨ। ਸਮਾਜੀ ਜੀਵਨ ਵਿੱਚ ਪੂਰੀ ਤਰ੍ਹਾਂ ਰਚ ਕੇ, ਉਨ੍ਹਾਂ ਨੇ ਆਪਣੀ ਨਿੱਜੀ ਹੋਂਦ ਇਸ ਨਾਲ਼ ਜੋੜੀ ਹੋਈ ਹੈ। ਉਨ੍ਹਾਂ ਦਾ ਸਾਰਾ ਨਿੱਜੀ ਜੀਵਨ ਉਨ੍ਹਾਂ ਦੀ ਸਮਾਜੀ ਸਰਗਰਮੀ ਦਾ ਸੇਵੀ ਹੈ। ਇਥੇ ਅੰਦਰੂਨੀ ਟੱਕਰਾਂ, ਦੁਖਾਤਾਂ, ਸਮਝੌਤਿਆਂ ਜਾਂ ਮੱਧ-

(ਬਾਕੀ ਪੰਨਾ 16 'ਤੇ)

ਟਿੱਪਣੀਆਂ

ਅਜ਼ਾਦੀ ਦੇ ਫ਼ਲ ਤੋਂ ਕੋਹਾਂ ਦੂਰ ਭਾਰਤ ਦੇ ਆਮ ਲੋਕ

• **ਲਖਵਿੰਦਰ**

ਅੰਗਰੇਜ਼ਾਂ ਤੋਂ ਅਜ਼ਾਦੀ ਹਾਸਲ ਹੋਏ ਨੂੰ ਛੇ ਦਹਾਕੇ ਬੀਤ ਚੁੱਕੇ ਹਨ ਪਰ ਲੋਕਾਂ ਨੂੰ ਇਸ ਅਜ਼ਾਦੀ ਤੋਂ ਕੀ ਹਾਸਲ ਹੋਇਆ ਹੈ? ਗ੍ਰਹਿ ਮੰਤਰਾਲੇ ਦੁਆਰਾ ਕਰਵਾਈ ਗਈ ਤਾਜ਼ਾ ਜਨਗਣਨਾ 'ਚੋਂ ਸਾਨੂੰ ਇਸ ਸਵਾਲ ਦਾ ਢੁਕਵਾਂ ਜਵਾਬ ਮਿਲਦਾ ਹੈ।

ਅੱਜ ਵੀ ਦੇਸ਼ ਦੇ 15 ਫੀਸਦੀ ਪਰਿਵਾਰ ਘਾਹ, ਬਾਂਸ, ਲੱਕੜੀ ਜਾਂ ਮਿੱਟੀ ਆਦਿ ਦੇ ਬਣੇ ਕੱਚੇ ਘਰਾਂ 'ਚ ਰਹਿਣ ਲਈ ਮਜ਼ਬੂਰ ਹਨ। ਭਾਰਤ ਦੇ 31 ਫੀਸਦੀ ਘਰਾਂ ਭਾਵ 33 ਕਰੋੜ 'ਚੋਂ 10 ਕਰੋੜ ਘਰਾਂ ਵਿੱਚ ਬਿਜਲੀ ਨਾਲ਼ ਰੌਸ਼ਨੀ ਨਹੀਂ ਹੁੰਦੀ ਸਗੋਂ ਇਸ ਵਾਸਤੇ ਮਿੱਟੀ ਦੇ ਤੇਲ ਦਾ ਇਸਤੇਮਾਲ ਕੀਤਾ ਜਾਂਦਾ ਹੈ। ਭਾਰਤੀ ਪਿੰਡਾਂ 'ਚ ਅਜਿਹੇ 43 ਫੀਸਦੀ ਘਰ ਹਨ ਅਤੇ ਸ਼ਹਿਰੀ ਭਾਰਤ 'ਚ 7 ਫੀਸਦੀ। 2001 ਦੀ ਜਨਗਣਨਾ ਵਿੱਚ ਪਿੰਡਾਂ ਦੇ ਅਜਿਹੇ ਘਰਾਂ ਦੀ ਸੰਖਿਆ 41 ਫੀਸਦੀ ਸੀ ਜੋ ਕਿ ਤੁਸੀਂ ਦੇਖ ਸਕਦੇ ਹੋ ਕਿ ਤਾਜ਼ਾ ਜਨਗਣਨਾ ਅਨੁਸਾਰ 2 ਫੀਸਦੀ ਵੱਧ ਚੁੱਕੀ ਹੈ। ਇਨ੍ਹਾਂ ਘਰਾਂ ਤੱਕ ਜਾਂ ਤਾਂ ਬਿਜਲੀ ਪਹੁੰਚੀ ਹੀ ਨਹੀਂ ਜਾਂ ਫਿਰ ਇਹ ਲੋਕ ਬਿਜਲੀ ਖਰਚ ਚੁੱਕਣ ਤੋਂ ਅਸਮਰੱਥ ਹਨ।

ਪੁਲਾੜ 'ਚ ਨਿੱਤ ਉਪਗ੍ਰਹਿ ਭੇਜ ਸਕਣ ਦੀ ਸਮਰੱਥਾ ਰੱਖਣ ਵਾਲ਼ੇ ਭਾਰਤ ਦੇ 68 ਫੀਸਦੀ ਘਰਾਂ ਤੱਕ ਪੀਣ ਲਈ ਫਿਲਟ੍ਰੇਸ਼ਨ ਪਲਾਂਟ ਦੁਆਰਾ ਸਾਫ਼ ਕੀਤਾ ਗਿਆ ਪਾਣੀ ਨਹੀਂ ਪਹੁੰਚਦਾ। ਦੇਸ਼ ਦੇ 53 ਫੀਸਦੀ ਘਰ ਅਜਿਹੇ ਹਨ ਜਿੱਥੇ ਪਾਣੀ ਬਾਹਰੋਂ ਲਿਆਉਣਾ ਪੈਂਦਾ ਹੈ ਭਾਵ ਇਨ੍ਹਾਂ ਘਰਾਂ ਅੰਦਰ ਨਲਕਾ, ਟੂਟੀ ਜਾਂ ਖੂਹ ਆਦਿ ਨਹੀਂ ਹੈ। 18 ਫੀਸਦੀ ਘਰਾਂ ਨੂੰ ਪੀਣ ਵਾਲ਼ਾ ਪਾਣੀ ਪਿੰਡਾਂ 'ਚ 500 ਮੀਟਰ ਅਤੇ ਸ਼ਹਿਰਾਂ 'ਚ 100 ਮੀਟਰ ਤੋਂ ਵੱਧ ਦੂਰੀ ਤੋਂ ਲਿਆਉਣਾ ਪੈਂਦਾ ਹੈ। ਸ਼ਹਿਰਾਂ ਵਿੱਚ 70 ਫੀਸਦੀ ਅਤੇ ਪਿੰਡਾਂ ਦੇ ਸਿਰਫ਼ 30 ਫੀਸਦੀ ਘਰਾਂ ਤੱਕ ਟੂਟੀ ਦਾ ਪਾਣੀ ਪਹੁੰਚਦਾ ਹੈ।

ਦੇਸ਼ 'ਚ ਵੱਡੇ ਵੱਡੇ ਹੋਟਲ, ਰੈਸਟੋਰੈਂਟ ਖੁੱਲ੍ਹ ਰਹੇ ਹਨ ਜਿਨ੍ਹਾਂ ਨੂੰ ਵੇਖ ਕੇ ਦੇਸ਼ 'ਚ ਛਲਾਂਗਾ ਮਾਰ ਵੱਧਦੀ ਖੁਸ਼ਹਾਲੀ ਦਾ ਭਰਮ ਹੁੰਦਾ ਹੈ। ਪਰ ਭਾਰਤ ਦੇ ਸਿਰਫ਼ 61 ਫੀਸਦੀ ਘਰਾਂ ਵਿੱਚ ਖਾਣਾ ਬਣਾਉਣ ਲਈ ਰਸੋਈ ਹੈ ਯਾਨੀ 39 ਫੀਸਦੀ ਘਰਾਂ ਵਿੱਚ ਭੋਜਨ ਜਾਂ ਤਾਂ ਖੁੱਲ੍ਹੇ 'ਚ ਬਣਾਉਣਾ ਪੈਂਦਾ ਹੈ ਜਾਂ ਸੌਣ ਵਾਲ਼ੇ ਕਮਰੇ ਵਿੱਚ ਹੀ। ਸ਼ਹਿਰਾਂ ਵਿੱਚ 21 ਫੀਸਦੀ ਘਰ ਹਨ ਜਿੱਥੇ ਰਸੋਈ ਨਹੀਂ ਹੈ। ਪਿੰਡਾਂ ਵਿੱਚ ਅਜਿਹੇ ਘਰਾਂ ਦੀ ਸੰਖਿਆ 47 ਫੀਸਦੀ ਹੈ। ਹੋਰ ਵੇਖੋ! ਦੇਸ਼ ਦੇ 67 ਫੀਸਦੀ ਘਰਾਂ ਵਿੱਚ ਖਾਣਾ ਬਣਾਉਣ ਲਈ ਬਾਲਣ ਦੇ ਤੌਰ 'ਤੇ ਲੱਕੜੀ, ਫਸਲਾਂ ਦੀ ਰਹਿੰਦ-ਖੂੰਹਦ, ਗੋਬਰ ਅਤੇ ਕੋਲ਼ੇ ਦੀ ਵਰਤੋਂ ਕੀਤੀ ਜਾਂਦੀ ਹੈ। ਦੇਸ਼ ਦੇ ਸਿਰਫ਼ 29 ਫੀਸਦੀ ਘਰਾਂ 'ਚ ਐਲ. ਪੀ. ਗੈਸ, ਬਿਜਲੀ ਜਾਂ ਗੋਬਰ ਗੈਸ ਆਦਿ ਦੀ ਵਰਤੋਂ ਖਾਣਾ ਬਣਾਉਣ ਲਈ ਬਾਲਣ ਦੇ ਤੌਰ 'ਤੇ ਹੁੰਦੀ ਹੈ। ਸ਼ਹਿਰਾਂ 'ਚ ਵੀ ਬਾਲਣ ਦੇ ਤੌਰ 'ਤੇ 20.1 ਫੀਸਦੀ ਘਰਾਂ 'ਚ ਲੱਕੜੀ ਅਤੇ 7.5 ਫੀਸਦੀ ਘਰਾਂ ਵਿੱਚ ਮਿੱਟੀ ਦੇ ਤੇਲ ਦੀ ਵਰਤੋਂ ਹੁੰਦੀ ਹੈ ਜਦੋਂ ਕਿ ਇੱਥੇ 65 ਫੀਸਦੀ ਘਰਾਂ 'ਚ ਹੀ ਐਲ. ਪੀ. ਜੀ. ਦੀ ਵਰਤੋਂ ਹੁੰਦੀ ਹੈ।

ਇਹ ਅੰਕੜੇ ਸਪੱਸ਼ਟ ਤੌਰ 'ਤੇ ਆਮ ਭਾਰਤੀ ਲੋਕਾਂ ਦੀ ਆਰਥਿਕ ਦੁਰਦਸ਼ਾ ਦੀ ਕਹਾਣੀ ਬਿਆਨ ਕਰਦੇ ਹਨ। ਇਸ ਆਰਥਿਕ ਦੁਰਦਸ਼ਾ ਤੋਂ ਲੋਕਾਂ ਦੀ ਸਮਾਜਿਕ ਦੁਰਦਸ਼ਾਂ ਦਾ ਵੀ ਸਹਿਜ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਅਜ਼ਾਦੀ, ਜੋ ਲੋਕਾਂ ਨੂੰ ਬੇਹਤਰ ਜ਼ਿੰਦਗੀ ਦੇ ਸਕੇ, ਅਜੇ ਕੋਹਾਂ ਦੂਰ ਹੈ। ਤਾਜ਼ਾ ਜਨਗਣਨਾ ਇਹ ਵੀ ਦੱਸਦੀ ਹੈ ਕਿ ਦੇਸ਼ ਦੇ ਸਿਰਫ਼ 5 ਫੀਸਦੀ ਪਰਿਵਾਰਾਂ ਕੋਲ ਚਾਰ ਪਹੀਆਂ ਵਾਹਨ ਹਨ। ਸਪੱਸ਼ਟ ਹੈ ਅਜ਼ਾਦੀ ਦੇ ਫ਼ਲ ਦਾ ਸਵਾਦ ਲੈਣ ਵਾਲ਼ੇ ਬਹੁਤ ਥੋੜ੍ਹੇ ਹਨ। ਬਹੁਗਿਣਤੀ ਦੀ ਕੀਮਤ 'ਤੇ ਕੁਝ ਮੁੱਠੀ ਭਰ ਲੋਕ ਅਜ਼ਾਦੀਆਂ ਮਾਣ ਰਹੇ ਹਨ। •

ਲੋਕੋ ਬਾਜ਼ ਆ ਜਾਓ ਝੂਠੇ ਲੀਡਰਾਂ ਤੋਂ !

• **ਲਖਵਿੰਦਰ**

ਪੰਜ ਸੂਬਿਆਂ - ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ, ਗੋਆ ਅਤੇ ਮਨੀਪੁਰ ਵਿੱਚ — ਵਿਧਾਨ ਸਭਾ ਚੋਣਾਂ ਦੀ ਪ੍ਰਕਿਰਿਆ ਖ਼ਤਮ ਹੋ ਚੁੱਕੀ ਹੈ। ਇਨ੍ਹਾਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਸਾਡੇ ਸਾਹਮਣੇ ਹਨ। ਕਹਿਣ ਨੂੰ ਤਾਂ ਕਈ ਪਾਰਟੀਆਂ ਜਿੱਤੀਆਂ ਹਨ ਅਤੇ ਕਈ ਹਾਰੀਆਂ ਹਨ। ਪਰ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ 'ਚੋਂ ਇੱਕ ਗੱਲ ਜੋ ਬੇਹੱਦ ਸਪੱਸ਼ਟ ਰੂਪ ਵਿੱਚ ਸਾਬਤ ਹੋਈ ਹੈ ਉਹ ਇਹ ਹੈ ਕਿ ਪੂੰਜੀਵਾਦੀ ਚੋਣਾਂ ਤੋਂ ਆਮ ਲੋਕਾਂ ਨੂੰ ਕਦੇ ਕੁਝ ਵੀ ਸਾਰਥਕ ਪ੍ਰਾਪਤੀ ਨਹੀਂ ਹੋ ਸਕਦੀ। ਪੰਜਾਂ ਵਿਧਾਨ ਸਭਾਵਾਂ ਵਿੱਚ ਕੁੱਲ 690 ਵਿਧਾਇਕ ਚੁਣੇ ਗਏ ਹਨ। ਇਨ੍ਹਾਂ ਵਿੱਚੋਂ 66 ਫੀਸਦੀ ਭਾਵ 457 ਵਿਧਾਇਕ ਕਰੋੜਪਤੀ ਹਨ। ਧਿਆਨ ਰਹੇ ਕਿ ਇਹ ਅੰਕੜਾਂ ਉਸ ਵੇਰਵੇ ਦੇ ਅਧਾਰ 'ਤੇ ਹੈ ਜਿਹੜਾ ਸਾਰੇ ਚੁਣੇ ਗਏ ਵਿਧਾਇਕਾਂ ਨੇ ਚੋਣ ਕਮਿਸ਼ਨ ਨੂੰ ਨਾਮਜਦਗੀ ਵੇਲੇ ਦਿੱਤਾ ਸੀ। ਇਹ ਜ਼ਰੂਰੀ ਨਹੀਂ ਕਿ ਜਿਹੜੇ ਵਿਧਾਇਕ ਇਨ੍ਹਾਂ ਵੇਰਵਿਆਂ ਦੇ ਅਧਾਰ 'ਤੇ ਕਰੋੜਪਤੀਆਂ ਤੋਂ ਬਾਹਰ ਹਨ ਸੱਚਮੁੱਚ ਹੀ ਕਰੋੜਪਤੀ ਨਾ ਹੋਣ। ਸਾਰੇ ਹੀ ਵਿਧਾਇਕ ਨਾਮਜਦਗੀ ਵੇਲੇ ਆਪਣੀਆਂ ਜਾਇਦਾਦਾਂ ਦੇ ਅਸਲ ਵੇਰਵੇ ਛੁਪਾਉਂਦੇ ਹਨ। ਇਨ੍ਹਾਂ ਵਿਧਾਨ ਸਭਾਵਾਂ ਚੋਣਾਂ ਵਿੱਚ ਕਰੋੜਪਤੀਆਂ ਨੂੰ ਬਹੁਮਤ ਮਿਲਿਆ ਹੈ। ਅਮੀਰਾਂ ਦੀ ਜਿੱਤ

ਗਰੀਬਾਂ ਦੀ ਹਾਰ – ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਬਸ ਇਹੋ ਅਸਲ ਨਤੀਜਾ ਹੈ। ਆਮ ਲੋਕਾਂ ਲਈ ਤਾਂ ਇਹ ਮਹਿੰਗੀਆਂ ਚੋਣਾਂ ਲੜ੍ਹਨੀਆਂ ਹੀ ਸੰਭਵ ਨਹੀਂ ਹਨ, ਜਿੱਤਣੀਆਂ ਤਾਂ ਬਹੁਤ ਦੂਰ ਦੀ ਗੱਲ ਹੈ।

ਪੰਜਾਬ ਵਿੱਚ ਕੁੱਲ 117 ਵਿਧਾਇਕਾਂ ਵਿੱਚੋਂ 101 ਵਿਧਾਇਕ ਯਾਨੀ 86 ਫੀਸਦੀ ਵਿਧਾਇਕ ਕਰੋੜਪਤੀ ਹਨ। 2007 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਰੋੜਪਤੀ ਵਿਧਾਇਕਾਂ ਦੀ ਸੰਖਿਆ ਪੰਜਾਬ ਵਿੱਚ 77 (66 ਫੀਸਦੀ) ਸੀ। ਨਾ ਸਿਰਫ਼ ਪੰਜਾਬ ਵਿਧਾਨ ਸਭਾ ਵਿੱਚ ਕਰੋੜਪਤੀਆਂ ਦੀ ਸੰਖਿਆਂ ਵਿੱਚ ਵਾਧਾ ਹੋਇਆ ਹੈ, ਸਗੋਂ ਉਨ੍ਹਾਂ ਨੇ ਵੀ ਦੌਲਤ ਇਕੱਠੀ ਕਰਨ ਦੇ ਮਾਮਲੇ ਵਿੱਚ ਦਿਨ ਦੂਣੀ ਰਾਤ ਚੌਗਣੀ ਤਰੱਕੀ ਕੀਤੀ ਹੈ ਜਿਨ੍ਹਾਂ ਨੇ 2007 ਵਿੱਚ ਵੀ ਚੋਣਾਂ ਜਿੱਤੀਆਂ ਸਨ ਤੇ ਹੁਣ ਦੁਬਾਰਾ ਵਿਧਾਇਕ ਬਣੇ ਹਨ।ਅਜਿਹੇ 74 ਵਿਧਾਇਕ ਹਨ। ਜਿੱਥੇ ਲੋਕਾਂ ਦੀ ਹਾਲਤ ਦਿਨ-ਬ-ਦਿਨ ਬਦ ਤੋਂ ਬਦਤਰ ਹੁੰਦੀ ਗਈ ਹੈ ਉੱਥੇ ਇਨ੍ਹਾਂ ਦੀ ਦੌਲਤ ਵਿੱਚ ਪਿਛਲੇ ਪੰਜ ਵਰ੍ਹਿਆਂ ਦੌਰਾਨ 60 ਫੀਸਦੀ ਵਾਧਾ ਹੋਇਆ ਹੈ।

ਬਾਕੀ ਸੂਬਿਆਂ ਦੀ ਵੀ ਇਹੋ ਕਹਾਣੀ ਹੈ। ਉੱਤਰ ਪ੍ਰਦੇਸ਼ ਵਿੱਚ 2007 ਵਿੱਚ 124 ਕਰੋੜਪਤੀਆਂ ਨੇ ਵਿਧਾਨ ਸਭਾ ਵਿੱਚ ਥਾਂ ਮੱਲੀ ਸੀ। ਨਵੀਂ ਵਿਧਾਨ ਸਭਾ ਵਿੱਚ ਇਨ੍ਹਾਂ ਦੀ ਗਿਣਤੀ 271 ਭਾਵ 67 ਫੀਸਦੀ ਹੋ ਚੁੱਕੀ ਹੈ।ਉੱਤਰਾਖੰਡ ਵਿੱਚ 46 ਫੀਸਦੀ ਨਵੇਂ ਵਿਧਾਇਕ ਕਰੋੜਪਤੀ ਹਨ। 2007 ਦੀਆਂ ਚੋਣਾਂ ਵਿੱਚ ਇਨ੍ਹਾਂ ਦੀ ਗਿਣਤੀ 12 ਫੀਸਦੀ ਸੀ। ਮਨੀਪੁਰ ਵਿੱਚ 2007 ਦੀਆਂ ਚੋਣਾਂ ਵਿੱਚ ਇੱਕ ਹੀ ਕਰੋੜਪਤੀ ਵਿਧਾਇਕ ਸੀ ਪਰ ਹੁਣ 16 ਵਿਧਾਇਕ ਕਰੋੜਪਤੀ ਹਨ। ਗੋਆ ਵਿੱਚ 37 (93 ਫੀਸਦੀ) ਨਵੇਂ ਵਿਧਾਇਕ ਕਰੋੜਪਤੀ ਹਨ ਜਦ ਕਿ 2007 ਤੋਂ ਬਾਅਦ ਬਣੀ ਵਿਧਾਨ ਸਭਾ ਵਿੱਚ ਇਨ੍ਹਾਂ ਦੀ ਗਿਣਤੀ 22 ਸੀ।

ਇਹ ਵਿਧਾਨ ਸਭਾਵਾਂ ਨਾ ਸਿਰਫ਼ ਕਰੋੜਪਤੀਆਂ ਦੀਆਂ ਹਨ ਸਗੋਂ ਅਪਰਾਧੀਆਂ ਦੀ ਵੀ ਇਨ੍ਹਾਂ ਵਿੱਚ ਹਾਜ਼ਰੀ ਘੱਟ ਨਹੀਂ ਹੈ। ਸਿਰਫ਼ ਮਨੀਪੁਰ ਅਜਿਹਾ ਸੂਬਾ ਹੈ ਜਿੱਥੇ ਕਿਸੇ ਵੀ ਨਵੇਂ ਵਿਧਾਇਕ ਖਿਲਾਫ਼ ਕੋਈ ਅਪਰਾਧਕ ਮਾਮਲਾ ਨਹੀਂ ਚੱਲ ਰਿਹਾ। ਪਰ ਬਾਕੀ ਸਾਰਿਆਂ ਸੂਬਿਆਂ ਵਿੱਚ ਵੱਡੀ ਪੱਧਰ 'ਤੇ ਨਾ ਸਿਰਫ਼ ਇਸ ਵਾਰ ਵੀ ਅਪਰਾਧਕ ਪਿਛੋਕੜ ਵਾਲੇ ਵਿਅਕਤੀ ਵਿਧਾਇਕ ਬਣੇ ਹਨ ਸਗੋਂ ਪਿਛਲੀਆਂ ਵਿਧਾਨ ਸਭਾਵਾਂ ਦੇ ਮੁਕਾਬਲੇ ਇਸ ਵਾਰ ਇਨ੍ਹਾਂ ਦੀ ਗਿਣਤੀ ਵੀ ਵਧੀ ਹੈ। ਪੰਜਾਂ ਵਿਧਾਨ ਸਭਾਵਾਂ ਵਿੱਚ ਕੁੱਲ ਬਣੇ ਵਿਧਾਇਕਾਂ ਵਿੱਚੋਂ 34 ਫੀਸਦੀ (189) ਖਿਲਾਫ਼ ਭਾਰਤੀ ਕਨੂੰਨਾਂ ਅਨੁਸਾਰ ਅਪਰਾਧਕ ਮਾਮਲੇ ਚੱਲ ਰਹੇ ਹਨ। 2007 ਦੀਆਂ ਚੋਣਾਂ ਵਿੱਚ ਇਨ੍ਹਾਂ ਦੀ ਸੰਖਿਆ 190 ਯਾਨੀ 27 ਫੀਸਦੀ ਸੀ। ਪੰਜਾਬ ਵਿੱਚ 22 ਵਿਧਾਇਕਾਂ ਖਿਲਾਫ਼ ਅਪਰਾਧਕ ਮਾਮਲੇ ਚੱਲ ਰਹੇ ਹਨ। 2007 ਦੀਆਂ ਚੋਣਾਂ ਦੌਰਾਨ ਅਜਿਹੇ 21 ਵਿਅਕਤੀ ਵਿਧਾਇਕਾਂ ਦੀਆਂ ਕੁਰਸੀਆਂ ਹਾਸਲ ਕਰਨ ਵਿੱਚ ਕਾਮਯਾਬ ਹੋਏ ਸਨ।

ਕੀ ਇਹ ਕਰੋੜਪਤੀ ਅਤੇ ਅਪਰਾਧੀ ਆਮ ਲੋਕਾਂ ਦੀ ਕਦੇ ਕੋਈ ਸਾਰ ਲੈਣਗੇ? ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਪੂੰਜੀਵਾਦੀ ਚੋਣਾਂ ਰਾਹੀਂ ਆਮ ਕਿਰਤੀ ਲੋਕਾਂ ਦੀ ਜ਼ਿੰਦਗੀ ਵਿੱਚ ਬੇਹਤਰੀ ਲਿਆ ਸਕਣ ਵਾਲ਼ੇ ਲੋਕ ਸੱਤਾ ਹਾਸਲ ਕਰਨ ਵਿੱਚ ਕਾਮਯਾਬ ਨਹੀਂ ਹੋਏ। ਜੋ ਇਨ੍ਹਾਂ ਚੋਣਾਂ ਰਾਹੀਂ ਸੱਤਾ ਹਾਸਲ ਕਰਦੇ ਹਨ ਉਹ ਸਰਮਾਏਦਾਰੀ ਦੀ ਹੀ ਸੇਵਾ ਕਰਦੇ ਹਨ ਅਤੇ ਖੁਦ ਦੇ ਲਾਲਚ ਪੂਰੇ ਕਰਦੇ ਹਨ। ਲੋਕਾਂ ਦੀ ਜ਼ਿੰਦਗੀ 'ਚ ਬੇਹਤਰੀ ਲਿਆਉਣ ਵਿੱਚ ਇਨ੍ਹਾਂ ਦੀ ਕਦੇ ਕੋਈ ਦਿਲਚਸਪੀ ਨਹੀਂ ਹੁੰਦੀ। ਆਖ਼ਰ ਲੋਕ ਕਦੇ ਤਾਂ ਅਮੀਰਾਂ-ਅਪਰਾਧੀਆਂ ਦੀਆਂ ਚੋਣਾਂ ਦੇ ਮੱਕੜਜਾਲ 'ਚੋਂ ਬਾਹਰ ਆਉਣਗੇ ਤੇ ਜੱਥੇਬੰਦ ਸੰਘਰਸ਼ ਅਤੇ ਇਨਕਲਾਬੀ ਸੱਤਾ ਤਬਦੀਲੀ ਦਾ ਰਾਹ ਫੜਨਗੇ। •

ਜਿੱਥੇ ਦਰ-ਬਦਰ ਹੋ ਰਹੀ ਹੈ ਜ਼ਿੰਦਗੀ
ਜਿੱਥੇ ਹੱਤਿਆ ਹੋ ਰਹੀ ਹੈ ਜਿਉਂਦੇ ਸ਼ਬਦਾਂ ਦੀ
ਅਤੇ ਆਵਾਜ਼ਾਂ ਨੂੰ ਕੈਦ-ਤਨਹਾਈ ਦੀ
ਸਜ਼ਾ ਸੁਣਾਈ ਜਾ ਰਹੀ ਹੈ,

ਜਿੱਥੇ ਜ਼ਲਾਵਤਨ ਬਨਸਪਤੀਆਂ ਹਨ
ਅਤੇ ਕਾਲ਼ੀਆਂ ਤਪਦੀਆਂ ਚੱਟਾਨਾਂ ਹਨ
ਉੱਥੇ ਤੇਰੀ ਉਡੀਕ ਹੈ,

ਜੇ ਤੂੰ ਨੌਜਵਾਨ ਏ!
ਜਿੱਥੇ ਸੰਕਲਪਾਂ ਦੇ ਬੈਰੀਕੇਡ ਖੜ੍ਹੇ ਹੋ ਰਹੇ ਹਨ,
ਜਿੱਥੇ ਸਮਝ ਦੇ ਬੰਕਰ ਖੋਦੇ ਜਾ ਰਹੇ ਹਨ
ਜਿੱਥੇ ਚੁਣੌਤੀਆਂ ਦੇ ਪਰਚਮ ਲਹਿਰਾਏ ਜਾ ਰਹੇ ਹਨ
ਉੱਥੇ ਤੇਰੀ ਉਡੀਕ ਹੈ
ਜੇਕਰ ਤੂੰ ਨੌਜਵਾਨ ਏਂ!

• ਸ਼ਸੀ ਪ੍ਰਕਾਸ਼

ਸਰਗਰਮੀਆਂ

ਨੌਜਵਾਨ ਭਾਰਤ ਸਭਾ ਵੱਲੋਂ
23 ਮਾਰਚ ਦੇ ਸ਼ਹੀਦਾਂ ਦੀ ਯਾਦ 'ਚ ਮੁਹਿੰਮ

ਲੁਟੇਰੀਆਂ ਹਾਕਮ ਜਮਾਤਾਂ ਅਤੇ ਉਸ ਦੇ ਬੁੱਧੀਜੀਵੀ ਇਤਿਹਾਸਕਾਰਾਂ ਨੇ ਹਮੇਸ਼ਾ ਕਿਰਤੀ ਲੋਕਾਂ ਦੇ ਨਾਇਕਾਂ/ਸ਼ਹੀਦਾਂ ਨੂੰ ਉਨ੍ਹਾਂ ਤੋਂ ਦੂਰ ਕਰਨ ਦੀ ਅਤੇ ਉਨ੍ਹਾਂ ਨੂੰ ਦੇਵ-ਮੂਰਤੀਆਂ 'ਚ ਬਦਲਕੇ ਉਨ੍ਹਾਂ ਦੇ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਹੈ। ਇਹ ਧੋਖਾ ਹਮੇਸ਼ਾ ਉਹ ਲੋਕਾਂ ਨਾਲ਼ ਕਰਦੇ ਆਏ ਹਨ। ਪਰ ਸਫਲਤਾ ਹਾਲੇ ਉਨ੍ਹਾਂ ਦੇ ਹੱਥ ਨਹੀਂ ਲੱਗੀ। ਅੱਜ ਵੀ ਕਿਰਤੀ ਲੋਕਾਂ ਲਈ ਕੁਰਬਾਨੀ ਕਰਨ ਵਾਲੇ ਸ਼ਹੀਦ ਕਿਰਤੀਆਂ ਦੇ ਦਿਲਾਂ ਵਿੱਚ ਵਸਦੇ ਹਨ।

ਗੋਬਿੰਦਗੜ੍ਹ - 23 ਮਾਰਚ ਨੂੰ ਸ਼ਹੀਦ ਭਗਤ ਸਿੰਘ, ਸੁਖਦੇਵ, ਰਾਜਗੁਰੂ ਦਾ ਸ਼ਹੀਦੀ ਦਿਹਾੜਾ ਸੀ। 'ਨੌਜਵਾਨ ਭਾਰਤ ਸਭਾ' ਵੱਲੋਂ ਪੂਰੇ ਪੰਜਾਬ 'ਚ ਉਨ੍ਹਾਂ ਦਾ 81ਵਾਂ ਸ਼ਹੀਦੀ ਦਿਹਾੜਾ ਉਨ੍ਹਾਂ ਦੇ ਸੁਪਨੇ ਨੂੰ ਲੋਕਾਂ ਤੱਕ ਪਹੁੰਚਾਕੇ ਮਨਾਇਆ ਗਿਆ। ਭਗਤ ਸਿੰਘ, ਸੁਖਦੇਵ, ਰਾਜਗੁਰੂ ਨੂੰ ਸਿਰਫ਼ ਇਸ ਲਈ ਯਾਦ ਕਰਨ ਦੀ ਲੋੜ ਨਹੀਂ ਕਿ ਉਨ੍ਹਾਂ ਦੀ ਸ਼ਹੀਦੀ ਨੂੰ 81 ਵਰ੍ਹੇ ਬੀਤ ਚੁੱਕੇ ਹਨ, ਸਗੋਂ ਇਸ ਲਈ ਵੀ ਲੋਕਾਂ 'ਚ ਉਨ੍ਹਾਂ ਦੇ ਵਿਚਾਰਾਂ ਨੂੰ ਲਿਜਾਣ ਦੀ ਲੋੜ ਹੈ ਕਿ ਉਨ੍ਹਾਂ ਵੱਲੋਂ ਵੇਖਿਆ ਸੁਪਨਾ ਕਿ ਭਾਰਤ ਇੱਕ 'ਸਮਾਜਵਾਦੀ' ਦੇਸ਼ ਹੋਵੇਗਾ, ਹਾਲੇ ਤੱਕ ਅਧੂਰਾ ਹੈ। 'ਨੌਭਾਸ' ਵੱਲੋਂ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਭਗਤ ਸਿੰਘ ਦੇ ਵਿਚਾਰਾਂ, ਉਨ੍ਹਾਂ ਦੇ ਸੁਪਨੇ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਪੰਜਾਬ ਭਰ 'ਚ ਵੱਡੇ ਪੱਧਰ 'ਤੇ ਪਰਚਾ ਵੰਡਿਆ ਗਿਆ ਅਤੇ ਜਗ੍ਹਾ-ਜਗ੍ਹਾ 'ਤੇ ਪੋਸਟਰ ਲਗਾਕੇ ਲੋਕਾਂ ਨੂੰ ਸ਼ਹੀਦਾਂ ਦੀ ਕੁਰਬਾਨੀ ਦੇ ਮਾਅਨਿਆਂ ਤੋਂ ਜਾਣੂ ਕਰਵਾਇਆ ਗਿਆ। ਨੌਭਾਸ ਦੀ ਇਲਾਕਾ ਇਕਾਈ ਮੰਡੀ ਗੋਬਿੰਦਗੜ੍ਹ ਵੱਲੋਂ ਪਿਛਲੀ 18 ਮਾਰਚ ਨੂੰ 'ਭਗਤ ਸਿੰਘ ਦੀ ਵਿਚਾਰਧਾਰਾ ਅਤੇ ਅੱਜ ਦਾ ਸਮਾਂ' ਵਿਸ਼ੇ 'ਤੇ ਵਿਚਾਰ-ਚਰਚਾ ਕਰਵਾਈ ਗਈ। ਇਸ ਵਿਸ਼ੇ 'ਤੇ ਬੋਲਦਿਆਂ ਨੌਭਾਸ ਦੇ ਲਖਵਿੰਦਰ ਨੇ ਨੌਜਵਾਨਾਂ ਨੂੰ ਭਗਤ ਸਿੰਘ ਦੇ ਵਿਚਾਰਾਂ ਦੀ ਅੱਜ ਦੇ ਸਮੇਂ ਵਿੱਚ ਪ੍ਰਸੰਗਕਤਾ ਬਾਰੇ ਦੱਸਿਆ। ਮੰਡੀ ਗੋਬਿੰਦਗੜ੍ਹ ਵਿੱਚ ਨੌਭਾਸ ਦੇ ਸਾਥੀਆਂ ਵੱਲੋਂ ਘਰ-ਘਰ ਜਾ ਕੇ, ਚੌਂਕਾ ਵਿੱਚ ਖੜਕੇ ਅਤੇ ਬਜ਼ਾਰਾਂ ਵਿੱਚ ਭਗਤ ਸਿੰਘ ਦੇ ਵਿਚਾਰਾਂ 'ਤੇ ਅਧਾਰਿਤ ਪਰਚਾ ਵੰਡਿਆ ਗਿਆ ਅਤੇ ਥਾਂ-ਥਾਂ ਪੋਸਟਰ ਲਗਾਏ ਗਏ।


ਚੰਡੀਗੜ੍ਹ - ਨੌਭਾਸ ਦੀ ਇਕਾਈ ਚੰਡੀਗੜ੍ਹ ਦੇ ਸਾਥੀਆਂ ਨੇ 23 ਮਾਰਚ ਦੇ ਸਬੰਧ ਵਿੱਚ ਵੱਡੀ ਪੱਧਰ 'ਤੇ ਪਰਚਾ ਅਤੇ ਪੋਸਟਰ ਵੰਡਕੇ ਲੋਕਾਂ ਨੂੰ ਭਗਤ ਸਿੰਘ ਦੇ ਵਿਚਾਰਾਂ ਤੋਂ ਜਾਣੂੰ ਕਰਵਾਇਆ। ਚੰਡੀਗੜ੍ਹ ਇਕਾਈ ਵੱਲੋਂ 21 ਮਾਰਚ ਨੂੰ ਇੱਕ ਸਾਈਕਲ ਰੈਲੀ ਕੱਢੀ ਗਈ। ਜਿਹੜੀ ਪੰਜਾਬ ਯੂਨੀਵਰਸਿਟੀ ਤੋਂ ਸ਼ੁਰੂ ਹੋ ਕੇ ਪੀ. ਜੀ. ਆਈ. ਗੇਟ, ਸੈਕਟਰ-17 ਨੇਟਰੀ, ਪਲਾਜਾ ਮਾਰਕਿਟ, ਜ਼ਿਲ੍ਹਾ ਕਚਹਿਰੀ, ਥਾਣਾ ਸਿੱਟੀ, ਸੈਕਟਰ 34 'ਚ ਪਾਸਪੋਰਟ ਦਫ਼ਤਰ ਅਤੇ ਮੇਨ ਮਾਰਕਿਟ ਦੇ ਪਾਰਕ 'ਚੋਂ ਹੁੰਦੀ ਹੋਈ ਸ਼ਹਿਰ ਦੇ ਵੱਖ ਵੱਖ ਬਜ਼ਾਰਾਂ 'ਚ ਪਹੁੰਚੀ। ਰਾਹ ਵਿੱਚ ਜਾਂਦੇ ਵੇਲੇ ਲੋਕਾਂ ਦਰਮਿਆਨ ਪਰਚਾ ਵੰਡਿਆ ਗਿਆ ਅਤੇ ਨੁਕੜ ਸਭਾਵਾਂ ਕੀਤੀਆਂ ਗਈਆਂ ਜਿਸ ਵਿੱਚ ਨੌਭਾਸ ਦੇ ਰਜਿੰਦਰ, ਕਮਲ ਅਤੇ ਨਮਿਤਾ ਨੇ ਲੋਕਾਂ ਨੂੰ ਅੱਜ ਹਾਲਤ ਦੱਸਕੇ ਭਗਤ ਸਿੰਘ ਦੇ ਵਿਚਾਰਾਂ ਦੀ ਸਾਰਥਕਤਾ ਬਾਰੇ ਦੱਸਿਆ। ਨੌਭਾਸ ਦੇ ਸਾਥੀਆਂ ਨੇ ਤਰ੍ਹਾਂ ਤਰ੍ਹਾਂ ਦੀਆਂ ਸਿਆਸੀ ਪਾਰਟੀਆਂ, ਜੋ ਭਗਤ ਸਿੰਘ ਦੇ ਨਾਂ ਦਾ ਇਸਤੇਮਾਲ ਕਰਦੀਆਂ ਹਨ ਅਤੇ ਜਿਨ੍ਹਾਂ ਦੀ ਭਗਤ ਸਿੰਘ ਦੇ ਵਿਚਾਰਾਂ ਨਾਲ਼ ਦੂਰ ਦੂਰ ਤੱਕ ਕੋਈ ਨੇੜਤਾ ਨਹੀਂ ਹੈ, ਤੋਂ ਸੁਚੇਤ ਰਹਿਣ ਲਈ ਕਿਹਾ। ਰੈਲੀ ਦੌਰਾਨ ਟੀਮ ਨੇ 'ਮੇਰਾ ਰੰਗ ਦੇ ਬਸੰਤੀ ਚੋਲਾ', ਵਰਗੇ ਇਨਕਲਾਬੀ ਗੀਤ ਵੀ ਗਾਏ। ਇਸ ਤੋਂ ਪਹਿਲਾਂ 19 ਮਾਰਚ ਨੂੰ ਨੌਭਾਸ ਦੇ ਕਾਰਕੁੰਨਾਂ ਨੇ ਕਲੋਨੀ ਨੰਬਰ-4 ਜਾ ਕੇ ਘਰ ਘਰ ਪਰਚਾ ਵੰਡਿਆ। ਰੈਲੀ ਨੂੰ ਲੋਕਾਂ ਦੁਆਰਾ ਭਰਵਾਂ ਹੁੰਗਾਰਾ ਮਿਲਿਆ।

ਮਾਛੀਵਾੜਾ - ਨੌਭਾਸ ਦੀ ਇਕਾਈ ਮਾਛੀਵਾੜਾ ਨੇ ਵੀ ਮਾਛੀਵਾੜੇ, ਨਵਾਂਸ਼ਹਿਰ ਅਤੇ ਹੋਰ ਨਾਲ਼ ਲੱਗਦੇ ਪਿੰਡਾਂ ਵਿੱਚ ਪਰਚਾ ਵੰਡਕੇ ਅਤੇ ਪੋਸਟਰ ਲਗਾਕੇ ਲੋਕਾਂ ਨੂੰ ਸ਼ਹੀਦਾਂ ਦੀ ਕੁਰਬਾਨੀ ਦੇ ਅਸਲ ਮਾਅਨਿਆਂ ਨੂੰ ਲੋਕਾਂ ਤੱਕ ਪਹੁੰਚਾਇਆ ਅਤੇ ਲੁੱਟ-ਜਬਰ ਤੇ ਮੁਨਾਫ਼ੇ ਅਧਾਰਿਤ ਇਸ ਢਾਂਚੇ ਵਿਰੁੱਧ ਸ਼ਹੀਦਾਂ ਦੀ ਵਿਚਾਰਧਾਰਾ ਨਾਲ਼ ਲੈਸ ਹੋ ਕੇ ਲੜਨ ਲਈ ਪ੍ਰੇਰਿਆ, ਤਾਂ ਕਿ ਉਨ੍ਹਾਂ ਮਹਾਨ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਿਆ ਜਾ ਸਕੇ।

ਸੰਗਰੂਰ - ਸੰਗਰੂਰ ਅਤੇ ਬਠਿੰਡੇ ਦੇ ਇਲਾਕਿਆਂ 'ਚ ਵੀ ਨੌਜਵਾਨ ਭਾਰਤ ਸਭਾ ਵੱਲੋਂ ਪਰਚਾ ਵੰਡਿਆ ਗਿਆ ਅਤੇ ਪੋਸਟਰ ਲਾਇਆ ਗਿਆ।

ਪੱਖੋਵਾਲ - ਨੌਂਭਾਸ ਦੀ ਇਲਾਕਾ ਇਕਾਈ ਪੱਖੋਵਾਲ-ਰਾਏਕੋਟ ਵੱਲੋਂ 23 ਮਾਰਚ ਦੇ ਸ਼ਹੀਦਾਂ ਨਾਲ਼ ਸਬੰਧਤ, ਪੱਖੋਵਾਲ ਅਤੇ ਉਸ ਦੇ ਨਾਲ਼ ਲੱਗਦੇ ਪਿੰਡਾਂ 'ਚ ਭਗਤ ਸਿੰਘ ਦੇ ਵਿਚਾਰਾਂ ਨੂੰ ਫੈਲਾਉਣ ਦੀ ਮੁਹਿੰਮ ਵਿੱਢੀ ਗਈ। ਨੌਂਭਾਸ ਦੇ ਕਾਰਕੁੰਨਾਂ ਵੱਲੋਂ ਪੱਖੋਵਾਲ ਸਮੇਤ ਬੜੂੰਦੀ, ਰਾਜਗੜ੍ਹ, ਗੁੱਜਰਵਾਲ, ਫੱਲੇਵਾਲ, ਭੈਣੀ ਰੋੜਾ, ਡਾਂਗੋ, ਨੰਗਲਾਂ ਅਤੇ ਸਰਾਭਾ ਆਦਿ ਵਰਗੇ ਤਕਰੀਬਨ 12 ਪਿੰਡਾਂ 'ਚ ਘਰ ਘਰ ਜਾਕੇ ਪਰਚਾ ਵੰਡਿਆ ਗਿਆ ਅਤੇ ਪੋਸਟਰ ਲਗਾਏ ਗਏ। ਮੁਹਿੰਮ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ ਮਿਲਿਆ। 23 ਮਾਰਚ ਵਾਲੇ ਦਿਨ ਭਗਤ ਸਿੰਘ ਨੂੰ ਯਾਦ ਕਰਦਿਆਂ ਸ਼ਾਮੀਂ ਪਿੰਡ ਪੱਖੋਵਾਲ 'ਚ ਮਸ਼ਾਲ ਮਾਰਚ ਕੀਤਾ ਗਿਆ, ਜਿਸ ਵਿੱਚ ਨੌਜਵਾਨਾਂ ਨੇ ਵਧ ਚੜ੍ਹਕੇ ਹਿੱਸਾ ਲਿਆ। ਮਸ਼ਾਲ ਮਾਰਚ ਨੇ ਲੜਕਿਆਂ ਦੇ ਪ੍ਰਾਇਮਰੀ ਸਕੂਲ ਤੋਂ ਸ਼ੁਰੂ ਹੋ ਕੇ 'ਇਨਕਲਾਬ ਜ਼ਿੰਦਾਬਾਦ' ਦੇ ਅਸਮਾਨ ਗੂੰਜਾਉਂਦੇ ਨਾਅਰਿਆਂ ਨਾਲ਼ ਸਾਰੇ ਪਿੰਡ ਦਾ ਚੱਕਰ ਲਗਾਇਆ, ਤਾਂ ਕਿ ਲੋਕਾਂ ਦੇ ਦਿਲਾਂ 'ਚ ਭਗਤ ਸਿੰਘ ਦੇ ਵਿਚਾਰਾਂ ਦੀ ਮਸ਼ਾਲ ਜਗਾਈ ਜਾ ਸਕੇ। ਮਸ਼ਾਲ ਮਾਰਚ ਦੀ ਸਮਾਪਤੀ ਸਕੂਲ ਦੇ ਨਾਲ਼ ਲੱਗਦੇ ਚੌਂਤਰੇ 'ਤੇ ਹੋਈ, ਜਿੱਥੇ ਨੌਂਭਾਸ ਦੇ ਇਕਾਈ ਕਨਵੀਨਰ ਨੇ ਲੋਕਾਂ ਨੂੰ ਭਗਤ ਸਿੰਘ ਦੇ ਜੀਵਨ, ਉਨ੍ਹਾਂ ਦੇ ਸੁਪਨੇ ਅਤੇ ਅੱਜ ਦੇ ਹਾਲਾਤਾਂ ਬਾਰੇ ਦੱਸਿਆ। ਨੌਂਭਾਸ ਦੇ ਸਾਥੀਆਂ ਨੇ ਲੋਕਾਂ ਨੂੰ ਭਗਤ ਸਿੰਘ ਦੇ ਵਿਚਾਰਾਂ ਨੂੰ ਮੁੜ ਤੋਂ ਸੋਚਣ ਵਿਚਾਰਨ ਬਾਰੇ ਕਿਹਾ ਅਤੇ ਭਗਤ ਸਿੰਘ ਦਾ 'ਇਨਕਲਾਬ ਦਾ ਸੁਨੇਹਾ' ਘਰ ਘਰ ਪਹੁੰਚਾਉਣ ਦਾ ਹੋਕਾ ਦਿੱਤਾ। ਉਨ੍ਹਾਂ ਦੱਸਿਆ ਕਿ ਭਗਤ ਸਿੰਘ ਮੁਤਾਬਕ "ਅਜ਼ਾਦੀ ਤੋਂ ਮਤਲਬ ਗੋਰੀ ਥਾਂ ਕਾਲੀ ਚਮੜੀ ਦਾ ਆਉਣਾ ਨਹੀਂ ਸੀ, ਸਗੋਂ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਖਾਤਮਾ ਸੀ।" ਉਨ੍ਹਾਂ ਭਗਤ ਸਿੰਘ ਦੇ ਸ਼ਬਦਾਂ ਵਿੱਚ ਹੀ ਕਿਹਾ ਕਿ ਇਹ ਇੱਕ ਜੰਗ ਹੈ, ਜੋ ਜਾਰੀ ਹੈ ਅਤੇ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਤਾਕਤਵਰ, ਗਰੀਬ ਨੂੰ ਦਬਾਉਂਦਾ, ਲੁੱਟਦਾ ਰਹੇਗਾ ਅਤੇ ਜਦੋਂ ਤੱਕ ਕਿਰਤੀ ਲੋਕਾਂ ਦੀ ਤਾਨਾਸ਼ਾਹੀ ਲਾਗੂ ਨਹੀਂ ਹੋ ਜਾਂਦੀ। ਮੁਹੱਲੇ ਦੇ ਸਾਰੇ ਲੋਕ ਅਤੇ ਨੌਜਵਾਨ ਪੂਰੇ ਉਤਸ਼ਾਹ ਵਿੱਚ ਸਨ ਅਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਗਾਉਂਦੇ ਹੋਏ ਹੀ ਮਸ਼ਾਲ ਮਾਰਚ ਦੀ ਸਮਾਪਤੀ ਕਰ ਦਿੱਤੀ ਗਈ।

ਲੁਧਿਆਣਾ - ਸ਼ਹਾਦਤ ਦਿਵਸ ਕਾਨਫਰੰਸ ਦਾ ਅਯੋਜਨ ਹੋਇਆ – ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਯਾਦ 25 ਮਾਰਚ ਨੂੰ ਟੈਕਸਟਾਈਲ ਮਜ਼ਦੂਰ ਯੂਨੀਅਨ ਅਤੇ ਕਾਰਖਾਨਾ ਮਜ਼ਦੂਰ ਯੂਨੀਅਨ ਦੁਆਰਾ ਲੁਧਿਆਣੇ ਦੇ ਚੰਡੀਗੜ੍ਹ ਰੋਡ 'ਤੇ ਪੈਂਦੇ ਪੁਡਾ ਮੈਦਾਨ ਵਿੱਚ ਸ਼ਹਾਦਤ ਦਿਵਸ ਕਾਨਫਰੰਸ ਕੀਤੀ ਗਈ। ਸੈਂਕੜੇ ਮਜ਼ਦੂਰਾਂ-ਨੌਜਵਾਨਾਂ ਨੇ ਕਾਨਫਰੰਸ ਵਿੱਚ ਹਿੱਸਾ ਲਿਆ। •



ਐਲਾਨਨਾਮੇ ਦਾ ਫਾਰਮ : ਫਾਰਮ 4
(ਨਿਯਮ 8 ਦੇ ਤਹਿਤ)

ਮੈਗਜ਼ੀਨ ਦਾ ਨਾਂ	ਤਬਦੀਲੀ ਪਸੰਦ ਨੌਜਵਾਨਾਂ ਦੀ ਲਲਕਾਰ
ਮੈਗਜ਼ੀਨ ਦੀ ਭਾਸ਼ਾ	ਪੰਜਾਬੀ
ਆਵਰਤਤਾ	ਮਾਸਿਕ
ਮੈਗਜ਼ੀਨ ਦੀ ਕੀਮਤ	10 ਰੁਪਏ
ਪ੍ਰਕਾਸ਼ਕ ਦਾ ਨਾਂ	ਲਖਵਿੰਦਰ ਸਿੰਘ
ਕੌਮੀਅਤ	ਭਾਰਤੀ
ਪਤਾ	ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ, ਪੰਜਾਬ -140406
ਪ੍ਰਕਾਸ਼ਨ ਸਥਾਨ	ਸਰਹਿੰਦ ਸ਼ਹਿਰ, ਪੰਜਾਬ।
ਪ੍ਰਿੰਟਰ ਦਾ ਨਾਂ	ਲਖਵਿੰਦਰ ਸਿੰਘ
ਪਤਾ	ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ, ਪੰਜਾਬ -140406
ਪ੍ਰਿੰਟਿੰਗ ਪ੍ਰੈੱਸ ਦਾ ਨਾਂ	ਸੈਂਟੋ ਪ੍ਰਿੰਟਰਜ਼, ਜੋਸ਼ੀ ਐਸਟੇਟ, ਨੇੜੇ ਟਾਂਡਾ ਰੇਲਵੇ ਫਾਟਕ, ਜਲੰਧਰ, ਪੰਜਾਬ।
ਸੰਪਾਦਕ ਦਾ ਨਾਂ	ਲਖਵਿੰਦਰ ਸਿੰਘ
ਕੌਮੀਅਤ	ਭਾਰਤੀ
ਪਤਾ	ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ, ਪੰਜਾਬ -140406
ਮਾਲਕ ਦਾ ਨਾਂ	ਲਖਵਿੰਦਰ ਸਿੰਘ
ਕੌਮੀਅਤ	ਭਾਰਤੀ

ਮੈਂ, ਲਖਵਿੰਦਰ ਸਿੰਘ, ਇਹ ਐਲਾਨ ਕਰਦਾ ਹਾਂ ਕਿ ਉਪਰੋਕਤ ਤੱਥ ਮੇਰੀ ਵੱਧ ਤੋਂ ਵੱਧ ਜਾਣਕਾਰੀ ਮੁਤਾਬਿਕ ਸੱਚ ਹਨ।

ਹਸਤਾਖਰ
(ਲਖਵਿੰਦਰ ਸਿੰਘ)
ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ

(ਟਾਈਟਲ ਸਫ਼ੇ ਤੋਂ ਜਾਰੀ)

ਇਸ ਪੱਧਤੀ ਦੀ ਸ਼ਾਹਕਾਰ ਰਚਨਾ ਮੰਨੀ ਜਾਂਦੀ ਹੈ।

ਪੂਰਬੀ ਜਰਮਨੀ ਵਿਚ ਵੀ ਆਈਸਲਰ ਬ੍ਰੈਖ਼ਤ ਨਾਲ ਮਿਲ਼ਕੇ ਕੰਮ ਕਰਦੇ ਰਹੇ। 1956 ਵਿਚ ਬ੍ਰੈਖ਼ਤ ਦੀ ਮੌਤ ਨਾਲ਼ ਇਹ ਜੋੜੀ ਟੁੱਟ ਗਈ। ਆਈਸਲਰ ਬਾਕੀ ਉਮਰ ਇਸ ਸਦਮੇ ਤੋਂ ਪੂਰੀ ਤਰ੍ਹਾਂ ਉਭਰ ਨਹੀਂ ਸਕੇ। 6 ਸਤੰਬਰ, 1962 ਨੂੰ ਹਾਂਸ ਆਈਸਲਰ ਦੀ ਮੌਤ ਹੋ ਗਈ।

ਉਨ੍ਹਾਂ ਦੀ ਮੌਤ ਦੇ ਬਾਅਦ ਪੂਰਬੀ ਜਰਮਨੀ ਦੇ ਹਾਕਮਾਂ ਨਾਲ਼ ਉਸ ਦੀਆਂ ਅਸਹਿਮਤੀਆਂ ਦੀਆਂ ਸੂਚਨਾਵਾਂ ਕਾਰਣ 'ਛੁਪੇ ਹੋਏ ਬਾਗ਼ੀ' ਨੂੰ ਲੱਭਣ ਹਿਤ 1970 ਵਿਚ ਪੱਛਮੀਂ ਜਰਮਨੀ ਵਿਚ ਉਨ੍ਹਾਂ ਦੀਆਂ ਰਚਨਾਵਾਂ ਦਾ ਪ੍ਰਕਾਸ਼ਨ ਹੋਇਆ। ਹੁਣ ਸਰਮਾਏਦਾਰਾ ਵਿਰੋਧਤਾਈਆਂ ਅਤੇ ਸੰਕਟ ਕਾਰਨ ਮਜ਼ਦੂਰ ਜਮਾਤ ਦੇ ਸੰਗੀਤਕਾਰ ਦੀਆਂ ਰਚਨਾਵਾਂ ਦੀ ਮੁੜ ਤੋਂ ਹੋਈ ਲੋਕਪ੍ਰਿਅਤਾ ਕਾਰਣ ਬੁਰਜੂਆ ਸੰਗੀਤ ਵਲੋਂ ਆਈਸਲਰ ਦਾ ਸੰਗੀਤ ਆਦਰਯੋਗ ਹੋ ਗਿਆ। ਬ੍ਰੈਖ਼ਤ ਦੇ ਬਾਈਕਾਟ ਦੇ ਖਾਤਮੇ ਨਾਲ ਹੀ ਆਈਸਲਰ ਦੇ ਸੰਗੀਤ ਨੂੰ ਵੀ ਬੁਰਜੂਆ ਥਿਏਟਰ ਅਤੇ ਬਹਿਸਾਂ ਚਰਚਾਵਾਂ ਦਾ ਹਿੱਸਾ ਬਣਾ ਲਿਆ ਗਿਆ। ਪਰ ਬੁਰਜੂਆ ਮਾਹਰ ਆਈਸਲਰ ਦੇ ਸੰਗੀਤ ਦੇ ਇਨਕਲਾਬੀ ਪੱਖ ਨੂੰ ਖਾਰਜ਼ ਕਰਦੇ ਹਨ। ਇਨ੍ਹਾਂ ਮਾਹਰਾਂ ਅਨੁਸਾਰ ਆਈਸਲਰ "ਦੀ ਦੁਵਿਧਾ ਸਿਰਫ਼ ਇਹੀ ਸੀ ਕਿ ਸਕੂਨਵਰਗ ਤੋਂ ਪ੍ਰਭਾਵਤ ਉਨ੍ਹਾਂ ਦੀਆਂ ਕੀਮਤੀ ਰਚਨਾਵਾਂ ਦੇ ਨਾਲ਼ ਹੀ ਉਨ੍ਹਾਂ ਨੇ ਖੁਦ ਨੂੰ ਇੱਕ ਕਮਿਊਨਿਸਟ ਕਾਰਕੁੰਨ ਵਜੋਂ ਰੁੱਝੇ ਰੱਖਣਾ ਸੀ।"

ਆਈਸਲਰ ਸੰਗਰਾਂਦੀ ਦੌਰ ਦੇ ਕਲਾਕਾਰ ਸਨ। ਉਹ ਉਦਾਰਵਾਦੀ ਬੁਰਜੂਆ[2] ਪਿਛੋਕੜ ਚੋਂ ਆਏ ਪਰ ਇਨਕਲਾਬੀ ਮਜ਼ਦੂਰ ਜਮਾਤ ਦੀ ਲਹਿਰ ਦੇ ਵਿਚਾਰਾਂ ਅਤੇ ਨਿਸ਼ਾਨਿਆਂ ਨੂੰ ਪ੍ਰਣਾਏ। ਉਨ੍ਹਾਂ ਨੇ ਬੁਰਜੂਆ ਸਮਾਜ ਵਿਚ ਕੰਮ ਕੀਤਾ ਪਰ ਇਸ ਦੇ ਪ੍ਰਬੰਧ ਤੇ ਵਿਚਾਰਧਾਰਾ ਅਤੇ ਇਸ ਦੀ ਕਲਾ ਦੇ ਰੁਝਾਨਾਂ ਦੀ ਵੀ ਵਿਰੋਧਤਾ ਕੀਤੀ। ਉਨ੍ਹਾਂ ਸਾਹਮਣੇ ਅਜਿਹਾ ਸੰਗੀਤ ਰਚਣ ਦਾ ਮੁਸ਼ਕਲ ਅਤੇ ਵਿਰੋਧਾਭਾਸੀ ਕਾਰਜ ਸੀ, ਜੋ ਸੁਹਜ ਮਾਣਕਾਂ ਨਾਲ ਸਮਝੌਤਾ ਕੀਤੇ ਬਗੈਰ ਮਜ਼ਦੂਰ ਜਮਾਤ ਵਲੋਂ ਜਜਬ ਕੀਤਾ ਜਾ ਸਕੇ ਅਤੇ ਲੁੱਟ ਅਤੇ ਫਾਸੀਵਾਦ ਦੇ ਖਤਰੇ ਦੇ ਖਿਲਾਫ਼ ਸੰਘਰਸ਼ ਵਿਚ ਵਰਤਿਆ ਜਾ ਸਕੇ।

ਆਈਸਲਰ ਦਾ ਪ੍ਰੋਲੇਤਾਰੀ ਲੜਾਕੂ ਸੰਗੀਤ ਮਾਰਕਸਵਾਦੀ-ਲੈਨਿਨਵਾਦੀ ਨਜ਼ਰੀਏ ਤੋਂ ਮਜ਼ਦੂਰ ਜਮਾਤ ਦੀਆਂ ਮੰਗਾਂ ਨੂੰ ਅਵਾਜ਼ ਦਿੰਦਾ ਸੀ। ਉਨ੍ਹਾਂ ਦੀਆਂ **ਸੋਲਜ਼ਰੀਤਸਲਿਦ** ਅਤੇ **ਇਬੀਟਸਫਰੰਟਲਿਡ** ਜਿਹੀਆਂ ਰਚਨਾਵਾਂ **ਇੰਟਰਨੈਸ਼ਨਲ**[3] ਜਿਹੇ ਗੀਤਾਂ ਦੇ ਬਰਾਬਰ ਖੜ੍ਹਦੀਆਂ ਹਨ।

ਆਪਣੇ ਸੰਗੀਤਕ ਪਰਦਰਸ਼ਨਾ ਵਿਚ ਉਹ ਸਿਰਫ਼ ਨਿਰਖ (Observation) ਨਾਲ ਹੀ ਸੰਤੁਸ਼ਟ ਨਹੀਂ ਹੁੰਦੇ ਸਨ ਸਗੋਂ ਮੁਜ਼ਾਹਰਾਕਾਰੀਆਂ ਨਾਲ ਘੁਲ਼ ਮਿਲ਼ ਜਾਂਦੇ ਸਨ ਅਤੇ ਉਨ੍ਹਾਂ ਨਾਲ ਆਪਣੇ ਗੀਤ ਗਾਂਉਦੇ ਸਨ। ਬ੍ਰੈਖ਼ਤ ਅਨੁਸਾਰ "ਉਨ੍ਹਾਂ ਦੀ ਰਚਨਾ ਵਿਚ ਸ਼ਾਮਲ ਹੋ ਕੇ ਤੁਸੀਂ ਖ਼ੁਦ ਨੂੰ ਸਿਰਜੇ ਜਾ ਰਹੀ ਇੱਕ ਨਵੀਂ ਦੁਨੀਆਂ ਦੇ ਮਕਸਦ ਅਤੇ ਦ੍ਰਿਸ਼ਟੀਕੋਣ ਨੂੰ ਸਮਰਪਿਤ ਹੋ ਜਾਂਦੇ ਹੋ।" ਆਈਸਲਰ ਦੁਆਰਾ ਰਚੇ ਗਏ ਸੰਗੀਤ ਦਾ ਘੇਰਾ ਵਿਆਪਕ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚ ਬਾਲ ਗੀਤਾਂ ਤੋਂ ਲੈ ਕੇ ਗੀਤ-ਚੱਕਰ, ਮਾਰਚਿੰਗ ਗੀਤਾਂ ਤੋਂ ਲੈ ਕੇ ਸਿੰਫੋਨਿਕ ਰਚਨਾਵਾਂ ਤੱਕ ਸ਼ਾਮਲ ਹਨ। ਉਨ੍ਹਾਂ ਦੇ ਸੰਗੀਤ ਦੀ ਲੋਕਪ੍ਰਿਅਤਾ ਸਾਰੀਆਂ ਸਰਹੱਦਾਂ ਨੂੰ ਪਾਰ ਕਰ ਜਾਂਦੀ ਹੈ। ਉਨ੍ਹਾਂ ਦੇ ਗੀਤ ਸੋਵੀਅਤ ਯੂਨੀਅਨ ਵਿਚ ਮਜ਼ਦੂਰਾਂ ਦੇ ਮਹਾਨ ਕਾਰਜਾਂ ਲਈ ਉਤੇਜਨਾ ਸਨ। ਪੈਰਿਸ ਅਤੇ ਡਿਟਰੋ ਅਤੇ ਇਸ ਨੇ ਨਾਲ ਹੀ ਚੀਨ ਦੀ ਅੱਠਵੇਂ ਰੂਟ ਦੀ ਫੌਜ਼ ਵੀ ਉਨ੍ਹਾਂ ਦਾ ਗਾਇਨ ਕਰਦੀ ਸੀ। ਸਪੇਨ ਦੀ ਘਰੇਲੂ ਜੰਗ ਦੌਰਾਨ ਆਈਸਲਰ ਦੇ ਗੀਤ ਹੌਂਸਲਾ ਅਤੇ ਜੁਰਅਤ ਪੈਦਾ ਕਰਦੇ ਸਨ।

ਆਈਸਲਰ ਇੱਕ ਵਿਲੱਖਣ ਸਿਧਾਂਤਕਾਰ ਅਤੇ ਮਾਹਰ ਲੇਖਕ (ਕਰਤਾ) ਸਨ। ਆਪਣੀ ਲਿਖਤਾਂ ਰਾਹੀਂ ਉਨ੍ਹਾਂ ਸੰਗੀਤ ਦੇ ਜਮਾਤੀ ਪੱਖ ਨੂੰ ਜਾਹਰ ਕੀਤਾ। 1947 ਵਿਚ ਥਿਓਡੋਰ ਅਡਾਰਨੋ ਨਾਲ਼ ਮਿਲ਼ਕੇ ਲਿਖੀ ਉਨ੍ਹਾਂ ਦੀ ਕਿਤਾਬ **ਕੰਪੋਜ਼ਿੰਗ ਫਾਰ ਫ਼ਿਲਮਜ਼** ਫ਼ਿਲਮ ਸੰਗੀਤ ਦੀ ਇੱਕ ਸ਼ਾਹਕਾਰ ਰਚਨਾ ਮੰਨੀ ਜਾਂਦੀ ਹੈ। ਉਨ੍ਹਾਂ ਦੀਆਂ ਚੋਣਵੀਆਂ ਰਚਨਾਵਾਂ ਨੂੰ **ਏ ਰੈਬਲ ਇਨ ਮਿਊਜ਼ਿਕ** ਦੇ ਨਾਂ ਹੇਠ ਛਾਪਿਆ ਗਿਆ ਹੈ।

ਆਈਸਲਰ ਦੇ ਸੱਭਿਆਚਾਰਕ, ਰਾਜਨੀਤਕ ਅਤੇ ਸੁਹਜ ਸ਼ਾਸਤਰੀ ਵਿਚਾਰਾਂ ਦੀ ਵਿਸ਼ੇਸ਼ ਮਹੱਤਤਾ ਹੈ ਕਿਉਂਕਿ ਉਹ ਇੱਕ ਮੰਝੇ ਹੋਏ ਅਤੇ ਅਲੋਚਕ ਸੰਗੀਤਕਾਰ ਦੇ ਵਿਚਾਰ ਹਨ। ਆਈਸਲਰ ਅਨੁਸਾਰ, "ਕਲਾ ਅਤੇ ਸੰਗੀਤ ਆਮ ਤੌਰ ਤੇ ਜਮਾਤੀ ਸੰਘਰਸ਼ ਵਿਚ ਇੱਕ ਅਧਿਆਪਕ ਹਨ।"

ਦਮਿਤਰੀ ਸ਼ਾਸ਼ਤਾਕੋਵਿਚ ਅਨੁਸਾਰ "ਉਹ ਸਾਡੇ ਸਾਰਿਆਂ ਲਈ ਇੱਕ ਵਿਲੱਖਣ ਸੰਗੀਤਕਾਰ ਦੀ ਉਦਾਹਰਣ ਰਹਿਣਗੇ, ਜੋ ਸਦਾ ਹੀ ਮੂਹਰਲੀਆਂ ਸਫਾਂ ਵਿਚ ਪਾਏ ਜਾਂਦੇ ਸਨ ਅਤੇ ਜਿਨ੍ਹਾਂ ਨੇ ਆਪਣੀਆਂ ਸਿਰਜਣਾਤਮਕ ਸ਼ਕਤੀਆਂ ਨੂੰ ਸਰਗਰਮ ਰੂਪ ਵਿਚ ਤਰੱਕੀ ਤੇ ਸਾਂਤੀ ਅਤੇ ਇੱਕ ਨਵੇਂ ਅਤੇ ਹੱਕੀ ਸਮਾਜ ਅਤੇ ਇੱਕ ਵਧੀਆ ਭਵਿੱਖ ਲਈ ਸੰਘਰਸ਼ ਲਈ ਵਰਤਿਆ। ਇਨਕਲਾਬੀ ਸ਼ਰਧਾਂਜਲੀਆਂ ਦੇ ਬਲ਼ਦੇ ਸ਼ਬਦਾਂ ਨਾਲ਼ ਮਿਲ਼ਕੇ, ਉਨ੍ਹਾਂ ਦਾ ਸੰਗੀਤ ਜੀਵਨ ਵਿਚ ਆਪਣਾ ਰਾਹ ਬਣਾ ਲੈਂਦਾ ਸੀ। ਉਨ੍ਹਾਂ ਦੇ ਗੀਤ ਪ੍ਰੋਲੇਤਾਰੀ ਦਾ ਪਰਖਿਆ ਹੋਇਆ ਹਥਿਆਰ ਸਨ।"

ਆਈਸਲਰ ਅਨੁਸਾਰ ਇੱਕ ਇਨਕਲਾਬੀ ਸੰਗੀਤਕਾਰ ਦੇ ਤਿੰਨ ਕਾਰਜ ਹੁੰਦੇ ਹਨ - ਪਹਿਲਾ ਹੜਤਾਲੀ ਅਤੇ ਪ੍ਰਚਾਰਕ, ਦੂਜਾ ਆਰਕੈਸਟਰਾ ਤੇ ਫ਼ਿਲਮ ਸੰਗੀਤ ਵਿਚ ਤਕਨੀਕੀ ਪ੍ਰਯੋਗ ਅਤੇ ਤੀਜਾ ਮਜ਼ਦੂਰ ਜਮਾਤ ਦੀ ਸੰਗੀਤਕ ਸਿੱਖਿਆ ਲਈ ਲੋੜੀਂਦੇ ਨਵੇਂ ਤਰੀਕੇ ਲੱਭਣਾ। ਆਈਸਲਰ ਨੇ ਖ਼ੁਦ ਨੂੰ ਇਨ੍ਹਾਂ ਤਿੰਨਾਂ ਹੀ ਕਾਰਜਾਂ ਲਈ ਸਮਰਪਿਤ ਕੀਤਾ। ਇਹੀ ਵਜ੍ਹਾ ਹੈ ਕਿ ਹਾਂਸ ਆਈਸਲਰ ਦਾ ਸੰਗੀਤ ਅਤੇ ਲਿਖਤਾਂ ਉਨ੍ਹਾਂ ਕਲਾਕਾਰਾਂ ਲਈ ਉਹ ਪੈੜਾਂ ਹਨ ਜਿਨ੍ਹਾਂ ਤੇ ਅੱਗੇ ਵਧ ਕੇ ਉਨ੍ਹਾਂ ਨੇ ਪ੍ਰੋਲੇਤਾਰੀ ਸੰਗੀਤ ਦੀ ਸਿਰਜਣਾ ਕਰਨੀ ਹੈ। •

ਨੋਟਸ

1. ਮਜ਼ਦੂਰ ਜਮਾਤ।
2. ਸਰਮਾਏਦਾਰ
3. ਮਜ਼ਦੂਰਾਂ ਦਾ ਕੌਮਾਂਤਰੀ ਗੀਤ



ਮਜ਼ਦੂਰ ਜਮਾਤ ਦੇ ਮਹਾਨ ਸੰਗੀਤਕਾਰ – ਹਾਂਸ ਆਈਸਲਰ

• ਕੁਲਵਿੰਦਰ

ਹਾਂਸ ਆਈਸਲਰ ਨੂੰ 'ਸੰਗੀਤ ਦੇ ਕਾਰਲ ਮਾਰਕਸ' ਹੋਣ ਦਾ ਦਰਜਾ ਹਾਊਸ ਕਮੇਟੀ ਆਨ ਅਨ-ਅਮੇਰੀਕਨ ਐਕਟਿਵਟੀਜ਼ ਨੇ ਦਿੱਤਾ ਸੀ। ਕਮੇਟੀ ਵਲੋਂ ਉਸ ਨੂੰ ਹਾਲੀਵੁੱਡ ਵਿਚਲਾ ਸੋਵੀਅਤ ਏਜੰਟ ਗਰਦਾਨਿਆ ਗਿਆ। ਅਖੀਰ ਅਮਰੀਕੀ ਹਾਕਮਾਂ ਦਾ ਡਰਾਮਾ ਖਤਮ ਹੋਇਆ ਅਤੇ 28 ਮਾਰਚ, 1948 ਨੂੰ ਹਾਂਸ ਆਈਸਲਰ ਨੂੰ ਅਮਰੀਕਾ ਛੱਡਣਾ ਪਿਆ। ਸੌਂਤ ਸਾਲ ਪਹਿਲਾਂ ਆਈਸਲਰ ਨੂੰ ਨਾਜ਼ੀ ਪਾਰਟੀ ਦੇ ਸੱਤਾ ਵਿਚ ਆਉਣ ਕਾਰਣ ਆਪਣਾ ਦੇਸ਼ ਜਰਮਨੀ ਛੱਡਣਾ ਪਿਆ ਸੀ।

ਹਾਂਸ ਆਈਸਲਰ ਦਾ ਜਨਮ 6 ਜੁਲਾਈ, 1898 ਨੂੰ ਆਸਟਰੀਆ ਵਿਚ ਹੋਇਆ। ਪਹਿਲੀ ਸੰਸਾਰ ਜੰਗ ਵਿਚ ਹਿੱਸਾ ਲੈਣ ਤੋਂ ਬਾਅਦ ਵਿਆਨਾ ਵਿਖੇ ਆਈਸਲਰ ਨੇ ਪ੍ਰਸਿੱਧ ਸੰਗੀਤਕਾਰ ਆਰਨੋਲਡ ਸਕੂਨਵਰਗ ਤੋਂ ਸੰਗੀਤ ਦੀ ਸਿੱਖਿਆ ਹਾਸਲ ਕੀਤੀ। ਉਹ ਆਰਨੋਲਡ ਦੇ ਪਹਿਲੇ ਸ਼ਿਸ਼ ਸਨ ਜਿਨ੍ਹਾਂ ਨੇ ਬਾਰਾਂ ਸੁਰੀ ਜਾਂ ਲੜੀਵਾਰ ਸੰਗੀਤ ਦੀ ਰਚਨਾ ਕੀਤੀ। 1925 ਵਿਚ ਉਹ ਬਰਲਿਨ ਚਲੇ ਗਏ, ਜੋ ਉਸ ਵੇਲੇ ਕਲਾ, ਸੰਗੀਤ ਅਤੇ ਰਾਜਨੀਤੀ ਦਾ ਗੜ੍ਹ ਸੀ।

ਜਦ ਆਈਸਲਰ ਨੂੰ ਇਹ ਸਮਝ ਆਈ ਕਿ ਰਾਜਨੀਤੀ ਖ਼ੁਦ ਨੂੰ ਸੰਗੀਤ ਨਾਲ ਜੋੜਦੀ ਹੈ ਤਾਂ ਇਹ ਤਰਕਸੰਗਤ ਸੀ ਕਿ ਇੱਕ ਸੰਗੀਤਕਾਰ ਵਜੋਂ, ਉਹ ਖ਼ੁਦ ਰਾਜਨੀਤੀ ਨਾਲ ਜੁੜਦੇ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਸੰਗੀਤ ਨੂੰ ਇੱਕ ਜਿਣਸ ਬਣਾ ਕੇ ਲੋਕਾਂ ਤੋਂ ਦੂਰ ਕਰਕੇ ਮਨੁੱਖ ਅਤੇ ਕਲਾ ਦੋਵਾਂ ਦਾ ਨੁਕਸਾਨ ਕਰਨ ਵਾਲੇ ਪ੍ਰਬੰਧ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਆਈਸਲਰ ਅਨੁਸਾਰ, "ਸਾਡੇ ਕੋਲ ਕੋਈ ਦੂਜਾ ਮੌਕਾ ਨਹੀਂ ਸੀ। ਅਸੀਂ ਸਿਰਫ਼ ਬੁਰਜੂਆ ਜਮਾਤ ਕੋਲ ਅਤੇ ਜਾਂ ਸਾਡੀ ਪਰਵਰਿਸ਼ ਕਰਨ ਵਾਲੀ ਮਜ਼ਦੂਰ ਜਮਾਤ ਕੋਲ ਜਾ ਸਕਦੇ ਸਾਂ।" ਆਈਸਲਰ ਮਾਰਕਸਵਾਦੀ ਵਿਚਾਰਧਾਰਾ ਤੋਂ ਪ੍ਰਭਾਵਤ ਹੋਏ। ਉਹ ਜਰਮਨੀ ਦੀ ਕਮਿਊਨਿਸਟ ਪਾਰਟੀ ਦੇ ਮੈਂਬਰ ਬਣ ਗਏ ਅਤੇ ਮਾਰਕਸਵਾਦੀ ਮਜ਼ਦੂਰ ਸਕੂਲ ਵਿਚ ਪੜ੍ਹਾਉਣ ਲੱਗੇ। ਆਪਣੇ ਗੁਰੂ ਸਕੂਨਵਰਗ ਤੋਂ ਬਗਾਵਤ ਕਰਕੇ ਉਨ੍ਹਾਂ ਨੇ ਜਾਜ਼ ਅਤੇ ਕਾਬਰਟ ਸੰਗੀਤ ਤੋਂ ਪ੍ਰਭਾਵਤ ਲੋਕਪ੍ਰਿਅ ਸੰਗੀਤ ਸ਼ੈਲੀ ਨੂੰ ਵਿਕਸਤ ਕੀਤਾ। 1929 ਵਿਚ **ਜੀਟੁੰਗਸਾਊਸ਼ਚਿੰਟੀ** ਨਾਂ ਦੇ ਖਬਰੀ ਸੰਗੀਤ ਈ ਰਚਨਾ ਕੀਤੀ। ਅਖ਼ਬਾਰੀ ਖ਼ਬਰ ਸ਼ੈਲੀ ਤੇ ਅਧਾਰ ਇਹ ਰਚਨਾ ਪਹਿਲੀ ਸੰਸਾਰ ਜੰਗ ਤੋਂ ਬਾਅਦ ਜਰਮਨੀ ਦੇ ਆਮ ਲੋਕਾਂ ਦੀਆਂ ਤੰਗੀਆਂ ਤਰੁਸ਼ੀਆਂ ਨਾਲ ਸੰਬੰਧਤ ਹੈ।

ਇਸੇ ਦੌਰਾਨ ਉਨ੍ਹਾਂ ਦੀ ਦੋਸਤੀ ਪ੍ਰਸਿਧ ਨਾਟਕਕਾਰ ਬ੍ਰੇਖ਼ਤ ਨਾਲ ਹੋਈ ਜੋ ਸਾਰੀ ਉਮਰ ਜਾਰੀ ਰਹੀ। ਇਸ ਦੌਰ ਵਿਚ ਉਨ੍ਹਾਂ ਨੇ ਬ੍ਰੇਖ਼ਤ ਦੇ **ਦੀ ਡਸੀਜਨ** (1930), **ਦੀ ਮਦਰ** (1932), **ਸ਼ੈਵਿਕ ਇਨ ਦੀ ਸੈਕਿੰਡ ਵਰਲਡ ਵਾਰ** (1957) ਆਦਿ ਨਾਟਕਾਂ ਲਈ ਸੰਗੀਤ ਦੀ ਰਚਨਾ ਕੀਤੀ।

ਉਹ 1930ਵਿਆਂ ਵਿਚ ਜਰਮਨੀ ਦੀ ਰਾਜਨੀਤਕ ਉਥਲ ਪੁਥਲ ਵੇਲੇ ਹੋਏ ਵਿਰੋਧ ਸੰਗੀਤ ਰਚਨਾ ਵਿਚ ਸ਼ਾਮਲ ਹੋਏ ਅਤੇ ਉਨ੍ਹਾਂ ਦਾ **ਸਾਲੀਡੈਰਟੀ ਸਾਂਗ** ਸਮੁੱਚੇ ਯੂਰੋਪ ਵਿਚ ਜਨਤਕ ਵਿਰੋਧ ਦਾ ਖਾੜਕੂ ਗੀਤ ਬਣ ਗਿਆ। ਬ੍ਰੇਖ਼ਤ ਨਾਲ਼ ਮਿਲ਼ਕੇ ਉਨ੍ਹਾਂ ਨੇ ਅਜਿਹੇ ਗੀਤਾਂ ਦੀ ਰਚਨਾ ਕੀਤੀ ਜੋ ਜ਼ਿੰਦਗੀ ਨੂੰ ਹੇਠਾਂ ਤੋਂ ਦੇਖਦੇ ਸਨ। ਨਿਰਦੇਸ਼ਕ ਸਲਾਤਨ ਡੂਡੋ ਨਾਲ਼ ਮਿਲ਼ਕੇ ਬ੍ਰੇਖ਼ਤ-ਆਈਸਲਰ ਜੋੜੀ ਨੇ **ਕੂਹਲੀ ਵੈਮਪ** ਫ਼ਿਲਮ ਬਣਾਈ, ਬਾਅਦ ਵਿਚ ਇਸ ਤੇ ਪਾਬੰਦੀ ਲਗਾ ਦਿੱਤੀ ਗਈ।

ਪਰਾਗ, ਹਾਲੈਂਡ, ਵਿਆਨਾ, ਪੈਰਿਸ, ਲੰਡਨ ਅਤੇ ਹੋਰਨਾਂ ਸ਼ਹਿਰਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਆਈਸਲਰ ਦੇ ਸੰਗੀਤ ਨੂੰ ਸੁਣਨ ਲਈ ਇਕੱਠੇ ਹੁੰਦੇ। ਉਨ੍ਹਾਂ ਦਾ ਸੰਗੀਤ ਉਨ੍ਹਾਂ ਦੇ ਜੀਵਨ ਦੇ ਯਥਾਰਥ ਨੂੰ ਪੇਸ਼ ਕਰਦਾ, ਉਨ੍ਹਾਂ ਨੂੰ ਹੌਸਲਾ ਦਿੰਦਾ ਅਤੇ ਅਗਲੇ ਸੰਘਰਸ਼ ਲਈ ਉਤਸ਼ਾਹ ਦਿੰਦਾ ਸੀ। ਇਸ ਲਈ ਇਹ ਕੁਦਰਤੀ ਸੀ ਕਿ ਜਦ ਜਰਮਨੀ ਵਿਚ ਹਿਟਲਰ ਦੀ ਅਗਵਾਈ ਵਿਚ ਨਾਜ਼ੀਵਾਦੀ ਸੱਤਾ ਵਿਚ ਆਏ ਤਾਂ ਆਈਸਲਰ ਦੇ ਸੰਗੀਤ ਨੂੰ ਬਰਬਾਦ ਕੀਤਾ ਗਿਆ। ਉਨ੍ਹਾਂ ਦੇ ਸੰਗੀਤ ਦੇ ਰਿਕਾਰਡਾਂ ਨੂੰ ਤੋੜਿਆ ਗਿਆ।

1933 ਵਿਚ ਨਾਜ਼ੀਆਂ ਵਲੋਂ ਜਰਮਨੀ ਵਿਚ ਬ੍ਰੇਖ਼ਤ-ਆਈਸਲਰ ਦੀਆਂ ਰਚਨਾਵਾਂ ਤੇ ਪਾਬੰਦੀ ਲਗਾਉਣ 'ਤੇ ਇਹ ਦੋਵੇਂ ਕਲਾਕਾਰ ਮਾਸਕੋ ਹੁੰਦੇ ਹੋਏ ਅਮਰੀਕਾ ਪਹੁੰਚ ਗਏ। ਨਿਊਯਾਰਕ ਵਿਚ ਆਈਸਲਰ ਨਿਊ ਸਕੂਲ ਵਿਖੇ ਪੜ੍ਹਾਉਣ ਲੱਗੇ। ਇਥੇ ਹੀ ਉਨ੍ਹਾਂ ਨੇ ਆਪਣੀਆਂ ਦੋ ਰਚਨਾਵਾਂ **ਅਕਸਪੈਰੀਮੈਂਟਲ ਚੈਂਬਰ** ਅਤੇ **ਡਾਕੂਮੈਂਟਰੀ ਸੰਗੀਤ** ਦੀ ਰਚਨਾ ਕੀਤੀ। ਬਾਅਦ ਵਿਚ ਉਹ ਲਾਸ ਏਂਜਲਸ ਚਲੇ ਗਏ ਅਤੇ ਅਨੇਕਾਂ ਹਾਲੀਵੁੱਡ ਫ਼ਿਲਮਾਂ ਲਈ ਸੰਗੀਤ ਦੀ ਰਚਨਾ ਕੀਤੀ। ਇਨ੍ਹਾਂ ਵਿਚੋਂ ਕੁਝ ਤਾਂ ਆਸਕਰ ਇਨਾਮ ਲਈ ਵੀ ਨਾਮਜ਼ਦ ਹੋਈਆਂ।

ਹਾਲੀਵੁੱਡ ਵਿਚ ਆਈਸਲਰ ਦੀ ਸਫ਼ਲਤਾ ਅਮਰੀਕੀ ਹਾਕਮਾਂ ਲਈ ਇੱਕ ਚੁਣੌਤੀ ਬਣ ਗਈ। ਇਸ ਦੇ ਨਤੀਜੇ ਵਜੋਂ ਉਨ੍ਹਾਂ ਨੇ ਸਟੂਡੀਓ ਮਾਲਕਾਂ ਕੋਲੋਂ ਆਈਸਲਰ ਦੇ ਨਾਂ ਨੂੰ ਹਾਲੀਵੁੱਡ ਦੀ ਬਦਨਾਮ ਕਾਲੀ ਸੂਚੀ ਵਿਚ ਦਰਜ ਕਰਵਾਇਆ ਗਿਆ, ਇਸ ਸੂਚੀ ਵਿਚ ਦਰਜ ਕਲਾਕਾਰਾਂ ਨੂੰ ਕੰਮ ਦੇਣ ਦੀ ਮਨਾਹੀ ਸੀ। **ਹਾਊਸ ਕਮੇਟੀ ਆਨ ਅਨ-ਅਮੇਰੀਕਨ ਐਕਟਿਵਟੀਜ਼** ਵਲੋਂ ਆਈਸਲਰ 'ਤੇ ਮੁਕੱਦਮਾ ਚਲਾਇਆ ਗਿਆ। ਇਹ ਵੱਖਰੀ ਗੱਲ ਹੈ ਕਿ **ਅਮੇਰਿਕਨ ਕਮੇਟੀ ਫਾਰ ਜਸਟਿਸ ਫਾਰ ਹਾਂਸ ਆਈਸਲਰ** ਦੀ ਸੰਸਾਰ ਵਿਆਪੀ ਮੁਹਿਮ ਦੇ ਦਬਾਅ ਸਦਕਾ ਮਕਦੱਮੇ ਦੀ ਕਾਰਵਾਈ ਨੂੰ ਅੱਧ-ਵਿਚਕਾਰ ਹੀ ਰੋਕਣਾ ਪਿਆ।

1948 ਵਿਚ ਅਮਰੀਕਾ ਤੋਂ ਆਈਸਲਰ ਪੂਰਬੀ ਜਰਮਨੀ ਚਲੇ ਗਏ। ਉਨ੍ਹਾਂ ਦੇ ਪੂਰਬੀ ਜਰਮਨੀ ਦੇ ਕੌਮੀ ਗੀਤ ਲਈ ਸੰਗੀਤ ਦੀ ਰਚਨਾ ਕੀਤੀ। ਪ੍ਰੋਲੋਤਾਰੀ ਸੰਗੀਤ ਦੀ ਵਿਰਾਸਤ ਦੇ ਵਾਰਸ ਤਿਆਰ ਕਰਨ ਲਈ ਉਨ੍ਹਾਂ ਨੇ ਅਣਗਿਣਤ ਲੋਕਾਂ ਨੂੰ ਸੰਗੀਤ ਦੀ ਸਿੱਖਿਆ ਦਿੱਤੀ। ਬਾਅਦ ਵਿਚ ਆਈਸਲਰ ਇੱਕ ਵਾਰ ਫਿਰ ਤੋਂ ਬਾਰਾਂ ਸੁਰੀ ਪੱਧਤੀ ਵਲ ਵਾਪਸ ਪਰਤੇ। ਉਨ੍ਹਾਂ ਦੀ ਰਚਨਾ **ਫੋਰਟੀਨ ਵੇਅਜ਼ ਆਫ ਡਿਸਕਰਾਈਬਿੰਗ ਦੀ ਰੇਨ** – ਬਾਕੀ ਸਫ਼ਾ 32 'ਤੇ



ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦ 'ਚ 25 ਮਾਰਚ 2012 ਨੂੰ
ਟੈਕਸਟਾਈਲ ਮਜ਼ਦੂਰ ਯੂਨੀਅਨ ਅਤੇ ਕਾਰਖਾਨਾ ਮਜ਼ਦੂਰ ਯੂਨੀਅਨ
ਦੁਆਰਾ ਲੁਧਿਆਣੇ ਦੇ ਪੁਡਾ ਮੈਦਾਨ ਵਿੱਚ ਕੀਤੀ ਗਈ ਸ਼ਹਾਦਤ ਦਿਵਸ ਕਾਨਫਰੰਸ ਦੀਆਂ ਝਲਕੀਆਂ







ਉੱਪਰ – ਮੁੰਸ਼ੀ ਪ੍ਰੇਮਚੰਦ ਦੀ ਕਹਾਣੀ ਈਦਗਾਹ 'ਤੇ ਅਧਾਰਤ ਨਾਟਕ 'ਤੇ ਪੇਸ਼ ਕਰਦੇ ਹੋਏ ਬੱਚੇ।
ਹੇਠਾਂ – ਟੈਕਸਟਾਈਲ ਮਜ਼ਦੂਰ ਯੂਨੀਅਨ ਦੇ ਸੰਚਾਲਕ ਰਾਜਵਿੰਦਰ ਆਏ ਸਰੋਤਿਆਂ ਨੂੰ ਸੰਬੋਧਨ ਕਰਦੇ ਹੋਏ।

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਅਤੇ ਸੰਪਾਦਕ ਲਖਵਿੰਦਰ ਸਿੰਘ ਦੁਆਰਾ ਸੈਂਟ ਪ੍ਰਿੰਟਰਜ਼, ਜੋਸ਼ੀ ਐਸਟੇਟ, ਨੇੜੇ ਟਾਂਡਾ ਰੇਲਵੇ ਕ੍ਰਾਸਿੰਗ, ਜਲੰਧਰ,
ਪੰਜਾਬ ਤੋਂ ਛਪਵਾ ਕੇ ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ,
ਜ਼ਿਲ੍ਹਾ – ਫਤਿਹਗੜ੍ਹ ਸਾਹਿਬ, ਪੰਜਾਬ, ਤੋਂ ਪ੍ਰਕਾਸ਼ਿਤ ਕੀਤਾ।